JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 168 | Friday, August 26, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹਸਪਤਾਲਾਂ ਵਿੱਚ ਦਾਖਲ ਸੀਨੀਅਰਜ਼ ਨੂੰ ਦੂਰ ਦਰਾਜ ਸਥਿਤ ਲਾਂਗ ਟਰਮ ਕੇਅਰ ਹੋਮਜ਼ ਭੇਜੇਗੀ ਫੋਰਡ ਸਰਕਾਰ!



ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਬੈੱਡ ਦੀ ਘਾਟ ਕਾਰਨ ਓਨਟਾਰੀਓ ਸਰਕਾਰ ਉੱਤਰੀ ਓਨਟਾਰੀਓ ਵਿੱਚ ਹਸਪਤਾਲਾਂ ਵਿੱਚ ਦਾਖਲ ਸੀਨੀਅਰਜ਼ ਨੂੰ 300 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਲਾਂਗ ਟਰਮ ਕੇਅਰ ਹੋਮਜ਼ ਵਿੱਚ ਭੇਜਣ ਉੱਤੇ ਵਿਚਾਰ ਕਰ ਰਹੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਉੱਤਰੀ ਰੀਜਨਜ਼ ਦੇ ਬਾਹਰ ਪ੍ਰਸਤਾਵਿਤ ਹੱਦ 100 ਕਿਲੋਮੀਟਰ ਹੈ ਤੇ ਸ਼ਹਿਰਾਂ ਵਿੱਚ 30 ਕਿਲੋਮੀਟਰ ਘੱਟ। ਦਬਾਅ ਪਾ ਕੇ ਪੁੱਛਣ ਉੱਤੇ ਫੋਰਡ ਸਰਕਾਰ ਨੇ ਆਖਿਆ ਕਿ ਅਜੇ ਇਹ ਟਰੈਵਲ ਗਾਈਡਲਾਈਨ ਨੰਬਰ ਤੈਅ ਨਹੀਂ ਕੀਤੇ ਗਏ ਹਨ ਪਰ ਅਜਿਹਾ ਹੋ ਸਕਦਾ ਹੈ। ਸਰਕਾਰ ਨੇ ਆਖਿਆ ਕਿ ਇਸ ਸਬੰਧ ਵਿੱਚ ਵਿਚਾਰ ਵਟਾਂਦਰਾ ਚੱਲ ਰਿਹਾ ਹੈ ਤੇ ਜਦੋਂ ਰਸਮੀ ਤੌਰ ਉੱਤੇ ਦੂਰੀ ਸਬੰਧੀ ਐਲਾਨ ਕੀਤਾ ਜਾਵੇਗਾ ਤਾਂ ਹੋ ਸਕਦਾ ਹੈ ਕਿ ਉੱਤਰ (ਦਿਸ਼ਾ) ਨੂੰ ਸ਼ਾਮਲ ਵੀ ਨਾ ਕੀਤਾ ਜਾਵੇ।

ਬੋਝ ਥੱਲੇ ਦੱਬੇ ਹੋਏ ਹੈਲਥਕੇਅਰ ਸਿਸਟਮ ਨੂੰ ਸਥਿਰ ਕਰਨ ਵਿੱਚ ਮਦਦ ਕਰਨ ਲਈ ਪਿਛਲੇ ਹਫਤੇ ਪ੍ਰੋਵਿੰਸ ਵੱਲੋਂ ਮਰੀਜ਼ਾਂ ਨੂੰ ਆਪਣੀਆਂ ਕਮਿਊਨਿਟੀਜ਼ ਤੋਂ ਬਾਹਰ ਸਥਿਤ ਲਾਂਗ ਟਰਮ ਕੇਅਰ ਬੈੱਡਜ਼ ਉੱਤੇ ਭੇਜਣ ਲਈ ਬਿੱਲ ਪੇਸ਼ ਕੀਤਾ ਗਿਆ। ਵੀਰਵਾਰ ਨੂੰ ਇਹ ਕਨਸੋਆਂ ਵੀ ਮਿਲੀਆਂ ਕਿ ਫੋਰਡ ਸਰਕਾਰ ਇਸ ਬਿੱਲ ਨੂੰ ਤੇਜ਼ੀ ਨਾਲ ਪਾਸ ਕਰਵਾਉਣ ਲਈ ਜਨਤਕ ਸੁਣਵਾਈ ਨੂੰ ਬਾਇਪਾਸ ਕਰਨ ਬਾਰੇ ਵੀ ਸੋਚ ਰਹੀ ਹੈ।

## ਮੈਨਿੰਗੋਕੋਕਲ ਬਿਮਾਰੀ ਦੀ ਆਊਟਬ੍ਰੇਕ ਕਾਰਨ ਇਕ ਵਿਅਕਤੀ ਦੀ ਹੋਈ ਮੌਤ, ਦੋ ਦੀ ਹਾਲਤ ਗੰਭੀਰ

ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਟੋਰਾਂਟੋ ਵਿੱਚ ਮੈਨਿੰਗੋਕੋਕਲ ਬਿਮਾਰੀ ਦੀ ਆਊਟਬ੍ਰੇਕ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਵਿਅਕਤੀ ਇਸ ਬੈਕਟੀਰੀਅਲ ਇਨਫੈਕਸ਼ਨ ਕਾਰਨ ਸੰਕ੍ਰਮਿਤ ਹੋ ਗਏ।

ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਵੀਰਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਇਨ੍ਹਾਂ ਤਿੰਨ ਵਿਅਕਤੀਆਂ, ਜਿਨ੍ਹਾਂ ਦੀ ਉਮਰ 20 ਤੋਂ 30 ਸਾਲ ਦਰਮਿਆਨ ਹੈ, ਨੂੰ ਇਸ ਦੇ ਲੱਛਣ 15 ਤੋਂ 17 ਜੁਲਾਈ ਦਰਮਿਆਨ ਮਹਿਸੂਸ ਹੋਣੇ ਸ਼ੁਰੂ ਹੋਏ। ਹੈਲਥ ਯੂਨਿਟ ਨੇ ਦੱਸਿਆ ਕਿ ਤਿੰਨਾਂ ਪ੍ਰਭਾਵਿਤ ਵਿਅਕਤੀਆਂ ਦਾ ਜਨਮ ਕੈਨੇਡਾ ਤੋਂ ਬਾਹਰ ਹੋਇਆ ਸੀ ਤੇ ਅਜਿਹੇ ਦੇਸ਼ਾਂ ਵਿੱਚ ਹੋਇਆ ਸੀ ਜਿਹੜੇ ਇਸ ਬਿਮਾਰੀ ਲਈ ਬਚਪਨ ਵਿੱਚ ਟੀਕਾਕਰਣ ਮੁਹੱਈਆ ਨਹੀਂ ਕਰਵਾਉਂਦੇ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਤਿੰਨੇ



ਵਿਅਕਤੀ ਕਿੱਥੇ ਪੈਦਾ ਹੋਏ ਸਨ।

ਰਲੀਜ਼ ਵਿੱਚ ਆਖਿਆ ਗਿਆ ਕਿ ਟੀਪੀਐਚ ਨੂੰ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਲਿੰਕ ਨਹੀਂ ਮਿਲ ਰਿਹਾ। ਪਰ ਤਿੰਨੇ ਵਿਅਕਤੀ ਰੇਅਰ ਕਿਸਮ ਦੇ ਸੈਰੋਗਰੁੱਪ ਸੀ ਮੈਨਿੰਗੋਕੋਕਲ ਸਟਰੇਨ ਤੋਂ ਪ੍ਰਭਾਵਿਤ ਹੋਏ ਹਨ। ਬੇਹੱਦ ਖਤਰਨਾਕ ਮੈਨਿੰਗੋਕੋਕਲ ਸੰਕ੍ਰਮਣ ਨੇਸੇਰੀਆ ਮੈਨਿਨਜਾਈਟੀਡਿਸ ਬੈਕਟੀਰੀਆ ਨਾਲ ਸਬੰਧਤ ਹੈ, ਜਿਸ ਕਾਰਨ ਇਨਫੈਕਸ਼ਨ ਦਿਮਾਗ ਦੀ ਲਾਈਨਿੰਗ, ਰੀੜ੍ਹ ਦੀ ਹੱਡੀ ਤੇ ਬਲੱਡਸਟਰੀਮ ਵਿੱਚ ਫੈਲ ਜਾਂਦਾ ਹੈ। ਟੀਪੀਐਚ ਨੇ ਇਹ ਵੀ ਆਖਿਆ ਕਿ ਇਹ ਬੈਕਟੀਰੀਆ ਸਾਹ ਦੇ ਨਾਲ ਤੇ ਸਲਾਇਵਾ ਜਾਂ ਥੁੱਕ ਆਦਿ ਨਾਲ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਪਹੁੰਚਦਾ ਹੈ। ਆਮ ਤੌਰ ਉੱਤੇ ਇਹ ਬੈਕਟੀਰੀਆ ਕਾਫੀ ਨੇੜਤਾ ਹੋਣ ਤੇ ਲੰਮੇਂ ਸਮੇਂ ਤੱਕ ਇੱਕ ਦੂਜੇ ਦੇ ਸੰਪਰਕ ਵਿੱਚ ਰਹਿਣ ਕਾਰਨ ਫੈਲਦਾ ਹੈ। ਖਾਸ ਤੌਰ ਉੱਤੇ ਇਹ ਇੱਕ ਦੂਜੇ ਨੂੰ ਚੁੰਮਣ, ਖੰਘ ਤੇ ਸਾਂਝੇ ਭਾਂਡੇ, ਕੱਪ, ਸਿਗਰਟ ਤੇ ਮਿਊਜ਼ੀਕਲ ਇੰਸਟਰੂਮੈਂਟਸ ਦੀ ਵਰਤੋਂ ਕਰਨ ਨਾਲ ਵੀ ਫੈਲਦਾ ਹੈ। ਇਸ ਦੇ ਆਮ ਲੱਛਣ ਬੁਖਾਰ, ਦਰਦ, ਜੋੜਾਂ ਦਾ ਦਰਦ, ਸਿਰ ਦਰਦ, ਧੌਣ ਆਕੜਨਾ ਤੇ ਫੋਟੋਫੋਬੀਆ ਹਨ।

ਇਹ ਬਿਮਾਰੀ ਤੇਜ਼ੀ ਨਾਲ ਫੈਲਦੀ ਹੈ ਤੇ ਇਸ ਦੇ ਗੰਭੀਰ ਰੂਪ ਅਖ਼ਤਿਆਰ ਕਰਨ ਕਾਰਨ ਬਲੱਡ ਪ੍ਰੈਸ਼ਰ ਘੱਟ ਜਾਂਦਾ ਹੈ, ਦੌਰੇ ਪੈ ਸਕਦੇ ਹਨ, ਸੁਣਨ ਸ਼ਕਤੀ ਗੁਆਚ ਜਾਂਦੀ ਹੈ, ਦਿਮਾਗ ਨੂੰ ਨੁਕਸਾਨ ਪਹੁੰਚਦਾ ਹੈ, ਕੋਈ ਅੰਗ ਕੱਟਣਾ ਪੈ ਸਕਦਾ ਹੈ ਤੇ ਜਾਂ ਫਿਰ ਮੌਤ ਵੀ ਹੋ ਸਕਦੀ ਹੈ।

## ਸਿਨ ਕਾਰਡ ਤੇ ਪਾਸਪੋਰਟ ਹਾਸਲ ਕਰਨ ਲਈ ਜੀਟੀਏ ਵਿੱਚ ਲੱਗ ਰਹੀਆਂ ਹਨ ਲੰਬੀਆਂ ਲਾਈਨਾਂ



ਟੋਰਾਂਟੋ, 25 ਅਗਸਤ ( ਪੋਸਟ ਬਿਊਰੋ) : ਤਿੰਨ ਦਿਨ ਪਹਿਲਾਂ ਹੀ ਹਰਮਨ ਸਿੰਘ ਕੈਨੇਡਾ ਆਇਆ ਹੈ, ਉਸ ਦੇ ਨਾਲ ਇੱਕ ਹੋਰ ਲੜਕਾ ਸੋਸ਼ਲ ਇੰਸ਼ੋਰੈਂਸ ਨੰਬਰ ਲੈਣ ਲਈ ਸਰਵਿਸ ਕੈਨੇਡਾ ਦੇ ਆਫਿਸ ਦੇ ਬਾਹਰ ਲਾਈਨ ਵਿੱਚ ਖੜ੍ਹੇ ਉਡੀਕ ਕਰਦੇ ਰਹੇ ਪਰ ਉਨ੍ਹਾਂ ਦਾ ਨੰਬਰ ਨਹੀਂ ਆਇਆ।

ਬਰੈਂਪਟਨ, ਓਨਟਾਰੀਓ ਵਿੱਚ ਸਰਵਿਸ ਕੈਨੇਡਾ ਦੇ ਬਾਹਰ ਖੜ੍ਹੇ ਇਸ ਇੰਟਰਨੈਸ਼ਨਲ ਸਟੂਡੈਂਟ ਨੇ ਆਖਿਆ ਕਿ ਉਹ ਇੱਕ ਦਿਨ ਪਹਿਲਾਂ ਵੀ ਸਵੇਰੇ 11:00 ਵਜੇ ਇੱਥੇ ਆਇਆ ਸੀ ਪਰ ਸਕਿਊਰਿਟੀ ਨੇ ਉਸ ਨੂੰ ਆਖਿਆ ਕਿ ਉਹ ਚਲਾ ਜਾਵੇ ਕਿਉਂਕਿ ਉਸ ਦੀ ਵਾਰੀ ਨਹੀਂ ਆਉਣ ਵਾਲੀ, ਇਸ ਲਈ ਅੱਜ ਇੱਕ ਵਾਰੀ ਫਿਰ ਉਹ ਤੜਕੇ 5:00 ਵਜੇ ਇੱਥੇ ਆਇਆ। ਉਸ ਦੀ ਕਹਾਣੀ ਕੋਈ ਵਿਲੱਖਣ ਨਹੀਂ ਹੈ। ਇਸ ਬਿਲਡਿੰਗ ਦੇ ਬਾਹਰ ਸੈਂਕੜੇ ਲੋਕ ਰੋਜ਼ਾਨਾਂ ਲਾਈਨਾਂ ਵਿੱਚ ਲੱਗੇ ਨਜ਼ਰ ਆਉਂਦੇ ਹਨ। ਦੁਪਹਿਰ ਤੱਕ ਕਈਆਂ ਨੂੰ ਘਰ ਮੁੜ ਜਾਣ ਲਈ ਆਖ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਵਾਰੀ ਆਉਣ ਦੀ ਕੋਈ ਉਮੀਦ ਨਹੀਂ ਹੁੰਦੀ। ਪਾਸਪੋਰਟਸ ਲਈ ਸਰਵਿਸ ਕੈਨੇਡਾ ਵਿੱਚ ਕਈ ਮਹੀਨਿਆਂ ਤੋਂ ਦੇਰ ਹੋ ਰਹੀ ਹੈ ਤੇ ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ-ਜੋ ਕਿ ਸਰਵਿਸ ਕੈਨੇਡਾ ਦੇ ਕੰਮਕਾਜ ਦੀ ਨਿਗਰਾਨੀ ਕਰਦਾ ਹੈ, ਅਜਿਹੀ ਸਥਿਤੀ ਨੂੰ ਸਵੀਕਾਰਨ ਲਈ ਤਿਆਰ ਹਨ। ਸਰਵਿਸ ਕੈਨੇਡਾ ਨੂੰ ਉਮੀਦ ਹੈ ਪਾਸਪੋਰਟ ਬੈਕਲਾਗ ਗਰਮੀਆਂ ਦੇ ਅੰਤ ਤੱਕ ਘੱਟ ਜਾਵੇਗਾ। ਸਤੰਬਰ ਵਿੱਚ ਨਵਾਂ ਸਮੈਸਟਰ ਸ਼ੁਰੂ ਹੋਣ ਕਾਰਨ ਕਈ ਇੰਟਰਨੈਸ਼ਨਲ ਵਿਦਿਆਰਥੀਆਂ ਕੈਨੇਡਾ ਪਹੁੰਚ ਰਹੇ ਹਨ। ਸਰਵਿਸ ਕੈਨੇਡਾ ਵੱਲੋਂ ਵਾਰੀ ਵਾਰੀ ਸਾਰਿਆਂ ਨੂੰ ਆਨਲਾਈਨ ਆਪਣੇ ਅਜਿਹੇ ਦਸਤਾਵੇਜ਼ ਹਾਸਲ ਕਰਨ ਦੀ ਅਪੀਲ ਕੀਤੀ ਜਾਂਦੀ ਹੈ ਪਰ ਫਿਰ ਵੀ ਵਿਦਿਆਰਥੀ ਨਿਜੀ ਤੌਰ ਉੱਤੇ ਲਾਈਨਾਂ ਵਿੱਚ ਲੱਗ ਕੇ ਇਹ ਦਸਤਾਵੇਜ਼ ਹਾਸਲ ਕਰਨ ਵਿੱਚ ਹੀ ਭਲਾਈ ਮੰਨਦੇ ਹਨ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

MUFFIN'S Pure Vegetarian INDIAN SWEETS & RESTAURANT
CALL (905)794-3007
NOW OPEN AT EMBASSY GRAND PLAZA #6-8770 THE GORE RD, BRAMPTON, ON L6P 0B1
SPECIAL OFFER FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

OURR HOME & APPLIANCES
Late Summer TREATS
$3199 +TAX + $1599 +TAX
KitchenAid Maytag LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕ੍ਰੈਡਿਟ ਕਾਰਡ, ਬੈਂਕ ਕਰਜਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫ਼ਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਆਪਣੇ ਕਲਾਇੰਟਸ ਨਾਲ 10 ਮਿਲੀਅਨ ਡਾਲਰ ਦੀ ਠੱਗੀ ਮਾਰਨ ਵਾਲਾ ਮਿਸੀਸਾਗਾ ਦਾ ਵਕੀਲ ਗ੍ਰਿਫਤਾਰ



ਮਿਸੀਸਾਗਾ, 25 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਵਕੀਲ ਵੱਲੋਂ ਆਪਣੇ ਕਲਾਇੰਟਸ ਨਾਲ 10 ਮਿਲੀਅਨ ਡਾਲਰ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਆਪਣੇ ਕਲਾਇੰਟਸ ਵੱਲੋਂ ਦਿੱਤੀਆਂ ਗਈਆਂ ਮਾਰਗੇਜ ਪੇਅਮੈਂਟਸ ਨੂੰ ਇਸ ਵਕੀਲ ਵੱਲੋਂ ਕਥਿਤ ਤੌਰ ਉੱਤੇ ਆਪਣੀਆਂ ਜੇਬ੍ਹਾਂ ਵਿੱਚ ਹੀ ਪਾ ਲਿਆ ਗਿਆ।

ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਜੂਨ 2021 ਤੇ ਦਸੰਬਰ 2021 ਦਰਮਿਆਨ ਕਈ ਲੋਕਾਂ ਨੇ ਸ਼ਾਹਿਦ ਮਲਿਕ ਤੋਂ ਕਈ ਤਰ੍ਹਾਂ ਦੀਆਂ ਸੇਵਾਵਾਂ ਲਈਆਂ। ਇਹ ਵਕੀਲ ਮਿਸੀਸਾਗਾ ਵਿੱਚ ਸ਼ਾਹਿਦ ਮਲਿਕ ਲਾਅ ਆਫਿਸ ਦਾ ਮਾਲਕ ਤੇ ਆਪਰੇਟਰ ਵੀ ਹੈ। 41 ਸਾਲਾ ਮਲਿਕ ਨੂੰ ਲੋਕਾਂ ਨੇ ਆਪਣੀਆਂ ਰੀਅਲ ਅਸਟੇਟ ਟਰਾਂਜ਼ੈਕਸ਼ਨਜ਼ ਸਮੇਂ ਸਿਰ ਪੂਰੀਆਂ ਕਰਨ ਲਈ ਹਾਇਰ ਕੀਤਾ। ਪਰ ਪੁਲਿਸ ਨੇ ਦੱਸਿਆ ਕਿ ਅਜਿਹਾ ਕੁੱਝ ਨਹੀਂ ਵਾਪਰਿਆ।

ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਸ਼ਾਹਿਦ ਮਲਿਕ ਦੇ ਕਲਾਇੰਟਸ ਵੱਲੋਂ ਉਸ ਨੂੰ ਰੀਅਲ ਅਸਟੇਟ ਟਰਾਂਜ਼ੈਕਸ਼ਨਜ਼ ਲਈ ਕਈ ਮਿਲੀਅਨ ਡਾਲਰ ਮੁਹੱਈਆ ਕਰਵਾਏ ਗਏ ਤਾਂ ਕਿ ਉਨ੍ਹਾਂ ਦੀਆਂ ਮਾਰਗੇਜਿਜ਼ ਅਦਾ ਕੀਤੀਆਂ ਜਾ ਸਕਣ। ਇਹ ਦੋਸ਼ ਵੀ ਲਾਇਆ ਗਿਆ ਕਿ ਕਲਾਇੰਟਸ ਦੇ ਵਾਰੀ ਵਾਰੀ ਬੇਨਤੀ ਕਰਨ ਉੱਤੇ ਵੀ ਸ਼ਾਹਿਦ ਮਲਿਕ ਵੱਲੋਂ ਇਹ ਮਾਰਗੇਜਿਜ਼ ਅਦਾ ਨਹੀਂ ਕੀਤੀਆਂ ਗਈਆਂ।

ਬੁੱਧਵਾਰ ਨੂੰ ਸ਼ਾਹਿਦ ਮਲਿਕ ਨੂੰ ਕੈਨੇਡਾ ਦੇ ਪੀਅਰਸਨ ਏਅਰਪੋਰਟ ਉੱਤੇ ਪਰਤਣ ਉਪਰੰਤ ਗ੍ਰਿਫਤਾਰ ਕਰ ਲਿਆ ਗਿਆ। ਬਰੈਂਪਟਨ ਦੇ ਇਸ ਵਿਅਕਤੀ ਨੂੰ ਲੋਕਾਂ ਨਾਲ ਧੋਖਾਧੜੀ ਕਰਨ ਤੇ ਬ੍ਰੀਚ ਆਫ ਟਰਸਟ ਕਾਰਨ ਚਾਰਜ ਕੀਤਾ ਗਿਆ ਹੈ।

## ਬਾਇਡਨ ਨੇ ਯੂਕਰੇਨ ਨੂੰ 3 ਬਿਲੀਅਨ ਡਾਲਰ ਦੀ ਆਰਥਿਕ ਮਦਦ ਦੇਣ ਦਾ ਕੀਤਾ ਐਲਾਨ



ਵਾਸ਼ਿੰਗਟਨ, 25 ਅਗਸਤ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਯੂਕਰੇਨ ਦੀ ਫੌਜ ਦੀ ਮਦਦ ਲਈ 2•98 ਬਿਲੀਅਨ ਡਾਲਰ ਦੀ ਮਦਦ ਭੇਜ ਰਹੇ ਹਨ। ਇਸ ਨਾਲ ਉੱਥੋਂ ਦੇ ਲੋਕ ਆਉਣ ਵਾਲੇ ਕਈ ਸਾਲਾਂ ਤੱਕ ਸੰਘਰਸ਼ ਕਰਨ ਲਈ ਯੋਗ ਹੋ ਜਾਣਗੇ।

ਇੱਕ ਬਿਆਨ ਜਾਰੀ ਕਰਕੇ ਬਾਇਡਨ ਨੇ ਆਖਿਆ ਕਿ ਇਸ ਆਰਥਿਕ ਮਦਦ ਨਾਲ ਯੂਕਰੇਨ ਡਿਫੈਂਸ ਸਿਸਟਮ ਤਿਆਰ ਕਰਨ, ਤੋਪਖਾਨਾ ਤੇ ਅਸਲਾ ਅਤੇ ਹੋਰ ਗੋਲੀ ਸਿੱਕਾ ਖਰੀਦਣ, ਡਰੋਨਜ਼ ਤੇ ਹੋਰ ਸਾਜ਼ੋ ਸਮਾਨ ਦਾ ਪ੍ਰਬੰਧ ਕਰਨ ਵਿੱਚ ਕਾਮਯਾਬ ਹੋਵੇਗਾ। ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਯੂਕਰੇਨ, ਸੋਵੀਅਤ ਯੂਨੀਅਨ ਤੋਂ 1991 ਵਿੱਚ ਆਜ਼ਾਦ ਹੋਣ ਦੀ ਆਪਣੀ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਕਈ ਯੂਕਰੇਨੀਅਨਾਂ ਲਈ ਆਜ਼ਾਦੀ ਦਿਵਸ ਕੌੜੀਆਂ ਮਿੱਠੀਆਂ ਯਾਦਾਂ ਲੈ ਕੇ ਆਇਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਜਾਂ ਚੁੱਕੇ ਜਾਂ ਜ਼ਖ਼ਮੀ ਹੋਏ ਹਨ, ਕਈ ਮਿਲੀਅਨ ਆਪਣੇ ਘਰਾਂ ਤੋਂ ਬੇਘਰ ਹੋ ਗਏ ਤੇ ਕਈ ਹੋਰ ਰੂਸ ਦੀਆਂ ਵਧੀਕੀਆਂ ਤੇ ਹਮਲਿਆਂ ਦਾ ਸ਼ਿਕਾਰ ਹੋਏ। ਪਰ ਛੇ ਮਹੀਨਿਆਂ ਤੋਂ ਚੱਲ ਰਹੇ ਇਸ ਤਾਜ਼ਾ ਸੰਘਰਸ਼ ਦਰਮਿਆਨ ਯੂਕਰੇਨ ਵਾਸੀਆਂ ਦਾ ਸਿਰਫ ਸਵੈਮਾਣ ਹੀ ਨਹੀਂ ਵਧਿਆ ਸਗੋਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਕੱਦ ਵੀ ਹੋਰ ਵਧਿਆ ਹੈ।

## ਟੋਰਾਂਟੋ ਦੇ ਬਹੁਗਿਣਤੀ ਵਿਦਿਆਰਥੀਆਂ ਨੇ ਇਨ-ਪਰਸਨ ਲਰਨਿੰਗ ਲਈ ਆਪਣਾ ਨਾਂ ਕਰਵਾਇਆ ਰਜਿਸਟਰ



ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਸਤੰਬਰ ਵਿੱਚ ਟੋਰਾਂਟੋ ਦੇ 5,000 ਵਿਦਿਆਰਥੀਆਂ ਤੋਂ ਵੀ ਘੱਟ ਨੇ ਵਰਚੂਅਲ ਲਰਨਿੰਗ ਲਈ ਰਜਿਸਟਰ ਕੀਤਾ। ਇਹ ਪਿਛਲੇ ਸਾਲ ਦੇ ਮੁਕਾਬਲੇ ਕਾਫੀ ਘੱਟ ਅੰਕੜਾ ਸੀ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਅਨੁਸਾਰ 2022-2023 ਸਕੂਲ ਵਰ੍ਹੇ ਲਈ 3,300 ਐਲੀਮੈਂਟਰੀ ਵਿਦਿਆਰਥੀਆਂ ਨੇ ਤੇ 1500 ਸੈਕੰਡਰੀ ਵਿਦਿਆਰਥੀਆਂ ਨੇ ਆਪਣੇ ਨਾਂ ਵਰਚੂਅਲ ਲਰਨਿੰਗ ਵਾਸਤੇ ਰਜਿਟਰ ਕਰਵਾਏ। 2021-2022 ਵਿੱਚ 17000 ਐਲੀਮੈਂਟਰੀ ਵਿਦਿਆਰਥੀਆਂ ਤੇ 8,000 ਸੈਕੰਡਰੀ ਵਿਦਿਆਰਥੀਆਂ ਨੇ ਵਰਚੂਅਲ ਲਰਨਿੰਗ ਨੂੰ ਅਪਣਾਇਆ ਸੀ।

ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਅਸੀਂ ਅੰਦਾਜ਼ਾ ਲਾਇਆ ਸੀ ਕਿ ਇਸ ਵਾਰੀ ਇਹ ਗਿਣਤੀ ਕਾਫੀ ਘੱਟ ਰਹੇਗੀ। ਉਨ੍ਹਾਂ ਆਖਿਆ ਕਿ ਕਈਆਂ ਨੂੰ ਲੱਗਦਾ ਹੈ ਕਿ ਇਨ-ਪਰਸਨ ਲਰਨਿੰਗ ਉਨ੍ਹਾ ਲਈ ਬਿਹਤਰ ਰਹੇਗੀ ਜਦਕਿ ਹੋਰਨਾਂ ਨੂੰ ਲੱਗਦਾ ਹੈ ਕਿ ਵਰਚੂਅਲ ਲਰਨਿੰਗ ਉਨ੍ਹਾਂ ਵਾਸਤੇ ਸਹੀ ਹੈ।

ਉਨ੍ਹਾਂ ਆਖਿਆ ਕਿ ਸਤੰਬਰ ਲਈ ਟੀਡੀਐਸਬੀ ਅਜੇ ਵੀ ਗਾਇਡੈਂਸ ਫਾਈਨਲ ਕਰ ਰਿਹਾ ਹੈ ਪਰ ਕਲਾਸਾਂ ਪਿਛਲੇ ਸਾਲ ਵਾਂਗ ਹੀ ਲੱਗਣਗੀਆਂ ਕਿਉਂਕਿ ਕੋਵਿਡ-19 ਦੇ ਬਹੁਤੇ ਨਿਯਮ ਪਹਿਲਾਂ ਵਰਗੇ ਹੀ ਹਨ। ਸਿੱਖਿਆ ਮੰਤਰਾਲੇ ਵੱਲੋਂ ਭਾਵੇਂ ਬਹੁਤੇ ਸਿਹਤ ਤੇ ਸੇਫਟੀ ਮਾਪਦੰਡ ਹਟਾ ਲਏ ਗਏ ਹਨ ਪਰ ਕੁੱਝ ਅਜੇ ਵੀ ਪਹਿਲਾਂ ਵਾਂਗ ਹੀ ਬਣੇ ਹੋਏ ਹਨ।

## ਕੈਨੇਡਾ ਤੇ ਜਰਮਨੀ ਨੇ ਸਾਈਨ ਕੀਤੀ ਨਵੀਂ ਹਾਈਡਰੋਜਨ ਡੀਲ



ਓਟਵਾ, 23 ਅਗਸਤ (ਪੋਸਟ ਬਿਊਰੋ) : ਨਿਊਫਾਊਂਡਲੈਂਡ ਤੇ ਲੈਬਰਾਡੌਰ ਦੇ ਸਟੀਫਨਵਿੱਲ ਟਾਊਨ ਵਿੱਚ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਜਰਮਨੀ ਦੇ ਚਾਂਸਲਰ ਓਲਫ ਸ਼ੌਲਜ਼ ਨੇ ਨਵੀਂ ਹਾਈਡਰੋਜਨ ਡੀਲ ਉੱਤੇ ਦਸਤਖ਼ਤ ਕੀਤੇ। ਇਹ ਡੀਲ ਹਾਈਡਰੋਜਨ ਟਰੇਡ ਸ਼ੋਅ ਦੌਰਾਨ ਸਿਰੇ ਚੜ੍ਹਾਈ ਗਈ।

ਇਸ ਡੀਲ ਤੋਂ ਬਾਅਦ ਕੈਨੇਡਾ ਤੇ ਜਰਮਨੀ ਨੇ ਆਖਿਆ ਕਿ ਇਸ ਨਵੇਂ ਸਮਝੌਤੇ ਤੋਂ ਬਾਅਦ ਇੱਕ ਨਵੀਂ ਹਾਈਡਰੋਜਨ ਸਪਲਾਈ ਚੇਨ ਸ਼ੁਰੂ ਹੋਵੇਗੀ। ਇੱਥੇ ਹੀ ਬੱਸ ਨਹੀਂ ਇਸ ਦੀ ਪਹਿਲੀ ਡਲਿਵਰੀ ਸਿਰਫ ਤਿੰਨ ਸਾਲਾਂ ਵਿੱਚ ਹੀ ਮਿਲਣੀ ਸ਼ੁਰੂ ਹੋ ਜਾਵੇਗੀ। ਇਸ ਸਮਝੌਤੇ ਦੌਰਾਨ ਇਹ ਤੈਅ ਕੀਤਾ ਗਿਆ ਹੈ ਕਿ ਕੈਨੇਡਾ ਹਾਈਡਰੋਜਨ ਦੇ ਉਤਪਾਦਨ ਲਈ ਜ਼ਿੰਮੇਵਾਰ ਹੋਵੇਗਾ ਤੇ ਜਰਮਨੀ ਉਸ ਨੂੰ ਐਟਲਾਂਟਿਕ ਤੋਂ ਪਾਰ ਲਿਜਾਣ ਲਈ ਸ਼ਿਪਿੰਗ ਗਲਿਆਰੇ ਉੱਤੇ ਧਿਆਨ ਦੇਵੇਗਾ।

ਹਾਲਾਂਕਿ ਇਸ ਸਮਝੌਤੇ ਵਿੱਚ ਰੂਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ ਪਰ ਇਹ ਸਮਝੌਤਾ ਐਨਰਜੀ ਦੇ ਮਾਮਲੇ ਵਿੱਚ ਆਤਮਨਿਰਭਰ ਬਣਨ ਦੇ ਨਾਲ ਨਾਲ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਇਹ ਸੁਨੇਹਾ ਦੇਣ ਲਈ ਵੀ ਕੀਤਾ ਗਿਆ ਹੈ ਕਿ ਗਲੋਬਲ ਐਨਰਜੀ ਵਿੱਚ ਸੁਪਰਪਾਵਰ ਬਣੇ ਰਹਿਣ ਦੇ ਉਨ੍ਹਾਂ ਦੇ ਦੇਸ਼ ਦੇ ਦਿਨ ਹੁਣ ਪੁੱਗਣ ਵਾਲੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਜਰਮਨੀ ਆਪਣੀਆਂ ਕਲਾਈਮੇਟ ਸਬੰਧੀ ਵਚਨਬੱਧਤਾਵਾਂ ਨੂੰ ਪੂਰਾ ਕਰਨ ਤੇ ਰੂਸ ਉੱਤੇ ਆਪਣੀ ਐਨਰਜੀ ਸਬੰਧੀ ਨਿਰਭਰਤਾ ਨੂੰ ਘਟਾਉਣ ਲਈ ਫੌਸਿਲ ਫਿਊਲ ਦੇ ਬਦਲ ਨੂੰ ਤਲਾਸ਼ ਰਿਹਾ ਸੀ।

ਇਸ ਦੌਰਾਨ ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਜੌਨਾਥਨ ਵਿਲਕਿੰਸਨ ਨੇ ਮੰਗਲਵਾਰ ਨੂੰ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਹ ਸਮਝੌਤਾ ਪੁਤਿਨ ਵੱਲੋਂ ਯੂਕਰੇਨ ਉੱਤੇ ਕੀਤੀ ਗਈ ਚੜ੍ਹਾਈ ਕਾਰਨ ਹੀ ਹੋ ਰਿਹਾ ਹੈ।

## ਕੈਨੇਡੀਅਨਜ਼ ਦੀ ਟਰੈਵਲ ਕਰਨ ਦੀ ਇੱਛਾ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕੀ ਸਰਕਾਰ : ਕੁਤਰਾਕਿਸ




ਕੈਲਗਰੀ, 25 ਅਗਸਤ (ਪੋਸਟ ਬਿਊਰੋ) : ਇੱਕ ਮੈਂਬਰ ਪਾਰਲੀਆਮੈਂਟ ਨੇ ਆਖਿਆ ਕਿ ਜਿਸ ਸਮੇਂ ਮਹਾਂਮਾਰੀ ਤੋਂ ਬਾਅਦ ਪਾਬੰਦੀਆਂ ਹਟਾਈਆਂ ਗਈਆਂ ਤਾਂ ਆਮ ਵਰਗੀ ਜ਼ਿੰਦਗੀ ਵੱਲ ਪਰਤਣ ਦੀ ਯੋਜਨਾ ਬਣਾਉਂਦੇ ਸਮੇਂ ਫੈਡਰਲ ਸਰਕਾਰ ਕੈਨੇਡੀਅਨਜ਼ ਦੀ ਟਰੈਵਲ ਕਰਨ ਦੀ ਇੱਛਾ ਦਾ ਸਹੀ ਅੰਦਾਜ਼ਾ ਲਾਉਣ ਵਿੱਚ ਅਸਮਰੱਥ ਰਹੀ।

ਇਨ੍ਹਾਂ ਗਰਮੀਆਂ ਵਿੱਚ ਏਅਰਲਾਈਨਜ਼ ਤੇ ਏਅਰਪੋਰਟਸ ਗਾਹਕਾਂ ਦੇ ਆਏ ਹੜ੍ਹ ਨੂੰ ਕਾਬੂ ਵਿੱਚ ਰੱਖ ਪਾਉਣ ਤੋਂ ਅਸਮਰੱਥ ਰਹੇ। ਇੱਕ ਪਾਸੇ ਟਰੈਵਲਰਜ਼ ਦਾ ਪੂਰਾ ਜ਼ੋਰ ਵੇਖਣ ਨੂੰ ਮਿਲਿਆ ਤੇ ਦੂਜੇ ਪਾਸੇ ਸਟਾਫ ਦੀ ਘਾਟ ਨਾਲ ਏਅਰਲਾਈਨਜ਼ ਤੇ ਏਅਰਪੋਰਟਸ ਜੂਝਦੇ ਨਜ਼ਰ ਆਏ। ਨਤੀਜੇ ਵਜੋਂ ਟਰੈਵਲਰਜ਼ ਨੂੰ ਏਅਰਪੋਰਟਸ, ਖਾਸ ਤੌਰ ਉੱਤੇ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ, ਉੱਤੇ ਫਲਾਈਟਸ ਰੱਦ ਹੋਣ, ਸਮਾਨ ਮਿਲਣ ਵਿੱਚ ਦੇਰ ਹੋਣ ਤੇ ਲੰਮੀਆਂ ਲਾਈਨਾਂ ਵਿੱਚ ਲੱਗੇ ਰਹਿਣ ਵਰਗੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪਿਛਲੇ ਮਹੀਨੇ ਨਿੱਕੀ ਜਿਹੀ ਗੜਬੜੀ ਕਾਰਨ ਐਰਾਈਵਕੈਨ ਐਪ ਨੇ 10,200 ਟਰੈਵਲਰਜ਼ ਨੂੰ 10 ਦਿਨਾਂ ਲਈ ਕੁਆਰਨਟੀਨ ਹੋਣ ਦੀ ਹਦਾਇਤ ਕੀਤੀ ਜਦਕਿ ਉਨ੍ਹਾਂ ਨੂੰ ਅਜਿਹਾ ਕਰਨ ਦੀ ਲੋੜ ਵੀ ਨਹੀਂ ਸੀ। ਟਰਾਂਸਪੋਰਟ ਮੰਤਰੀ ਦੀ ਪਾਰਲੀਆਮੈਂਟਰੀ ਸਕੱਤਰ ਐਨੀ ਕੁਤਰਾਕਿਸ ਨੇ ਮੰਗਲਵਾਰ ਨੂੰ ਕੈਲਗਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਮ ਜ਼ਿੰਦਗੀ ਵੱਲ ਪਰਤਣ ਦਾ ਅੰਦਾਜ਼ਾ ਲਾਉਣ ਵਿੱਚ ਕਿਤੇ ਨਾ ਕਿਤੇ ਕੋਈ ਭੁੱਲ ਚੁੱਕ ਹੋ ਗਈ। ਮਹਾਂਮਾਰੀ ਵਿੱਚ ਫਸੇ ਰਹਿਣ ਤੋਂ ਬਾਅਦ ਜਦੋਂ ਹੀ ਖੁੱਲ੍ਹ ਮਿਲੀ ਤਾਂ ਹਰ ਕੋਈ ਟਰੈਵਲ ਕਰਨ ਦਾ ਚਾਹਵਾਨ ਸੀ ਤੇ ਉਹ ਵੀ ਇੱਕੋ ਸਮੇਂ ਟਰੈਵਲ ਕਰਨਾ ਚਾਹੁੰਦਾ ਸੀ।

ਆਖਿਆ ਕਿ ਸਰਕਾਰ ਨੂੰ ਵੀ ਪਹਿਲੀ ਵਾਰੀ ਮਹਾਂਮਾਰੀ ਦਾ ਸਾਹਮਣਾ ਕਰਨਾ ਪਿਆ ਤੇ ਕਈ ਸਬਕ ਵੀ ਪਹਿਲੀ ਵਾਰੀ ਸਿੱਖਣ ਨੂੰ ਮਿਲ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਦੀ ਕਮੇਟੀ ਸਾਹਮਣੇ ਜਦੋਂ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਪੇਸ਼ ਹੋਏ ਤਾਂ ਉਨ੍ਹਾਂ ਨੂੰ ਲੰਮੇਂ ਹੱਥੀਂ ਲਿਆ ਗਿਆ। ਇਸ ਦੌਰਾਨ ਕੁਤਰਾਕਿਸ ਨੇ ਐਲਾਨ ਕੀਤਾ ਕਿ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ ਦੀ ਮਦਦ ਕਰਨ ਲਈ ਸਰਕਾਰ 2 ਮਿਲੀਅਨ ਡਾਲਰ ਦੇਵੇਗੀ।


## ਖਾਣੇ ਦੀ ਬਰਬਾਦੀ ਰੋਕਣ ਲਈ ਬੈਸਟ ਬਿਫੋਰ ਤਰੀਕ ਹਟਾਉਣੀ ਚਾਹੁੰਦੇ ਹਨ ਕੈਨੇਡੀਅਨ



ਓਟਵਾ, 25 ਅਗਸਤ (ਪੋਸਟ ਬਿਊਰੋ) : ਬਹੁਤੀਆਂ ਫੂਡ ਪੈਕੇਜਿੰਗ ਉੱਤੇ ਲਿਖੀ ਮਿਲਣ ਵਾਲੀ ਤਰੀਕ, ਜਿਸ ਤੋਂ ਪਹਿਲਾਂ ਉਸ ਖਾਣੇ ਨੂੰ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ, ਨੂੰ ਹਟਾਉਣ ਲਈ ਨਵੇਂ ਸਿਰੇ ਤੋਂ ਜ਼ੋਰ ਲਾਇਆ ਜਾ ਰਿਹਾ ਹੈ। ਕਈਆਂ ਦਾ ਤਰਕ ਹੈ ਕਿ ਇਸ ਤਰ੍ਹਾਂ ਦੇ ਸੰਕੇਤਾਂ ਨੂੰ ਹਟਾਉਣ ਨਾਲ ਖਾਣਾ ਬਰਬਾਦ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਯੂਰਪ ਵਿੱਚ ਕਈ ਗ੍ਰੌਸਰਜ਼ ਪਹਿਲਾਂ ਹੀ ਅਜਿਹਾ ਕਰ ਚੁੱਕੇ ਹਨ, ਕਈ ਉਨ੍ਹਾਂ ਦੇ ਨਕਸ਼ੇ ਕਦਮ ਉੱਤੇ ਚੱਲਣਾ ਚਾਹੁੰਦੇ ਹਨ ਪਰ ਸਵਾਲ ਇਹ ਹੈ ਕਿ ਕੀ ਕੈਨੇਡਾ ਵਿੱਚ ਇਸ ਨੂੰ ਸਵੀਕਾਰ ਕੀਤਾ ਜਾਵੇਗਾ? ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਬਹੁਤੇ ਕੈਨੇਡੀਅਨ ਅਜਿਹਾ ਕਰਨ ਦੇ ਖਿਲਾਫ ਹਨ, ਫਿਰ ਭਾਵੇਂ ਇਸ ਨਾਲ ਖਾਣੇ ਦੀ ਬਰਬਾਦੀ ਘਟਦੀ ਹੋਵੇ।

ਡਲਹਾਊਜ਼ੀ ਯੂਨੀਵਰਸਿਟੀ ਵਿਖੇ ਐਗਰੀ ਫੂਡ ਐਨਾਲਿਟਿਕਸ ਲੈਬ ਵੱਲੋਂ ਕਰਵਾਏ ਸਰਵੇਖਣ ਅਨੁਸਾਰ 62 ਫੀ ਸਦੀ ਕੈਨੇਡੀਅਨ ਬੈਸਟ ਬਿਫੋਰ ਤਰੀਕਾਂ ਨੂੰ ਹਟਾਉਣ ਦੇ ਖਿਲਾਫ ਹਨ ਤੇ ਦੋ ਤਿਹਾਈ ਦਾ ਕਹਿਣਾ ਹੈ ਕਿ ਉਹ ਤਾਂ ਇਸ ਦੇ ਬਿਲਕੁਲ ਉਲਟ ਹਨ। ਹੋਰਨਾਂ 11 ਫੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਪੱਕਾ ਨਹੀਂ ਪਤਾ ਕਿ ਉਹ ਇਸ ਦੇ ਖਿਲਾਫ ਹਨ ਜਾਂ ਪੱਖ ਵਿੱਚ ਜਦਕਿ 27 ਫੀ ਸਦੀ ਦਾ ਕਹਿਣਾ ਹੈ ਕਿ ਉਹ ਅਜਿਹਾ ਕਰਨ ਦੇ ਹੱਕ ਵਿੱਚ ਹਨ।



# ਟੋਰਾਂਟੋ ਵਿੱਚ ਘਟਣ ਤੋਂ ਬਾਅਦ ਇੱਕਦਮ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਟੋਰਾਂਟੋ ਤੇ ਜੀਟੀਏ ਦੇ ਬਹੁਤੇ ਹਿੱਸਿਆਂ ਵਿੱਚ ਗੈਸ ਦੀਆਂ ਕੀਮਤਾਂ ਘੱਟ ਹੋਈਆਂ ਹਨ ਤੇ ਪਿਛਲੇ ਮਹੀਨੇ ਦੇ ਮੁਕਾਬਲੇ ਸਥਿਰ ਵੀ ਹਨ ਪਰ ਇਹ ਚੰਗੇ ਦਿਨ ਬਹੁਤੀ ਦੇਰ ਨਹੀਂ ਰਹਿਣ ਵਾਲੇ।

ਐਨ-ਪ੍ਰੋ ਇੰਟਰਨੈਸ਼ਨਲ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ



ਮੈਕਨਾਈਨ ਨੇ ਦੱਸਿਆ ਕਿ ਜੀਟੀਏ ਦੇ ਬਹੁਤੇ ਸਟੇਸ਼ਨਾਂ ਉੱਤੇ ਗੈਸ ਦੀਆਂ ਕੀਮਤਾਂ ਵੀਰਵਾਰ ਨੂੰ ਇੱਕ ਸੈਂਟ ਹੋਰ ਡਿੱਗਣ ਦੀ ਉਮੀਦ ਹੈ। ਅਗਸਤ ਵਿੱਚ 1.749 ਡਾਲਰ ਪ੍ਰਤੀ ਲੀਟਰ ਤੱਕ ਰਹਿਣ ਤੋਂ ਬਾਅਦ ਇਸ ਮਹੀਨੇ ਗੈਸ ਦੀਆਂ ਇਹ ਸੱਭ ਤੋਂ ਘੱਟ ਕੀਮਤਾਂ ਹਨ। ਮੈਕਨਾਈਟ ਨੇ ਆਖਿਆ ਕਿ ਪਹਿਲਾਂ ਨਾਲੋਂ ਗੈਸ ਦੀ ਮੰਗ ਵੀ ਥੋੜ੍ਹੀ ਮੱਠੀ ਪਈ ਹੈ। ਉਨ੍ਹਾਂ ਆਖਿਆ ਕਿ ਦੱਖਣੀ ਓਨਟਾਰੀਓ ਵਿੱਚ ਠੰਢ ਵਧਣ ਨਾਲ ਇਨ੍ਹਾਂ ਕੀਮਤਾਂ ਵਿੱਚ ਮੁੜ ਵਾਧਾ ਹੋ ਸਕਦਾ ਹੈ।

ਉਨ੍ਹਾਂ ਆਖਿਆ ਕਿ ਸਾਲ ਦੇ ਅੰਤ ਵਿੱਚ ਗੈਸ ਦੀਆਂ ਕੀਮਤਾਂ ਡੀਜ਼ਲ ਦੀਆਂ ਕੀਮਤਾਂ ਉੱਤੇ ਨਿਰਭਰ ਕਰਨਗੀਆਂ। ਜੇ ਡੀਜ਼ਲ ਦੀਆਂ ਕੀਮਤਾਂ ਵੱਧਦੀਆਂ ਹਨ ਤਾਂ ਗੈਸੋਲੀਨ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਵੇਗਾ। ਜੇ ਕਿਤੇ ਠੰਢ ਵੱਧਦੀ ਹੈ ਤਾਂ ਡੀਜ਼ਲ ਦੀਆਂ ਕੀਮਤਾਂ ਤੇਲ ਦੀਆਂ ਕੀਮਤਾਂ ਸਮੇਤ ਇੱਕਦਮ ਅਸਮਾਨੀ ਚੜ੍ਹ ਜਾਣਗੀਆਂ।

# 2043 ਤੱਕ ਓਨਟਾਰੀਓ ਦੀ ਆਬਾਦੀ ਵਿੱਚ ਹੋਵੇਗਾ ਵੱਡਾ ਵਾਧਾ : ਸਟੈਟੇਸਟਿਕਸ ਕੈਨੇਡਾ

ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਇੱਕ ਨਵੀਂ ਰਿਪੋਰਟ ਅਨੁਸਾਰ ਅਗਲੇ ਦੋ ਦਹਾਕਿਆਂ ਵਿੱਚ ਓਨਟਾਰੀਓ ਦੀ ਆਬਾਦੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।

2021 ਦੇ ਮਰਦਮਸ਼ੁਮਾਰੀ ਦੇ ਡਾਟਾ ਦੇ ਅਧਾਰ ਉੱਤੇ ਫੈਡਰਲ ਏਜੰਸੀ ਵੱਲੋਂ ਇਹ ਕਿਆਫਾ ਪੇਸ਼ ਕੀਤਾ ਗਿਆ। ਇਸ ਸਮੇਂ ਓਨਟਾਰੀਓ ਵਿੱਚ ਅੰਦਾਜ਼ਨ 14, 826,000 ਲੋਕ ਹਨ। ਰਿਪੋਰਟ ਅਨੁਸਾਰ ਇਹ ਦਰਮਿਆਨਾ ਵਿਕਾਸ ਦਰਸਾਉਂਦਾ ਹੈ। ਇਸ ਤੋਂ ਮਤਲਬ ਹੈ ਕਿ ਓਨਟਾਰੀਓ ਵਿੱਚ 4.2 ਮਿਲੀਅਨ ਨਵੇਂ ਰੈਜ਼ੀਡੈਂਟਸ ਹੋਣਗੇ।

ਸਟੈਟੇਸਟਿਕਸ ਕੈਨੇਡਾ ਦੇ ਡੈਮੋਗ੍ਰੈਫਰ ਪੈਟਰਿਸ ਡਿਓਨ ਨੇ ਆਖਿਆ ਕਿ ਓਨਟਾਰੀਓ ਵਿੱਚ ਆਬਾਦੀ ਵਿੱਚ ਵਾਧਾ ਹੋਰਨਾਂ ਪ੍ਰੋਵਿੰਸਾਂ ਦੇ ਮੁਕਾਬਲੇ ਵੱਧ ਹੈ ਹਾਲਾਂਕਿ



ਮਹਾਂਮਾਰੀ ਦੌਰਾਨ ਮੈਰੀਟਾਈਮਜ਼, ਕਿਊਬਿਕ ਤੇ ਬ੍ਰਿਟਿਸ਼ ਕੋਲੰਬੀਆ ਵੱਲ ਵੀ ਲੋਕ ਮਾਈਗ੍ਰੇਟ ਕੀਤੇ ਹਨ। ਡਿਓਨ ਨੇ ਇਹ ਵੀ ਪਾਇਆ ਕਿ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲੋਂ ਇੱਥੇ ਆਬਾਦੀ ਉਮਰਦਰਾਜ਼ ਹੋ ਰਹੀ ਹੈ।

ਰਿਪੋਰਟ ਵਿੱਚ ਆਖਿਆ ਗਿਆ ਕਿ ਆਪਣੀ ਆਬਾਦੀ ਨੂੰ ਨੰਵਿਆਉਣ ਲਈ ਕੈਨੇਡਾ ਨੂੰ ਬਹੁਤਾ ਕਰਕੇ ਇਮੀਗ੍ਰੇਸ਼ਨ ਪੱਧਰ ਉੱਤੇ ਨਿਰਭਰ ਰਹਿਣਾ ਹੋਵੇਗਾ। ਉਹ ਵੀ ਅਜਿਹੇ ਸੰਦਰਭ ਵਿੱਚ ਜਦੋਂ ਇੱਥੇ ਜਨਣ ਸ਼ਕਤੀ ਦਰ ਘੱਟਦੀ ਜਾ ਰਹੀ ਹੈ।

## ਦੋ ਗੱਡੀਆਂ ਦੀ ਟੱਕਰ ਵਿੱਚ ਕਈ ਜ਼ਖ਼ਮੀ

ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਕਿੰਗ ਸਿਟੀ ਵਿੱਚ ਡਫਰਿਨ ਸਟਰੀਟ ਉੱਤੇ ਹੋਏ ਜ਼ਬਰਦਸਤ ਹਾਦਸੇ ਕਾਰਨ ਇਸ ਇਲਾਕੇ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਇਸ ਹਾਦਸੇ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਵੈਲਿੰਗਟਨ ਰੋਡ ਨੇੜੇ ਡਫਰਿਨ ਸਟਰੀਟ ਉੱਤੇ ਦੁਪਹਿਰੇ 3:20 ਉੱਤੇ ਇਹ ਹਾਦਸਾ ਵਾਪਰਿਆ। ਹਾਦਸੇ ਦੀਆਂ ਤਸਵੀਰਾਂ ਤੋਂ ਸਾਹਮਣੇ ਆਇਆ ਕਿ ਦੋ ਗੱਡੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ, ਦੋਵੇਂ ਗੱਡੀਆਂ ਟੁੱਟੀ ਭੱਜੀ ਹਾਲਤ ਵਿੱਚ ਸੜਕ ਦੇ ਕਿਨਾਰੇ ਉੱਤੇ ਖੜ੍ਹੀਆਂ ਹਨ ਤੇ ਇੱਕ ਤਾਂ ਛੱਤ ਦੇ ਭਾਰ ਪਈ ਹੈ।

ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਕੋਈ ਵਿਅਕਤੀ ਗੱਡੀ ਵਿੱਚੋਂ ਬਾਹਰ ਜਾ ਡਿੱਗਿਆਂ ਤੇ ਉਸ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਜਾਂਦੀ ਹੈ।

# ਫੈਡਰਲ ਸਰਕਾਰ ਨੇ ਨਸਲਵਾਦ ਵਿਰੋਧੀ ਪ੍ਰੋਜੈਕਟ ਦੇ ਫੰਡਾਂ ਉੱਤੇ ਲਾਈ ਰੋਕ

ਓਟਵਾ, 25 ਅਗਸਤ (ਪੋਸਟ ਬਿਊਰੋ) : ਡਾਇਵਰਸਿਟੀ ਮੰਤਰੀ ਅਹਿਮਦ ਹੁਸੈਨ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਨਸਲਵਾਦ ਵਿਰੋਧੀ ਪਹਿਲਕਦਮੀ ਨੂੰ ਦਿੱਤੇ ਜਾ ਰਹੇ ਫੰਡਾਂ ਵਿੱਚ ਕਟੌਤੀ ਕਰੇ। ਅਜਿਹਾ ਪ੍ਰੋਜੈਕਟ ਨਾਲ ਜੁੜੇ ਇੱਕ ਸੀਨੀਅਰ ਸਲਾਹਕਾਰ ਵੱਲੋਂ ਨਿੰਦਣਯੋਗ ਤੇ ਨੀਚ ਟਵੀਟਸ ਕੀਤੇ ਜਾਣ ਦੇ ਮੱਦੇਨਜ਼ਰ ਕੀਤਾ ਗਿਆ ਹੈ।

ਸੋਮਵਾਰ ਨੂੰ ਹੁਸੈਨ ਨੇ ਐਲਾਨ ਕੀਤਾ ਕਿ ਇਹ ਪੇਸ਼ਕਦਮੀ, ਜਿਹੜੀ ਕਮਿਊਨਿਟੀ ਮੀਡੀਆ ਐਡਵੋਕੇਸੀ ਸੈਂਟਰ ਵੱਲੋਂ ਚਲਾਈ ਜਾ ਰਹੀ ਸੀ, ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਸ ਨੂੰ ਹੈਰੀਟੇਜ ਡਿਪਾਰਟਮੈਂਟ ਵੱਲੋਂ 133,000 ਡਾਲਰ ਤੋਂ ਵੱਧ ਦੀ ਰਕਮ



ਹਾਸਲ ਹੋਈ ਸੀ। ਇਹ ਕਦਮ ਕੈਨੇਡੀਅਨ ਪ੍ਰੈੱਸ ਵੱਲੋਂ ਛਾਪੀ ਗਈ ਉਸ ਰਿਪੋਰਟ ਦੇ ਅਧਾਰ ਉੱਤੇ ਚੁੱਕਿਆ ਗਿਆ ਹੈ ਜਿਸ ਵਿੱਚ ਆਖਿਆ ਗਿਆ ਸੀ ਕਿ ਲੇਥ ਮੈਰੂਫ, ਜੋ ਕਿ ਕੈਨੇਡੀਅਨ ਬ੍ਰੌਡਕਾਸਟਿੰਗ ਲਈ ਨਸਲਵਾਦ ਵਿਰੋਧੀ ਰਣਨੀਤੀ ਤਿਆਰ ਕਰਨ ਵਾਲੇ ਪ੍ਰੋਜੈਕਟ ਦੇ ਸੀਨੀਅਰ ਸਲਾਹਕਾਰ ਹਨ, ਨੇ ਆਪਣੇ ਟਵਿੱਟਰ ਐਕਾਊਂਟ ਉੱਤੇ ਭੱਦੀਆਂ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਵੱਲੋਂ ਇਨ੍ਹਾਂ ਟਵੀਟਸ ਵਿੱਚ ਭੈੜੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਗਈ ਹੈ।

ਹੁਸੈਨ ਨੇ ਆਖਿਆ ਕਿ ਸਾਡੇ ਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੇ ਭੇਦ-ਭਾਵ ਲਈ ਕੋਈ ਥਾਂ ਨਹੀਂ। ਉਨ੍ਹਾਂ ਆਖਿਆ ਕਿ ਮੈਰੂਫ ਵੱਲੋਂ ਯਹੂਦੀਆਂ ਬਾਰੇ ਜਿਹੜੀਆਂ ਟਿੱਪਣੀਆਂ ਕੀਤੀਆਂ ਗਈਆਂ ਉਨ੍ਹਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਮਿਊਨਿਟੀ ਮੀਡੀਆ ਐਡਵੋਕੇਸੀ ਸੈਂਟਰ (ਸੀਐਮਏਸੀ) ਨੂੰ ਨੋਟਿਸ ਭੇਜ ਕੇ ਇਹ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਫੰਡਾਂ ਉੱਤੇ ਰੋਕ ਲਾ ਦਿੱਤੀ ਗਈ ਹੈ ਤੇ ਉਨ੍ਹਾਂ ਦਾ ਪ੍ਰੋਜੈਕਟ ਸਸਪੈਂਡ ਕਰ ਦਿੱਤਾ ਗਿਆ ਹੈ।

# ਕਾਰ ਘਰ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਹੋਈ ਮੌਤ

ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਰੈਕਸਡੇਲ ਨੇੜੇ ਸਥਿਤ ਇੱਕ ਘਰ ਵਿੱਚ ਗੱਡੀ ਦੇ ਇੱਕ ਘਰ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਮੌਤ ਹੋ ਗਈ।

ਸ਼ੈਪਰਡ ਐਵਨਿਊ ਵੈਸਟ ਦੇ ਦੱਖਣ ਵੱਲ ਵੈਸਟਨ ਰੋਡ ਤੇ ਸਟਾਰਵਿਊ ਲੇਨ ਨੇੜੇ ਰਾਤੀਂ 8:30 ਵਜੇ ਦੋ ਗੱਡੀਆਂ ਦਰਮਿਆਨ ਹੋਈ ਟੱਕਰ ਦੀ ਜਾਣਕਾਰੀ ਪੁਲਿਸ ਨੂੰ ਦੇ ਕੇ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਕਾਰ ਘਰ ਨਾਲ ਜਾ ਟਕਰਾਈ ਤੇ ਡਰਾਈਵਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਟੋਰਾਂਟੋ ਪੈਰਾਮੈਡਿਕਸ ਵੱਲੋਂ



ਉਸ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਦੂਜੇ ਡਰਾਈਵਰ ਨੂੰ ਕੋਈ ਸੱਟਾਂ ਲੱਗੀਆਂ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਬਰੈਂਪਟਨ ਦੇ ਕਾਰ ਹਾਦਸੇ ਵਿੱਚ ਮਾਰੇ ਗਏ ਤਿੰਨ ਭੈਣ ਭਰਾ

ਬਰੈਂਪਟਨ, 25 ਅਗਸਤ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਵਿੱਚ ਕਾਰ ਹਾਦਸੇ ਵਿੱਚ ਮਾਰੇ ਗਏ ਤਿੰਨ ਵਿਅਕਤੀ ਸਕੇ ਭੈਣ ਭਰਾ ਸਨ। ਪੀਲ ਪੁਲਿਸ ਵੱਲੋਂ ਸੋਮਵਾਰ ਨੂੰ ਇਸ ਜਾਣਕਾਰੀ ਦੀ ਪੁਸ਼ਟੀ ਕੀਤੀ ਗਈ। ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਰਾਤੀਂ 2:00 ਵਜੇ ਐਮਰਜੰਸੀ ਅਮਲੇ ਨੂੰ ਐਮਵੇਲ ਐਵਨਿਊ ਤੇ ਕੌਨੈਸਟੋਗਾ ਡਰਾਈਵ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਗੱਡੀ ਇੱਕ ਰੁੱਖ ਨਾਲ ਜਾ ਟਕਰਾਈ ਤੇ ਫਿਰ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਅੱਗ ਬੁਝਾਉਣ ਤੋਂ ਬਾਅਦ ਗੱਡੀ ਵਿੱਚ ਸਵਾਰ ਤਿੰਨ ਬੱਚੇ ਨਜ਼ਰ ਆਏ ਪਰ ਤਿੰਨਾਂ ਨੂੰ ਹੀ ਮੌਕੇ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ। ਬੱਚਿਆਂ ਦੀ ਪਛਾਣ ਉਨ੍ਹਾਂ ਦੇ ਰਿਸ਼ਤੇਦਾਰ ਐਲਮਨ ਬਲੈਕਮੈਨ ਵੱਲੋਂ 19 ਸਾਲਾ ਤਿਰਜ਼ਾਹ, 17 ਸਾਲਾ ਜੁਡਾਹ ਤੇ 16 ਸਾਲਾ ਫਾਰਾਓਹ ਬਲੈਕਮੈਨ ਵਜੋਂ ਕੀਤੀ ਗਈ। ਬਲੈਕਮੈਨ ਨੇ ਆਖਿਆ ਕਿ ਬੱਚਿਆਂ ਦੀ ਮਾਂ ਤੇ ਹੋਰਨਾਂ ਭੈਣ ਭਰਾਵਾਂ ਦਾ ਇਸ ਹਾਦਸੇ ਤੋਂ ਬਾਅਦ ਕਾਫੀ ਬੁਰਾ ਹਾਲ ਹੈ। ਪੁਲਿਸ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਚਿੱਟੇ ਰੰਗ ਦੀ ਹੌਂਡਾ ਸਿਵਿਕ ਦੱਖਣ ਵੱਲ ਜਾ ਰਹੀ ਸੀ ਕਿ ਬਿਨਾਂ ਕਾਰਨ ਸੜਕ ਤੋਂ ਉਤਰ ਗਈ। ਇਸ ਹਾਦਸੇ ਕਾਰਨ ਗੱਡੀ ਦੇ ਸਾਹਮਣੇ ਵਾਲੇ ਹਿੱਸੇ ਨੂੰ ਕਾਫੀ ਨੁਕਸਾਨ ਪਹੁੰਚਿਆ ਤੇ ਹਾਦਸੇ ਵਾਲੀ ਥਾਂ ਉੱਤੇ ਗੱਡੀ ਦੇ ਕਈ ਹਿੱਸੇ ਦੂਰ ਦੂਰ ਤੱਕ ਖਿੱਲਰੇ ਮਿਲੇ। ਹਾਦਸੇ ਦੀ ਜਾਂਚ ਪੀਲ ਪੁਲਿਸ ਦੇ ਮੇਜਰ ਕੌਲੀਜ਼ਨ ਬਿਊਰੋ ਵੱਲੋਂ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

11 a.m. - 3 p.m.
Rain or shine!
10 Peel Centre Dr.
Brampton
PEEL REGIONAL POLICE
21 DIVISION POLICE AND COMMUNITY
FUN DAY
SATURDAY, AUGUST 27, 2022
FUN ACTIVITIES
Face Painting
Bouncy Tent
Dunk Tank
Live Music
DISPLAYS
Communications
Auxiliary police
TAC Rescue
K9
FIS
Prisoner Escort
BBQ Hot Dogs Samosas Water + Pop Snow Cones Cotton Candy Popcorn
JOIN US

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
▪ ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਂਦਾ ਹੈ
▪ ਧਰਨ ਚੁਕ ਅਤੇ ਬੈਕ ਪਰਾਬਲਮ
▪ ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
▪ ਮੈਂਟਲ ਹੈਲਥ ਪਰਾਬਲਮ
▪ ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ShenGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਵਿਆਹ ਸਮਾਰੋਹ ਵਿੱਚ ਜੁੜੇ ਲੋਕਾਂ ਉੱਤੇ ਚੜ੍ਹੀ ਗੱਡੀ, 2 ਹਲਾਕ, 10 ਜ਼ਖ਼ਮੀ




ਵੈਨਕੂਵਰ, 25 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਪੱਛਮੀ ਵੈਨਕੂਵਰ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਇੱਕ ਮਹਿਲਾ ਵੱਲੋਂ ਗੱਡੀ ਲੋਕਾਂ ਉੱਤੇ ਚੜ੍ਹਾ ਦਿੱਤੇ ਜਾਣ ਕਾਰਨ ਦਸ ਵਿਅਕਤੀ ਜ਼ਖ਼ਮੀ ਹੋ ਗਏ ਜਦਕਿ ਦੋ ਦੀ ਮੌਤ ਹੋ ਗਈ।

ਬੀਸੀ ਐਮਰਜੰਸੀ ਹੈਲਥ ਸਰਵਿਸਿਜ਼ ਅਨੁਸਾਰ ਇਹ ਘਟਨਾ ਰਾਤੀਂ 6:10 ਉੱਤੇ ਵਾਪਰੀ। ਉਨ੍ਹਾਂ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਕੀਥ ਰੋਡ ਉੱਤੇ 11 ਐਂਬੂਲੈਂਸਾਂ ਭੇਜੀਆਂ ਗਈਆਂ ਤੇ ਇੱਕ ਏਅਰ ਐਂਬੂਲੈਂਸ ਵੀ ਭੇਜੀ ਗਈ। ਈਐਚਐਸ ਨੇ ਆਖਿਆ ਕਿ ਦਸ ਮਰੀਜ਼ਾਂ ਨੂੰ ਹਸਪਤਾਲ ਲਿਜਾਇਆ ਗਿਆ। ਦੋ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ ਜਦਕਿ ਤਿੰਨ ਦੀ ਹਾਲਤ ਗੰਭੀਰ ਹੈ ਤੇ ਪੰਜ ਦੀ ਸਥਿਤੀ ਸਥਿਰ ਹੈ।

ਵੈਸਟ ਵੈਨਕੂਵਰ ਪੁਲਿਸ ਡਿਪਾਰਟਮੈਂਟ ਨੇ ਦੱਸਿਆ ਕਿ ਇਹ ਘਟਨਾ ਦੋ ਪ੍ਰਾਪਰਟੀਜ਼ ਦਰਮਿਆਨ ਇੱਕ ਸਾਂਝੇ ਡਰਾਈਵ-ਵੇਅ ਉੱਤੇ ਵਾਪਰੀ। ਡਰਾਈਵਰ, ਜੋ ਕਿ 60 ਸਾਲਾ ਮਹਿਲਾ ਸੀ, ਗੱਡੀ ਨੂੰ ਡਰਾਈਵ-ਵੇਅ ਤੋਂ ਹਟਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜਦੋਂ ਉਸ ਤੋਂ ਐਕਸੇਲੇਟਰ ਦੱਬਿਆ ਗਿਆ ਤੇ ਗੱਡੀ ਲੋਕਾਂ ਉੱਤੇ ਜਾ ਚੜ੍ਹੀ। ਪੁਲਿਸ ਨੇ ਦੱਸਿਆ ਕਿ ਹਸਪਤਾਲ ਲਿਜਾਏ ਗਏ ਲੋਕਾਂ ਵਿੱਚੋਂ ਡਰਾਈਵਰ ਵੀ ਇੱਕ ਸੀ। ਐਤਵਾਰ ਨੂੰ ਉਹ ਪੁਲਿਸ ਹਿਰਾਸਤ ਵਿੱਚ ਨਹੀਂ ਸੀ। ਪੁਲਿਸ ਨੇ ਦੱਸਿਆ ਕਿ ਜਾਂਚ ਅਜੇ ਮੁੱਢਲੇ ਪੜਾਅ ਵਿੱਚ ਹੈ ਤੇ ਅਜੇ ਇਹ ਨਹੀਂ ਆਖਿਆ ਜਾ ਸਕਦਾ ਕਿ ਉਸ ਮਹਿਲਾ ਉੱਤੇ ਕੋਈ ਚਾਰਜਿਜ਼ ਲੱਗਣਗੇ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੰਘਰਸ਼ ਕਰ ਰਹੇ ਹੈਲਥਕੇਅਰ ਸਿਸਟਮ ਬਾਰੇ ਅੱਜ ਹੋਰਨਾਂ ਪ੍ਰੀਮੀਅਰਜ਼ ਨਾਲ ਮੁਲਾਕਾਤ ਕਰਨਗੇ ਫੋਰਡ



ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਓਨਟਾਰੀਓ ਤੇ ਨੋਵਾ ਸਕੋਸ਼ੀਆ ਦੇ ਪ੍ਰੀਮੀਅਰਜ਼ ਵੱਲੋਂ ਹੈਲੀਫੈਕਸ ਵਿੱਚ ਮੁਲਾਕਾਤ ਕੀਤੇ ਜਾਣ ਸਮੇਂ ਕੈਨੇਡਾ ਦੇ ਸੰਘਰਸ਼ ਕਰ ਰਹੇ ਸਿਹਤ ਸਿਸਟਮ ਨੂੰ ਮੁੱਖ ਤੌਰ ਉੱਤੇ ਵਿਚਾਰਿਆ ਜਾਵੇਗਾ।

ਸੋਮਵਾਰ ਨੂੰ ਹੋਣ ਜਾ ਰਹੀ ਪ੍ਰੀਮੀਅਰਜ਼ ਦੀ ਇਸ ਸਿਖਰ ਵਾਰਤ ਤੋਂ ਪਹਿਲਾਂ ਐਤਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਟਿੰਮ ਹਿਊਸਟਨ ਵੱਲੋਂ ਮੁਲਾਕਾਤ ਕੀਤੀ ਗਈ। ਇਹ ਵੀ ਪਤਾ ਚੱਲਿਆ ਹੈ ਕਿ ਫੋਰਡ ਤੇ ਹਿਊਸਟਨ ਇੱਕਠੇ ਮੌਂਕਟਨ ਜਾਣਗੇ ਜਿੱਥੇ ਫੋਰਡ ਵਿਅਕਤੀਗਤ ਤੌਰ ਉੱਤੇ ਨਿਊ ਬਰੰਜ਼ਵਿੱਕ ਦੇ ਪ੍ਰੀਮੀਅਰ ਬਲੇਨ ਹਿੱਗਜ਼, ਪ੍ਰਿੰਸ ਐਡਵਰਡ ਆਈਲੈਂਡ ਦੇ ਪ੍ਰੀਮੀਅਰ ਡੈਨਿਸ ਕਿੰਗ ਤੇ ਫੈਡਰਲ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲੈਂਕ ਨਾਲ ਮੁਲਾਕਾਤ ਕਰਨਗੇ।

ਫਿਰ ਚਾਰੇ ਪ੍ਰੋਵਿੰਸ਼ੀਅਲ ਆਗੂ ਇਸ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ। ਪਿਛਲੇ ਕੁੱਝ ਹਫਤਿਆਂ ਤੋਂ ਓਨਟਾਰੀਓ ਦੇ ਸਿਹਤ ਸਿਸਟਮ ਵਿੱਚ ਹੋ ਰਹੀ ਗੜਬੜ ਤੋਂ ਬਾਅਦ ਹੀ ਫੋਰਡ ਵੱਲੋਂ ਮੈਰੀਟਾਈਮਜ਼ ਦਾ ਦੌਰਾ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਨੌਬਤ ਇਥੋਂ ਤੱਕ ਪਹੁੰਚ ਚੁੱਕੀ ਹੈ ਕਿ ਕਈ ਐਮਰਜੰਸੀ ਰੂਮਜ਼ ਨੂੰ ਕਈ ਘੰਟਿਆਂ ਜਾਂ ਕਈ ਦਿਨਾਂ ਲਈ ਵੀ ਬੰਦ ਕਰਨਾ ਪੈ ਰਿਹਾ ਹੈ।

# ਮਾਂਟਰੀਅਲ ਵਿੱਚ ਸ਼ੌਲਜ਼ ਨਾਲ ਮੁਲਾਕਾਤ ਕਰਨਗੇ ਟਰੂਡੋ



ਮਾਂਟਰੀਅਲ, 25 ਅਗਸਤ (ਪੋਸਟ ਬਿਊਰੋ) : ਜਰਮਨੀ ਦੇ ਚਾਂਸਲਰ ਓਲਫ ਸ਼ੌਲਜ਼ ਦੀ ਪਹਿਲੀ ਤਿੰਨ ਰੋਜ਼ਾ ਕੈਨੇਡਾ ਫੇਰੀ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਰੁਝੇਵੇਂ ਕਾਫੀ ਵਧਣ ਵਾਲੇ ਹਨ।

ਦੋਵੇਂ ਆਗੂ ਮਾਂਟਰੀਅਲ ਵਿੱਚ ਇੱਕ ਮੁਲਾਕਾਤ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਫੈਡਰਲ ਕੈਬਨਿਟ ਦੇ ਕਈ ਮੰਤਰੀ ਵੀ ਹਾਜਰ ਹੋਣਗੇ। ਟਰੂਡੋ ਦੇ ਆਫਿਸ ਨੇ ਦੱਸਿਆ ਕਿ ਦੋਵਾਂ ਆਗੂਆਂ ਵੱਲੋਂ ਨਿਵੇਸ਼ ਤੇ ਭਾਈਵਾਲੀ ਸਬੰਧੀ ਕਈ ਮੌਕਿਆਂ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ। ਇਨ੍ਹਾਂ ਵਿੱਚ ਮਿਨਰਲ ਤੇ ਆਟੋਮੋਟਿਵ ਸੈਕਟਰ ਵੀ ਸ਼ਾਮਲ ਹੋਣਗੇ। ਫਿਰ ਟਰੂਡੋ ਤੇ ਸ਼ੌਲਜ਼ ਫੈਡਰਲ ਸਰਕਾਰ ਵੱਲੋਂ ਫੰਡ ਪ੍ਰਾਪਤ ਨੈਸ਼ਨਲ ਆਰਟੀਫਿਸ਼ਲ ਇੰਟੈਲੀਜੈਂਸ ਇੰਸਟੀਚਿਊਟ ਦਾ ਦੌਰਾ ਕਰਨਗੇ ਤੇ ਉਸ ਤੋਂ ਬਾਅਦ ਡਿਨਰ ਲਈ ਟੋਰਾਂਟੋ ਜਾਣਗੇ।

ਪਿਛਲੇ ਸਾਲ ਦੇਸ਼ ਦੀ ਵਾਗਡੋਰ ਐਂਜੇਲਾ ਮਾਰਕਲ ਕੋਲੋਂ ਸਾਂਭਣ ਵਾਲੇ ਸ਼ੌਲਜ਼ ਆਪਣੇ ਇਸ ਕੈਨੇਡੀਅਨ ਦੌਰੇ ਦੌਰਾਨ ਪੱਛਮੀ ਨਿਊਫਾਊਂਡਲੈਂਡ ਵਿੱਚ ਸਟੀਫਨਵਿੱਲ ਵਿੱਚ ਵੀ ਰੁਕਣਗੇ। ਚਾਂਸਲਰ ਤੇ ਟਰੂਡੋ ਵੱਲੋਂ ਯੂਕਰੇਨ ਦੀ ਜੰਗ ਬਾਰੇ ਚਰਚਾ ਕੀਤੇ ਜਾਣ ਤੋਂ ਇਲਾਵਾ ਇੱਕ ਡੀਲ ਉੱਤੇ ਸਹੀ ਪਾਏ ਜਾਣ ਦੀ ਸੰਭਾਵਨਵਾ ਵੀ ਹੈ। ਇਸ ਡੀਲ ਤਹਿਤ ਕੈਨੇਡਾ ਜਰਮਨੀ ਨੂੰ ਕਲੀਨ ਹਾਈਡਰੋਜਨ ਸਪਲਾਈ ਕਰੇਗਾ।

# ਕਾਰਜੈਕ ਕਰਨ ਵਾਲੇ 3 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਨੌਰਥ ਯੌਰਕ ਦੇ ਪਾਰਕਿੰਗ ਲੌਟ ਵਿੱਚ ਗੰਨ ਦੀ ਨੋਕ ਉੱਤੇ ਇੱਕ ਮਹਿਲਾ ਤੋਂ ਗੱਡੀ ਖੋਹਣ ਵਾਲੇ ਤਿੰਨ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਐਤਵਾਰ ਸ਼ਾਮੀਂ 5:30 ਵਜੇ ਯੌਰਕ ਮਿਲਜ਼ ਰੋਡ ਤੇ ਬੇਅਵਿਊ ਐਵਨਿਊ ਸਥਿਤ ਮੈਟਰੋ ਸੁਪਰਮਾਰਕਿਟ ਦੇ ਪਾਰਕਿੰਗ ਲੌਟ ਵਿੱਚ ਮਸ਼ਕੂਕਾਂ ਨੇ ਇੱਕ ਮਹਿਲਾ ਦੀ ਐਸਯੂਵੀ ਨੂੰ ਘੇਰ ਲਿਆ। ਫਿਰ ਉਹ ਸਾਰੇ ਮਹਿਲਾ ਨੂੰ ਗੱਡੀ ਵਿੱਚੋਂ ਬਾਹਰ ਕੱਢ ਕੇ ਆਪ ਗੱਡੀ ਲੈ ਕੇ ਫਰਾਰ ਹੋ ਗਏ।

ਇਸ ਕਾਰਜੈਕਿੰਗ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਅਜੇ ਤੱਕ ਕਿਸੇ ਮਸ਼ਕੂਕ ਦਾ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ ਹੈ।

# ਕਾਰ ਨੇ ਸਟਰੋਲਰ ਨੂੰ ਮਾਰੀ ਟੱਕਰ, 2 ਸਾਲਾ ਬੱਚੇ ਦੀ ਹਾਲਤ ਨਾਜ਼ੁਕ




ਦਰਹਾਮ, 25 ਅਗਸਤ (ਪੋਸਟ ਬਿਊਰੋ) : ਦਰਹਾਮ ਰੀਜਨ ਵਿੱਚ ਇੱਕ ਕਾਰ ਵੱਲੋਂ ਸਟਰੋਲਰ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਨਿੱਕੇ ਬੱਚੇ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਐਤਵਾਰ ਰਾਤ ਨੂੰ 8:00 ਵਜੇ ਐਜੈਕਸ ਵਿੱਚ ਸਾਲੇਮ ਰੋਡ ਨੇੜੇ ਵਿਲੀਅਮਜ਼ ਸਟਰੀਟ ਉੱਤੇ ਵਾਪਰਿਆ। ਬੱਚੇ ਨੂੰ ਜਾਨਲੇਵਾ ਸੱਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਫਾਰਮ ਵਿੱਚ ਵਾਪਰੇ ਹਾਦਸੇ ਵਿੱਚ ਬੱਚੇ ਦੀ ਹੋਈ ਮੌਤ

ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਉੱਤਰਪੂਰਬੀ ਹਿੱਸੇ ਦੇ ਪੇਂਡੂ ਏਰੀਆ ਵਿੱਚ ਵਾਪਰੇ ਹਾਦਸੇ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਮੰਗਲਵਾਰ ਰਾਤ ਨੂੰ ਪੁਲਿਸ ਅਧਿਕਾਰੀਆਂ ਨੂੰ ਇੱਕ ਕਾਲ ਆਇਆ ਕਿ ਕਵਾਰਥਾ ਲੇਕਸ, ਓਨਟਾਰੀਓ ਵਿੱਚ ਐਮਿਲੀ ਟਾਊਨਸ਼ਿਪ ਕਮਿਊਨਿਟੀ ਵਿੱਚ ਇੱਕ ਬੱਚਾ ਸਕਿੱਡ ਸਟੀਅਰ ਹੇਠਾਂ ਫਸ ਗਿਆ ਹੈ। ਉਨ੍ਹਾਂ ਦੱਸਿਆ ਕਿ ਜਦੋਂ 7:30 ਦੇ ਨੇੜੇ ਤੇੜੇ ਪੁਲਿਸ ਅਧਿਕਾਰੀ ਤੇ ਪੈਰਾਮੈਡਿਕਸ ਉੱਥੇ ਪਹੁੰਚੇ ਤਾਂ ਬੱਚਾ ਮਸ਼ੀਨ ਦੇ ਹੇਠਾਂ ਹੀ ਫਸਿਆ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਬੱਚੇ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਮਾਮਲੇ ਦਾ ਮੁਲਾਂਕਣ ਚੀਫ ਕੌਰੋਨਰ ਆਫਿਸ ਵੱਲੋਂ ਕੀਤਾ ਜਾ ਰਿਹਾ ਹੈ। ਪਰ ਇਸ ਸਮੇਂ ਪੁਲਿਸ ਇਸ ਨੂੰ ਫਾਰਮਿੰਗ ਐਕਸੀਡੈਂਟ ਮੰਨ ਕੇ ਚੱਲ ਰਹੀ ਹੈ।

# ਰੂਸ ਵੱਲੋਂ ਦਿੱਤੀ ਜਾ ਰਹੀ ਗਲਤ ਜਾਣਕਾਰੀ ਨਾਲ ਨਜਿੱਠਣ ਲਈ ਕੈਨੇਡਾ ਤਿਆਰ ਕਰੇਗਾ ਵਿਸ਼ੇਸ਼ ਟੀਮ



ਓਟਵਾ, 25 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਰੂਸ ਵੱਲੋਂ ਦਿੱਤੀ ਜਾ ਰਹੀ ਗਲਤ ਜਾਣਕਾਰੀ ਤੇ ਕੀਤੇ ਜਾ ਰਹੇ ਕੂੜ ਪ੍ਰਚਾਰ ਨਾਲ ਨਜਿੱਠਣ ਲਈ ਫੈਡਰਲ ਸਰਕਾਰ ਵੱਲੋਂ ਇੱਕ ਵਿਸ਼ੇਸ਼ ਟੀਮ ਕਾਇਮ ਕੀਤੀ ਜਾਵੇਗੀ।

ਯੂਕਰੇਨ ਉੱਤੇ ਰੂਸ ਵੱਲੋਂ ਕੀਤੀ ਗਈ ਚੜ੍ਹਾਈ ਦੇ ਮੱਦੇਨਜ਼ਰ ਕੈਨੇਡਾ ਵੱਲੋਂ 62 ਹੋਰ ਰੂਸੀ ਵਿਅਕਤੀਆਂ ਤੇ ਰੂਸੀ ਮਿਲਟਰੀ ਆਰਗੇਨਾਈਜ਼ੇਸ਼ਨ ਉੱਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਸਰਕਾਰ ਨੇ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਉੱਤੇ ਅੱਜ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਵਿੱਚ ਕਈ ਰੂਸੀ ਫੈਡਰਲ ਗਵਰਨਰਜ਼ ਤੇ ਰੀਜਨਲ ਆਗੂ ਸ਼ਾਮਲ ਹਨ। ਇੱਥੇ ਹੀ ਬੱਸ ਨਹੀਂ ਇਨ੍ਹਾਂ ਆਗੂਆਂ ਦੇ ਪਰਿਵਾਰਕ ਮੈਂਬਰਾਂ ਉੱਤੇ ਵੀ ਪਾਬੰਦੀਆਂ ਲਾਈਆਂ ਗਈਆਂ ਹਨ।

ਪ੍ਰਧਾਨ ਮੰਤਰੀ ਵੱਲੋਂ ਇਨ੍ਹਾਂ ਨਵੇਂ ਮਾਪਦੰਡਾਂ ਦਾ ਐਲਾਨ ਯੂਕਰੇਨ ਦਾ ਸਮਰਥਨ ਕਰਨ ਵਾਲੇ ਦਰਜਨਾਂ ਦੇਸ਼ਾਂ ਦੇ ਆਗੂਆਂ ਦੀ ਮੀਟਿੰਗ ਦੌਰਾਨ ਕੀਤਾ ਗਿਆ। ਟਰੂਡੋ ਟੋਰਾਂਟੋ ਤੋਂ ਵੀਡੀਓਲਿੰਕ ਰਾਹੀਂ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਦੌਰਾਨ ਜਰਮਨੀ ਦੇ ਚਾਂਸਲਰ ਓਲਫ ਸ਼ੌਲਜ਼ ਨੇ ਵੀ ਯੂਕਰੇਨ ਦੀ ਹੋਰ ਮਦਦ ਦਾ ਤਹੱਈਆ ਪ੍ਰਗਟਾਇਆ।

# ਪਿੱਕਰਿੰਗ ਵਿੱਚ ਮਿਲੇ ਸੜੇ ਹੋਏ ਮਨੁੱਖੀ ਪਿੰਜਰ ਦੇ ਹਿੱਸੇ



ਪਿੱਕਰਿੰਗ, 25 ਅਗਸਤ (ਪੋਸਟ ਬਿਊਰੋ) : ਪਿੱਕਰਿੰਗ, ਓਨਟਾਰੀਓ ਵਿੱਚ ਇੱਕ ਵਿਅਕਤੀ ਨੂੰ ਲੋਕਲ ਟਰੇਲ ਉੱਤੇ ਥੋੜ੍ਹੀ ਜਿਹੀ ਜ਼ਮੀਨ ਪੁੱਟ ਕੇ ਬਣਾਈ ਹੋਈ ਕਬਰ ਵਿੱਚ ਸੜੇ ਹੋਏ ਮਨੁੱਖੀ ਪਿੰਜਰ ਦੇ ਹਿੱਸੇ ਮਿਲਣ ਤੋਂ ਬਾਅਦ ਹੋਮੀਸਾਈਡ ਜਾਂਚਕਾਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਦਰਹਾਮ ਪੁਲਿਸ ਅਨੁਸਾਰ ਉਨ੍ਹਾਂ ਨੂੰ ਐਤਵਾਰ ਨੂੰ ਕੰਸੈਸ਼ਨ ਰੋਡ 8 ਤੇ ਸਾਈਡਲਾਈਨ 20 ਨੇੜੇ ਏਟੀਵੀ ਰੋਡ ਦੇ ਨੇੜੇ ਹੀ ਮਿਲੇ ਇਨ੍ਹਾਂ ਮਨੁੱਖੀ ਪਿੰਜਰ ਦੇ ਹਿੱਸਿਆਂ ਕਾਰਨ ਮੌਕੇ ਉੱਤੇ ਸੱਦਿਆ ਗਿਆ। ਡੀਆਰਪੀਐਸ ਸਾਰਜੈਂਟ ਜੋਏਨ ਬਰਟੋਲਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਆਖਿਆ ਕਿ ਉਨ੍ਹਾਂ ਨੂੰ ਕੁੱਝ ਸ਼ੱਕੀ ਮਿਲਿਆ ਹੈ ਤੇ ਇਹ ਕਿਸੇ ਕਬਰ ਵਰਗਾ ਲੱਗ ਰਿਹਾ ਹੈ। ਇਸ ਸਮੇਂ ਇਹ ਮਨੁੱਖੀ ਪਿੰਜਰ ਦੇ ਹਿੱਸੇ ਲੱਗਦੇ ਹਨ ਤੇ ਇਹ ਸੜੇ ਹੋਏ ਲੱਗ ਰਹੇ ਹਨ।

ਪੁਲਿਸ ਨੇ ਦੱਸਿਆ ਕਿ ਜਿਸ ਇਲਾਕੇ ਵਿੱਚੋਂ ਇਹ ਸੜੇ ਹੋਏ ਪਿੰਜਰ ਮਿਲੇ ਹਨ ਉਹ ਇਹ ਇਲਾਕਾ ਪਿੱਕਰਿੰਗ ਦਾ ਪੇਂਡੂ ਇਲਾਕਾ ਹੈ ਤੇ ਸੜਕ ਤੋਂ 500 ਮੀਟਰ ਦੀ ਦੂਰੀ ਉੱਤੇ ਹੈ। ਇਸ ਸ਼ਖਸ ਦਾ ਪਤਾ ਲਾਉਣ ਲਈ ਪੋਸਟ ਮਾਰਟਮ ਕੀਤਾ ਜਾਵੇਗਾ ਤੇ ਉਸ ਤੋਂ ਬਾਅਦ ਹੀ ਮਰੇ ਹੋਏ ਵਿਅਕਤੀ ਦੀ ਉਮਰ, ਲਿੰਗ ਤੇ ਮੌਤ ਦੇ ਕਾਰਨ ਦਾ ਪਤਾ ਲੱਗ ਸਕੇਗਾ। ਕੌਰੋਨਰ ਆਫਿਸ ਨਾਲ ਰਲ ਕੇ ਫੋਰੈਂਸਿਕ ਜਾਂਚਕਾਰਾਂ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨੇੜੇ ਤੇੜੇ ਵਾਲੇ ਇਲਾਕੇ ਤੋਂ ਸਕਿਊਰਿਟੀ ਫੁਟੇਜ ਵੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਗੱਡੀ ਗਾਰਡਰੇਲ ਨਾਲ ਟਕਰਾਈ, 1 ਹਲਾਕ, 1 ਜ਼ਖ਼ਮੀ



ਹੈਮਿਲਟਨ, 25 ਅਗਸਤ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਹੈਮਿਲਟਨ ਵਿੱਚ ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਹੋਰ ਜ਼ਖ਼ਮੀ ਹੋ ਗਿਆ।

ਇਹ ਹਾਦਸਾ ਲਿੰਕਨ ਅਲੈਗਜ਼ੈਂਡਰ ਪਾਰਕਵੇਅ ਦੇ ਐਗਜ਼ਿਟ ਨੇੜੇ ਹਾਈਵੇਅ 403 ਦੀਆਂ ਪੂਰਬ ਵਾਲੀਆਂ ਲੇਨਜ਼ ਉੱਤੇ ਸ਼ਾਮੀਂ 7:45 ਉੱਤੇ ਵਾਪਰਿਆ। ਪੁਲਿਸ ਨੇ ਆਖਿਆ ਕਿ ਗੱਡੀ ਹਾਈਵੇਅ ਦੇ ਸੱਜੇ ਪਾਸੇ ਗਾਰਡਰੇਲ ਨਾਲ ਜਾ ਟਕਰਾਈ। ਗੱਡੀ ਦੇ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਜਦਕਿ ਨਾਲ ਬੈਠੀ ਸਵਾਰੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਘਰਾਂ ਦੀ ਮੁਰੰਮਤ ਕਰਨ ਦੇ ਨਾਂ ਉੱਤੇ ਲੋਕਾਂ ਤੋਂ ਪੈਸੇ ਠੱਗਣ ਵਾਲਾ ਵਿਅਕਤੀ ਗ੍ਰਿਫਤਾਰ



ਮਿਸੀਸਾਗਾ, 25 ਅਗਸਤ (ਪੋਸਟ ਬਿਊਰੋ) : ਕਥਿਤ ਕਾਂਟਰੈਕਟਰ ਸਕੈਮ ਦੇ ਚੱਲਦਿਆਂ ਮਿਸੀਸਾਗਾ ਦੇ ਇੱਕ ਵਿਅਕਤੀ ਨੂੰ ਫਰੌਡ ਦੇ ਚਾਰਜਿਜ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਕੈਮ ਕਾਰਨ ਦੋ ਸਾਲ ਦੇ ਅਰਸੇ ਵਿੱਚ ਲੋਕਾਂ ਨੂੰ ਇੱਕ ਮਿਲੀਅਨ ਡਾਲਰ ਦਾ ਚੂਨਾ ਲੱਗਿਆ।

ਪੀਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਕੈਮ ਵਿੱਚ ਗ੍ਰੇਟਰ ਟੋਰਾਂਟੋ ਏਰੀਆ (ਜੀਟੀਏ) ਦੇ ਕਈ ਰੈਜ਼ੀਡੈਂਟਸ ਨੂੰ ਨਿਸ਼ਾਨਾ ਬਣਾਇਆ ਗਿਆ। ਸੋਮਵਾਰ ਨੂੰ ਅਧਿਕਾਰੀਆਂ ਨੇ ਦੱਸਿਆ ਕਿ ਕਈ ਹੋਰਨਾਂ ਵਿਅਕਤੀਆਂ ਵੱਲੋਂ ਇਸ ਸ਼ਖਸ ਨੂੰ ਉਨ੍ਹਾਂ ਨਾਲ ਕੀਤੇ ਫਰੌਡ ਲਈ ਜ਼ਿੰਮੇਵਾਰ ਦੱਸਣ ਤੋਂ ਬਾਅਦ ਇਹ ਜਾਂਚ ਮੁੱਕੀ।

ਪੁਲਿਸ ਨੇ ਦੋਸ਼ ਲਾਇਆ ਕਿ ਮਿਸੀਸਾਗਾ ਦਾ 58 ਸਾਲਾ ਮਿਲੈਂਤਜ਼ੇ ਦੌਰਜ਼ੇਵਿਕ ਖੁਦ ਦੇ ਕਾਂਟਰੈਕਟਰ ਹੋਣ ਦਾ ਦਾਅਵਾ ਕਰਦਾ ਸੀ ਤੇ ਘਰਾਂ ਦੀ ਮੁਰੰਮਤ ਤੇ ਹੋਰ ਕਈ ਤਰ੍ਹਾਂ ਦੀਆਂ ਸੇਵਾਵਾਂ ਦੇਣ ਦਾ ਕੰਮ ਕਰਨ ਲਈ ਠੇਕਾ ਲੈ ਲੈਂਦਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਦੌਰਜ਼ੇਵਿਕ ਲੋਕਾਂ ਤੋਂ ਪੈਸੇ ਆਪ ਲੈਂਦਾ ਸੀ ਤੇ ਕੰਮ ਅੱਗੇ ਹੋਰ ਨਿੱਕੇ ਮੋਟੇ ਠੇਕੇਦਾਰਾਂ ਦੇ ਸਿਰ ਸੁੱਟ ਦਿੰਦਾ ਸੀ। ਜਾਂਚਕਾਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਸ਼ਖਸ ਨੇ ਕਈ ਲੋਕਾਂ ਤੋਂ ਪੈਸੇ ਤਾਂ ਲੈ ਲਏ ਪਰ ਕੰਮ ਕਦੇ ਸ਼ੁਰੂ ਹੀ ਨਹੀਂ ਕੀਤਾ।

ਪੁਲਿਸ ਵੱਲੋਂ ਦੌਰਜ਼ੇਵਿਕ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਨੂੰ ਲੋਕਾਂ ਨਾਲ ਫਰੌਡ ਕਰਨ ਤੇ ਚਾਰ ਲੋਕਾਂ ਨਾਲ 500,00 ਡਾਲਰ ਤੋਂ ਉੱਪਰ ਦੀ ਘਪਲੇਬਾਜ਼ੀ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ।

# ਚਾਕੂ ਨਾਲ ਇੱਕ ਵਿਅਕਤੀ ਉੱਤੇ ਹਮਲਾ ਕਰਨ ਵਾਲਾ ਮਸ਼ਕੂਕ ਗ੍ਰਿਫਤਾਰ




ਇਟੋਬੀਕੋ, 25 ਅਗਸਤ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਚਾਕੂ ਲੈ ਕੇ ਇੱਕ ਵਿਅਕਤੀ ਦਾ ਪਿੱਛਾ ਕਰਨ ਵਾਲੇ ਮਸ਼ਕੂਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਟੋਰਾਂਟੋ ਪੁਲਿਸ ਨੂੰ ਛੁਰੇਬਾਜ਼ੀ ਦੀ ਖਬਰ ਦੇ ਕੇ ਦੁਪਹਿਰੇ 11:00 ਵਜੇ ਦ ਈਸਟ ਮਾਲ ਤੇ ਰੈਥਬਰਨ ਰੋਡ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਹੱਥ ਵਿੱਚ ਚਾਕੂ ਲੈ ਕੇ ਇੱਕ ਵਿਅਕਤੀ ਦੂਜੇ ਦਾ ਪਿੱਛਾ ਕਰ ਰਿਹਾ ਸੀ। ਜਿਵੇਂ ਹੀ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਦੋਵਾਂ ਨੇ ਹੱਥੋਪਾਈ ਸ਼ੁਰੂ ਕਰ ਦਿੱਤੀ।

ਪੈਰਾਮੈਡਿਕਸ ਨੇ ਦੱਸਿਆ ਕਿ ਇਸ ਝੜਪ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਤੇ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ ਹਮਲੇ ਦਾ ਦਰਜਾ ਦਿੱਤਾ ਗਿਆ। ਦੋਵਾਂ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਇਲਾਜ ਲਈ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਚਾਕੂ ਲਿਆਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation
214-7895 Tranmere Drive, Mississauga ON L5S 1V9



# ਕੰਮ ਵਾਲੀ ਥਾਂ ਉੱਤੇ ਇੰਡੀਜੀਨਸ ਭਾਸ਼ਾ ਬੋਲਣ ਵਾਲਿਆਂ ਨੂੰ ਫੈਡਰਲ ਸਰਕਾਰ ਨਹੀਂ ਦੇਵੇਗੀ ਬੋਨਸ




ਓਟਵਾ, 25 ਅਗਸਤ (ਪੋਸਟ ਬਿਊਰੋ) : ਫੈਡਰਲ ਟਰੇਜ਼ਰੀ ਬੋਰਡ ਦਾ ਕਹਿਣਾ ਹੈ ਕਿ ਉਸ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ ਕਿ ਕੰਮ ਵਾਲੀ ਥਾਂ ਉੱਤੇ ਇੰਗਲਿਸ਼ ਤੇ ਫਰੈਂਚ ਭਾਸ਼ਾ ਬੋਲਣ ਵਾਲੇ ਮੁਲਾਜ਼ਮਾਂ ਨੂੰ ਮਿਲਣ ਵਾਲੇ ਬੋਨਸ ਦੀ ਤਰਜ਼ ਉੱਤੇ ਇੰਡੀਜੀਨਸ ਭਾਸ਼ਾ ਦੀ ਸਮਝ ਰੱਖਣ ਵਾਲਿਆਂ ਨੂੰ ਵੀ ਬੋਨਸ ਦਿੱਤਾ ਜਾਵੇ।

ਜ਼ਿਕਰਯੋਗ ਹੈ ਕਿ ਕੈਨੇਡਾ ਦੀਆਂ ਦੋ ਮੁੱਖ ਭਾਸ਼ਾਵਾਂ ਵਿੱਚ ਮਹਾਰਤ ਰੱਖਣ ਵਾਲੇ ਮੁਲਾਜ਼ਮਾਂ ਨੂੰ ਜੇ ਅੰਗਰੇਜ਼ੀ ਤੇ ਫਰੈਂਚ ਭਾਸ਼ਾ ਦੀ ਮੰਗ ਪੂਰੀ ਕਰਨ ਵਾਲੇ ਅਹੁਦੇ ਉੱਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਨੂੰ ਸਾਲ ਦੇ 800 ਡਾਲਰ ਵਾਧੂ ਬੋਨਸ ਵਜੋਂ ਮਿਲਦੇ ਹਨ। ਕੁੱਝ ਇੰਡੀਜੀਨਸ ਪਬਲਿਕ ਸਰਵੈਂਟਸ ਭਾਸ਼ਾ ਸਬੰਧੀ ਆਉਣ ਵਾਲੀ ਦਿੱਕਤ ਨੂੰ ਧਿਆਨ ਵਿੱਚ ਰੱਖਦਿਆਂ ਪਿਛਲੇ ਸਾਲ ਸੀਨੀਅਰ ਸਿਵਲ ਸਰਵੈਂਟਸ ਵੱਲੋਂ ਇਹ ਪ੍ਰਸਤਾਵ ਦਿੱਤਾ ਗਿਆ ਸੀ ਕਿ ਇੰਡੀਜੀਨਸ ਭਾਸ਼ਾ ਦੀ ਸਮਝ ਰੱਖਣ ਵਾਲਿਆਂ ਨੂੰ ਵੀ ਇਹੋ ਜਿਹਾ ਬੋਨਸ ਦਿੱਤਾ ਜਾਵੇ।

ਟਰੇਜ਼ਰੀ ਬੋਰਡ ਦੇ ਅਧੀਨ ਆਉਂਦੇ 120,000 ਫੈਡਰਲ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਨੇ ਆਪਣੇ ਕੰਮ ਦੌਰਾਨ ਇੰਡੀਜੀਨਸ ਭਾਸ਼ਾ ਦੀ ਵਰਤੋਂ ਕਰਨ ਵਾਲਿਆਂ ਲਈ ਵੀ ਇਸ ਤਰ੍ਹਾਂ ਦਾ ਕੋਈ ਭੱਤਾ ਰੱਖਣ ਦੀ ਤਜਵੀਜ਼ ਦਿੱਤੀ ਸੀ। ਯੂਨੀਅਨ ਦੇ ਕੌਮੀ ਪ੍ਰਧਾਨ ਕ੍ਰਿਸ ਏਲਵਰਡ ਨੇ ਆਖਿਆ ਕਿ ਯੂਨੀਅਨ ਨੇ ਇਹ ਸ਼ਨਾਖਤ ਕੀਤੀ ਹੈ ਕਿ 500 ਫੈਡਰਲ ਮੁਲਾਜ਼ਮ ਅਜਿਹੇ ਹਨ ਜਿਹੜੇ ਕੰਮ ਉੱਤੇ ਇੰਡੀਜੀਨਸ ਭਾਸ਼ਾ ਦੀ ਵਰਤੋਂ ਕਰਦੇ ਹਨ।

ਉਨ੍ਹਾਂ ਆਖਿਆ ਕਿ ਜੇ ਅਜਿਹੇ ਮੁਲਾਜ਼ਮਾਂ ਲਈ ਇਸ ਤਰ੍ਹਾਂ ਦਾ ਬੋਨਸ ਨਹੀਂ ਰੱਖਿਆ ਜਾਂਦਾ ਤਾਂ ਉਹ ਪੱਖਪਾਤੀ ਵਿਵਹਾਰ ਹੋਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਨਾਲ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਨਵੇਂ ਕਾਂਟਰੈਕਟ ਬਾਰੇ ਵਿਚਾਰ ਵਟਾਂਦਰਾ ਕਰ ਰਹੀ ਯੂਨੀਅਨ ਵੱਲੋਂ ਬਾਇਲਿੰਗੁਅਲ ਬੋਨਸ 800 ਡਾਲਰ ਤੋਂ ਵਧਾ ਕੇ 1500 ਡਾਲਰ ਤੱਕ ਕਰਨ ਦੀ ਸਿਫਾਰਿਸ਼ ਵੀ ਕੀਤੀ ਜਾ ਰਹੀ ਹੈ।

## ਅੱਜ ਨਾਮਾ >>

ਨਰਿੰਦਰ ਮੋਦੀ ਪੰਜਾਬ ਨੂੰ ਆਏ, ਮੁੜ ਗਏ,
ਹਰ ਕੋਈ ਆਪਣੇ ਅਰਥ ਰਿਹਾ ਦੱਸ ਮੀਆਂ।
ਕਹਿੰਦਾ ਕੋਈ, ਨਹੀਂ ਕੋਈ ਐਲਾਨ ਕਰਿਆ,
ਗਿਣਾਈਆਂ ਮੰਗਾਂ ਨੂੰ ਟਾਲ ਗਏ ਹੱਸ ਮੀਆਂ।
ਦੂਜਾ ਕਹਿੰਦਾ ਕਿ ਤਰਲਾ ਭਗਵੰਤ ਕਰਿਆ,
ਹੋਇਆ ਹਾਕਮ ਨਹੀਂ ਟੱਸ ਤੋਂ ਮੱਸ ਮੀਆਂ।
ਬੋਲਿਆ ਚੌਥਾ ਕਿ ਬਾਕੀ ਬਈ ਬਾਤ ਮਗਰੋਂ,
ਕਰੀਏ ਕੁਝ ਮਿਲੇ ਦਾ ਕਦੀ ਤਾਂ ਜੱਸ ਮੀਆਂ।
ਵਧੇ ਪਿਆ ਕੈਂਸਰ ਦਾ ਰੋਗ ਪੰਜਾਬ ਦੇ ਵਿੱਚ,
ਉਹਦੇ ਇਲਾਜਲਈ ਬਹੁਤ ਸੀ ਲੋੜ ਮੀਆਂ।
ਮੁੜ ਕੇ ਆਊ ਜਦ ਕੇਂਦਰ ਦਾ ਕੋਈ ਹਾਕਮ,
ਗਿਣ-ਗਿਣ ਦੱਸਿਉ ਮੰਗਾਂ ਕਈ ਜੋੜ ਮੀਆਂ।

**ਤੀਸ ਮਾਰ ਖਾਂ**

# ਕੋਟਕਪੂਰਾ ਗੋਲੀ ਕਾਂਡ ਕੇਸ ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਐੱਸ ਆਈ ਟੀ ਵੱਲੋਂ ਸੰਮਨ ਜਾਰੀ

* 30 ਅਗਸਤ ਨੂੰ ਇੱਕ ਵਾਰ ਫਿਰ ਪੇਸ਼ ਹੋਣ ਲਈ ਆਖਿਆ * ਸੁਖਬੀਰ ਦੀ ਗ੍ਰਿਫ਼ਤਾਰੀ ਚਾਹੀਦੀ ਹੈ, ਸੰਮਨ ਨਹੀਂ : ਕੁੰਵਰ ਵਿਜੈ ਪ੍ਰਤਾਪ

ਫਰੀਦਕੋਟ, 25 ਅਗਸਤ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਸਮੇਂ ਹੋਏ ਬੇਅਦਬੀ ਕਾਂਡ ਪਿੱਛੋਂ ਰੋਸ ਕਰਦੀ ਸੰਗਤ ਉੱਤੇ ਪੁਲਸ ਵੱਲੋਂ ਗੋਲੀ ਚਲਾਏ ਜਾਣ ਵਾਲੇ ਕੋਟਕਪੂਰਾ ਕੇਸ ਦੀ ਜਾਂਚ ਕਰ ਰਹੀ ਐੱਸ ਆਈ ਟੀ(ਵਿਸ਼ੇਸ਼ ਜਾਂਚ ਟੀਮ) ਨੇ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇੱਕ ਵਾਰ ਫਿਰ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਹੈ। ਐੱਸ ਆਈ ਟੀ ਨੇ ਸੁਖਬੀਰ ਸਿੰਘ ਬਾਦਲ ਨੂੰ 30 ਅਗਸਤ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਣ ਨੂੰਕਿਹਾ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚਐੱਸ ਆਈ ਟੀ ਨੇ ਸਾਬਕਾ ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀਪਹਿਲਾਂ ਪੁੱਛ-ਗਿੱਛ ਕੀਤੀ ਸੀ ਤੇ ਸੁਖਬੀਰ ਸਿੰਘ ਬਾਦਲ ਤੋਂਤਿੰਨ ਵਾਰ ਪੁੱਛ-ਗਿੱਛ ਚੁੱਕੀ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਿਛਲੇ ਸਾਲ ਨਵੀਂਐੱਸ ਆਈ ਟੀਬਣਾਉਣ ਦੇ ਹੁਕਮਦਿੱਤੇ ਸਨ। ਇਸ ਕੇਸ ਦੀ ਸ਼ਿਕਾਇਤ (ਐੱਫਆਈਆਰ) ਨੰਬਰ 192 ਮਿਤੀ 14 ਅਕਤੂਬਰ 2015 ਅਤੇ ਐੱਫਆਈਆਰ ਨੰਬਰ 129 ਮਿਤੀ 7 ਅਗਸਤ 2018 ਦੀ ਜਾਂਚ, ਦੋਵੇਂ ਕੇਸ ਸਿਟੀ ਥਾਣਾ ਕੋਟਕਪੂਰਾ (ਕੋਟਕਪੂਰਾ ਪੁਲਿਸ ਫਾਇਰਿੰਗ ਨਾਲ ਸੰਬੰਧਤ) ਵਿੱਚ ਦਰਜ ਹਨ। 14 ਅਕਤੂਬਰ 2015 ਨੂੰ ਕੋਟਕਪੂਰਾ ਵਿੱਚ ਸ਼ਾਂਤਮਈ ਧਰਨੇ ਉੱਤੇ ਬੈਠੀ ਸੰਗਤਾਂ ਉੱਤੇ ਪੁਲਿਸ ਗੋਲੀ ਨਾਲ ਜ਼ਖ਼ਮੀ ਲੋਕਾਂ ਵਿੱਚੋਂ ਇੱਕ ਨੌਜਵਾਨ ਅਜੀਤ ਸਿੰਘ ਦੇ ਬਿਆਨਾਂ ਉੱਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਹਦਾਇਤ ਉੱਤੇ ਥਾਣਾ ਸਿਟੀ ਕੋਟਕਪੂਰਾ ਵਿਖੇ 7 ਅਗਸਤ 2018 ਨੂੰ ਨਵਾਂ ਕੇਸ ਨੰਬਰ 129 ਦਰਜ ਹੋਇਆ ਸੀ। ਇਸ ਦੀ ਇੱਕ ਰਿਪੋਰਟ ਉਸ ਵਕਤ ਦੇ ਆਈ ਜੀ ਪੁਲਸ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਤਿਆਰ ਕੀਤੀ ਸੀ, ਪਰ ਉਹ ਹਾਈ ਕੋਰਟ ਨੇ ਰੱਦ ਕਰ ਦਿੱਤੀ ਅਤੇ ਇਸ ਦੀ ਜਾਂਚ ਲਈ ਨਵੀਂ ਐੱਸ ਆਈ ਟੀ ਬਣਾਉਣ ਲਈ ਕਿਹਾ ਸੀ।



ਇਸ ਦੌਰਾਨ ਪੁਲਸ ਦੀ ਨੌਕਰੀ ਛੱਡਣ ਪਿੱਛੋਂ ਆਮ ਆਦਮੀ ਪਾਰਟੀ ਵੱਲੋਂ ਚੋਣ ਲੜ ਕੇ ਵਿਧਾਇਕ ਬਣਾ ਚੁੱਕੇ ਸਾਬਕਾ ਆਈਜੀਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅੱਜ ਆਖਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਜਾ ਰਿਹਾ, 7 ਸਾਲਾਂ ਬਾਅਦ ਵੀ ਸੰਮਨ ਭੇਜੇ ਜਾ ਰਹੇ ਹਨ। ਕੁੰਵਰ ਪ੍ਰਤਾਪ ਨੇ ਕਿਹਾ ਕਿ 'ਜਦੋਂ ਮੇਰੀ ਰਿਪੋਰਟ ਰੱਦ ਹੋਈ, ਮੈਂ ਉਦੋਂ ਚੈਲਿੰਜ ਕੀਤਾ ਸੀ ਕਿ ਕੋਈ ਵਿਅਕਤੀ ਆ ਕੇ ਇਕ ਲਾਈਨ ਦੀ ਗਲਤੀ ਕੱਢ ਦੇਵੇ। 9 ਅਪ੍ਰੈਲ 2021 ਨੂੰ ਰਿਪੋਰਟ ਰੱਦ ਹੋਈ ਤੇ ਅੱਜ 25 ਅਗਸਤ ਹੈ। 1 ਸਾਲ 4 ਮਹੀਨੇ ਹੋ ਗਏ ਹਨ, ਕਿਸੇ ਨੇਆ ਕੇ ਇਹ ਨਹੀਂ ਕਿਹਾ ਕਿ ਆਹ ਗਲਤ ਹੈ।'ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵਿਰੁੱਧ ਕੋਈ ਬੋਲ ਕੇ ਕੋਈ ਰਾਜ਼ੀ ਨਹੀਂ। ਉਨ੍ਹਾਂ ਕਿਹਾ,'ਜੇ ਕੋਈ ਅਫ਼ਸਰ ਹੁੰਦਾ ਤਾਂ ਨਸ਼ੇ ਦੇ ਥੋਕ ਵਪਾਰੀ ਦਾ ਰਿਮਾਂਡ ਲੈ ਸਕਦਾ ਸੀ, ਪਰ ਕੋਈ ਤਿਆਰ ਨਹੀਂ। ਨਾ ਚੰਨੀ ਸਰਕਾਰ ਵੇਲੇ ਅਜਿਹਾ ਕੋਈ ਅਫ਼ਸਰ ਸੀ ਅਤੇ ਨਾ ਅੱਜ ਹੈ।' ਉਨ੍ਹਾਂ ਕਿਹਾ ਕਿ ਮੈਂ ਨੌਕਰੀ ਛੱਡਣ ਪਿੱਛੋਂ ਫੇਸਬੁੱਕ ਉੱਤੇ 13 ਅਪ੍ਰੈਲ 2021 ਨੂੰ ਲਿਖਿਆ ਸੀ ਕਿ 'ਮੈਂ ਆਪਣੀ ਅਪੀਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਰੱਖ ਦਿੱਤੀ ਹੈ ਅਤੇ ਇਨਸਾਫ਼ ਉਨ੍ਹਾਂ ਨੇ ਕਰਨਾ ਹੈ। ਇਨਸਾਫ਼ ਦੁਨੀਆ ਦੀ ਅਦਾਲਤ ਨਾ ਕਰੇਗੀ ਤੇ ਨਾ ਸਰਕਾਰ ਕਰੇਗੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਨੇ ਇਨਸਾਫ਼ ਕਰਨਾ ਹੈ।'

# ਭਾਰਤ ਭੂਸ਼ਣ ਆਸ਼ੂ ਦਾ ਨਿੱਜੀ ਸਹਾਇਕ ਵੀ ਕਰੋੜਪਤੀ ਨਿਕਲਿਆ

* ਵਿਜੀਲੈਂਸ ਵੱਲੋਂ ਆਸ਼ੂ ਦੇ ਕਰੀਬੀਆਂ ਦੀ ਲਿਸਟ ਤਿਆਰ

ਲੁਧਿਆਣਾ, 25 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਹੋਏ ਅਨਾਜ ਮੰਡੀ ਟ੍ਰਾਂਸਪੋਰਟੇਸ਼ਨ ਟੈਂਡਰ ਦੇ ਘਪਲੇ ਵਿੱਚ ਸਾਬਕਾ ਮੰਤਰੀ ਭਾਰਤ ਭੂਸ਼ਣਆਸ਼ੂ ਦੀ ਗ੍ਰਿਫ਼ਤਾਰੀ ਹੋਣ ਪਿੱਛੋਂ ਉਨ੍ਹਾਂ ਦੇ ਨੇੜੂਆਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਵਿਜੀਲੈਂਸ ਨੇ ਇੱਕ ਲਿਸਟ ਬਣਾਈ ਹੈ, ਜਿਸ ਵਿੱਚ ਆਸ਼ੂ ਨਾਲ ਰਹਿ ਕੇ ਕੰਮ ਕਰਨ ਅਤੇ ਪੈਸਾ ਇਨਵੈਸਟ ਕਰਨ ਵਾਲੇ ਲੋਕਾਂ ਦੇ ਨਾਂਅ ਹਨ ਅਤੇ ਇਨ੍ਹਾਂ ਲੋਕਾਂ ਨੂੰ ਪੁੱਛ-ਗਿੱਛ ਲਈ ਜਲਦੀ ਬੁਲਾਇਆ ਜਾ ਸਕਦਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਵਿਜੀਲੈਂਸ ਨੂੰ ਪਤਾ ਲੱਗਾ ਹੈ ਕਿ ਆਸ਼ੂ ਲੁਧਿਆਣਾ ਦੇ ਇੱਕ ਵੱਡੇ ਫਾਈਨਾਂਸਰ ਰਾਹੀਂ ਹੀ ਫਾਈਨਾਂਸ ਕਰਦਾ ਸੀ ਤੇ ਉਹ ਫਾਈਨਾਂਸਰ ਵਿਜੀਲੈਂਸ ਦੇ ਰਾਡਾਰ ਉੱਤੇ ਹੈ। ਇਸ ਤੋਂ ਬਿਨਾ ਸਭ ਤੋਂ ਨੇੜੇ ਕਹੇ ਜਾਂਦੇ ਪੀ ਏ ਮੀਨੂ ਮਲਹੋਤਰਾ ਨੂੰ ਪਹਿਲਾਂ ਹੀ ਨਾਮਜ਼ਦ ਕਰ ਲਿਆ ਸੀ ਤੇ ਉਸ ਦੇ ਬੈਂਕ ਅਕਾਊਂਟਸ ਤੇਜ-ਾਇਦਾਦ ਦੀ ਜਾਂਚ ਚੱਲ ਰਹੀ ਹੈ।ਉਹ ਹਾਲੇ ਤੱਕ ਮਿਲਿਆ ਨਹੀਂ, ਪਰ ਪੁਲਸ ਮੀਨੂ ਦੀ ਭਾਲ ਵਿੱਚ ਹੈ।

ਪਤਾ ਲੱਗਾ ਹੈ ਕਿ ਸਾਬਕਾ ਮੰਤਰੀ ਭਾਰਤ ਭੂਸ਼ਣਆਸ਼ੂ ਨੇ ਕਰੋੜਾਂ ਰੁਪਏ ਕਈ ਥਾਂ ਇਨਵੈਸਟ ਕੀਤੇ ਹਨ, ਜਿਸ ਨਾਲ ਕਰੋੜਾਂ ਰੁਪਏ ਦੀਆਂ ਕਮਰਸ਼ਲ ਇਮਾਰਤਾਂ ਤੇ ਕਰੋੜਾਂ ਦੀ ਰਿਹਾਇਸ਼ੀ ਪ੍ਰਾਪਰਟੀ ਬਣਾਉਣ ਦੀ ਸੂਹ ਵਿਜੀਲੈਂਸ ਨੂੰ ਮਿਲੀ ਹੈ।ਦੱਸਿਆ ਗਿਆ ਹੈ ਕਿ ਆਸ਼ੂ ਨੇ ਇਨਵੈਸਟਰਾਂ ਰਾਹੀਂ ਕਰੋੜਾਂ ਰੁਪਏ ਬਜ਼ਾਰ ਵਿੱਚ ਲਾਏ ਹਨ।ਇਸ ਲਈ ਫੜੇ ਗਏ ਪਹਿਲੇ ਦੋਸ਼ੀ ਤੇਲੂ ਰਾਮ ਨੇ ਆਸ਼ੂ ਦੇ ਕਈ ਨੇੜੂਆਂ ਦਾ ਨਾਂ ਲਿਆ ਹੈ। ਵਿਜੀਲੈਂਸ ਨੂੰ ਪਤਾ ਲੱਗਾ ਹੈ ਕਿ ਸਰਕਾਰੀ ਡੀਪੂ ਅਤੇ ਘਰ ਮੂਹਰੇ ਕਰਿਆਨੇ ਦੀ ਦੁਕਾਨ ਚਲਾਉਣ ਵਾਲਾਮੀਨੂ ਪੰਕਜ ਮਲਹੋਤਰਾ ਜਦੋਂ ਸਾਬਕਾ ਮੰਤਰੀ ਆਸ਼ੂ ਨਾਲ ਜੁੜਿਆ ਤਾਂ ਕੱਝ ਸਮੇਂ ਵਿੱਚ ਹੀ ਕਰੋੜਾਂ ਦੀ ਜਾਇਦਾਦ ਦਾ ਮਾਲਕ ਬਣ ਗਿਆ ਸੀ।ਉਸ ਦੀਆਂਪ੍ਰਾਈਮ ਲੋਕੇਸ਼ਨਾਂ ਉੱਤੇ 6 ਜਾਇਦਾਦਾਂ ਦੀ ਸੂਚੀ ਵਿਜੀਲੈਂਸ ਨੂੰ ਮਿਲ ਗਈ ਹੈ, ਜੋ ਜਿਨ੍ਹਾਂ ਦੀ ਕੀਮਤ ਕਰੋੜਾਂ ਰੁਪਏ ਦੱਸੀ ਜਾਂਦੀ ਹੈ।

## ਕੇਜਰੀਵਾਲ ਸਰਕਾਰ ਦੀ ਨਵੀਂ ਮੁਸੀਬਤ, ਵਿਸ਼ਵ ਪੱਧਰੀ ਹੁਨਰ ਕੇਂਦਰ ਅਤੇ ਯੂਨੀਵਰਸਿਟੀ ਲਈ ਜ਼ਮੀਨ ਦੇਣ ਵਿੱਚ ਬੇਨਿਯਮੀਆਂ ਦਾ ਦੋਸ਼ ਲੱਗਾ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਦਿੱਲੀ ਦੀ ਸਰਕਾਰ ਵਿਰੁੱਧ ਨਵੀਂ ਐਕਸਾਈਜ਼ ਨੀਤੀ-2021-22ਦਾ ਮੁੱਦਾ ਉੱਭਰਨਪਿੱਛੋਂਦਿੱਲੀਦੇ ਜੌਨਾਪੁਰ ਪਿੰਡ ਵਿੱਚਬਣਨ ਵਾਲੇ ਵਿਸ਼ਵ ਪੱਧਰੀ ਹੁਨਰ ਕੇਂਦਰ ਅਤੇ ਯੂਨੀਵਰਸਿਟੀ ਨੂੰ ਜ਼ਮੀਨ ਲੈ ਕੇ ਦੇਣ ਦੇ ਮੁੱਦੇ ਉੱਤੇਵੀ ਕੇਜਰੀਵਾਲ ਸਰਕਾਰ ਉੱਤੇ ਦੋਸ਼ ਲੱਗਣ ਲੱਗ ਪਏ ਹਨ।

ਇਸ ਬਾਰੇਸੁਪਰੀਮ ਕੋਰਟ ਦੇ ਨਿਯੁਕਤ ਕੀਤੀ ਕੇਂਦਰੀ ਅਧਿਕਾਰ ਪ੍ਰਾਪਤ ਕਮੇਟੀ (ਸੀਈਸੀ) ਨੇ ਕਿਹਾ ਹੈ ਕਿ ਦਿੱਲੀ ਸਰਕਾਰ ਦੇ ਪੰਚਾਇਤੀ ਵਿਭਾਗ ਨੇ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਬਿਨਾਂ ਦੱਖਣੀ ਦਿੱਲੀਵਿੱਚ ਜੌਨਾਪੁਰ ਪਿੰਡ ਵਿੱਚ ਵਿਸ਼ਵ ਪੱਧਰੀ ਹੁਨਰ ਕੇਂਦਰ ਤੇ ਯੂਨੀਵਰਸਿਟੀ ਵਾਸਤੇ ਜ਼ਮੀਨ ਲੈ ਲਈ ਹੈ।ਵਰਨਣ ਯੋਗ ਹੈ ਕਿ ਜੰਗਲਾਤ (ਬਚਾਉ) ਐਕਟ 1980 ਦੇ ਅਨੁਸਾਰਗੈਰ-ਜੰਗਲਾਤ ਕੰਮਾਂ ਲਈਇਹੋ ਜਿਹੀ ਜ਼ਮੀਨ ਲੈਣ ਲਈ ਕੇਂਦਰ ਸਰਕਾਰ ਦੀ ਅਗਾਊਂ ਇਜਾਜ਼ਤ ਜ਼ਰੂਰੀ ਹੈ।ਇਸ ਬਾਰੇ ਸੀਈਸੀ ਨੇ ਕਿਹਾ ਕਿ ਉਸਨੇ ਪਿਛਲੇ ਸਾਲ ਜੁਲਾਈ ਵਿੱਚਦਿੱਲੀ ਦੇ ਚੀਫ ਸੈਕਟਰੀ ਨੂੰ ਪੱਤਰ ਲਿਖ ਕੇ ਸਪੱਸ਼ਟੀਕਰਨ ਮੰਗਿਆ, ਪਰ ਵਾਰ-ਵਾਰ ਕਹਿਣ ਦੇ ਬਾਵਜੂਦ ਦਿੱਲੀ ਸਰਕਾਰ ਨੇ ਜਵਾਬ ਨਹੀਂ ਦਿੱਤਾ।ਕਮੇਟੀ ਨੇ ਕਿਹਾ ਕਿ ਵਿਸ਼ਵ ਪੱਧਰੀ ਹੁਨਰ ਕੇਂਦਰ ਤੇ ਯੂਨੀਵਰਸਿਟੀ ਦੇ ਲਈ ਸਿਖਲਾਈ ਅਤੇ ਤਕਨੀਕੀ ਸਿੱਖਿਆ ਵਿਭਾਗ ਨੂੰ ਜ਼ਮੀਨ ਟਰਾਂਸਫਰ ਕਰਨਮਗਰੋਂ ਜੌਨਾਪੁਰ ਦੀ 37.11 ਏਕੜ ਜੰਗਲਾਤ ਜ਼ਮੀਨ ਨੂੰ ਦਿੱਲੀ ਵਿਕਾਸ ਅਥਾਰਟੀ ਦੇ ਰਿਕਾਰਡ ਵਿੱਚ ਰਿਹਾਇਸ਼ੀ ਜ਼ਮੀਨ ਦੱਸਿਆ ਗਿਆ ਹੈ। ਕਮੇਟੀ ਨੇ 22 ਅਗਸਤ ਨੂੰ ਚੀਫ ਸੈਕਟਰੀਦਿੱਲੀ ਨੂੰ ਲਿਖੇਪੱਤਰ ਵਿੱਚ ਕਿਹਾ, "ਕੇਂਦਰ ਸਰਕਾਰ ਦੀ ਅਗੇਤੀ ਪ੍ਰਵਾਨਗੀ ਬਿਨਾਂ ਐਨਸੀਟੀ (ਨੈਸ਼ਨਲ ਕੈਪੀਟਲ ਰੀਜਨ) ਦਿੱਲੀਸਰਕਾਰ ਨੇ ਜੰਗਲਾਤ ਐਕਟ 1980 ਦੀ ਉਲੰਘਣਾ ਨਾਲ ਗੈਰ-ਜੰਗਲਾਤ ਵਰਤੋਂ ਲਈ ਜ਼ਮੀਨ ਦਿੱਤੀ ਹੈ।ਦਿੱਲੀ ਜੰਗਲਾਤ ਵਿਭਾਗ ਨੇ ਵੀਕਿਹਾ ਕਿ ਵਿਚਾਰ ਹੇਠਲੀ ਜ਼ਮੀਨ ਜੰਗਲ ਦੀ ਹੈ। ਉਨ੍ਹਾਂ ਕਿਹਾ, "ਮੀਟਿੰਗ ਵਿੱਚਦਿੱਲੀ ਸਰਕਾਰ ਦੇ ਜੰਗਲਾਤ ਮੁੱਖ ਅਫਸਰ ਨੇ ਪੁਸ਼ਟੀ ਕੀਤੀ ਕਿ ਜੌਨਪੁਰ ਵਿੱਚ ਵਿਸ਼ਵ ਪੱਧਰੀ ਹੁਨਰ ਕੇਂਦਰ ਅਤੇ ਯੂਨੀਵਰਸਿਟੀ ਲਈ ਅਲਾਟ ਕੀਤੀ 37.11 ਏਕੜ ਜ਼ਮੀਨ ਜੰਗਲ ਦੀ ਹੈ। ਦਸੰਬਰ 2019 ਵਿੱਚਦਿੱਲੀ ਸਰਕਾਰ ਨੇ ਲਗਪਗ 254 ਕਰੋੜ ਰੁਪਏ ਲਾਗਤ ਨਾਲ ਜੌਨਾਪੁਰ ਵਿੱਚ ਵਿਸ਼ਵ ਪੱਧਰੀ ਹੁਨਰ ਕੇਂਦਰ ਤੇ ਯੂਨੀਵਰਸਿਟੀ ਬਣਾਉਣ ਦੀ ਮਨਜ਼ੂਰੀ ਦਿੱਤੀ ਸੀ।

ਆਮਦਨ ਤੋਂ ਵੱਧ ਜਾਇਦਾਦ ਦਾ ਕੇਸ:

## ਏ ਆਈ ਜੀ ਪੁਲਸ ਆਸ਼ੀਸ਼ ਕਪੂਰ ਦੇ ਘਰ ਵਿਜੀਲੈਂਸ ਦੀ ਰੇਡ

ਮੁਹਾਲੀ, 25 ਅਗਸਤ, (ਪੋਸਟ ਬਿਊਰੋ)- ਪੰਜਾਬ ਦੇਵਿਜੀਲੈਂਸ ਵਿਭਾਗ ਨੇ ਅੱਜ ਪੰਜਾਬ ਪੁਲਿਸ ਦੇ ਇੱਕ ਏ ਆਈ ਜੀ ਆਸ਼ੀਸ਼ ਕਪੂਰ ਦੇ ਘਰ ਛਾਪਾ ਮਾਰਿਆ ਅਤੇ ਸਾਰੇ ਘਰ ਦੀ ਤਲਾਸ਼ੀ ਦੇ ਨਾਲ ਮਿਣਤੀ ਵੀ ਕੀਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਵਿਜੀਲੈਂਸ ਟੀਮ ਅੱਜ ਸਵੇਰੇ 5 ਵਜੇ ਮੁਹਾਲੀ ਦੇ ਸੈਕਟਰ-88 ਵਿੱਚ ਆਸ਼ੀਸ਼ ਕਪੂਰ ਦੀ ਆਲੀਸ਼ਨ ਕੋਠੀਵਿੱਚ ਪਹੁੰਚੀ ਸੀ।ਇਸ ਛਾਪੇ ਬਾਰੇ ਆਸ਼ੀਸ਼ ਕਪੂਰ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕੀਤਾ ਅਤੇ ਉਹ ਕਿਸੇ ਵੀ ਜਾਂਚ ਲਈ ਤਿਆਰ ਹਨ।ਵਿਜੀਲੈਂਸ ਅਫਸਰਕਾਫੀ ਸਮੇਂ ਆਸ਼ੀਸ਼ ਕਪੂਰ ਦੇ ਘਰ ਦੀ ਜਾਂਚ ਕਰਦੇ ਰਹੇ। ਇਸ ਸੰਬੰਧ ਵਿੱਚਟੈਕਨੀਕਲ ਟੀਮ ਨੇਆਸ਼ੀਸ਼ ਕਪੂਰਦੀ ਕੋਠੀ ਦੀ ਪੈਮਾਇਸ਼ ਵੀ ਕੀਤੀ। ਅਸ਼ੀਸ਼ ਕਪੂਰ ਨੇ ਦੱਸਿਆ ਕਿ ਉਹ ਵਿਜੀਲੈਂਸ ਨੂੰ ਹਰ ਪੱਖੋਂ ਜਾਂਚ ਵਿੱਚ ਸਹਿਯੋਗ ਕਰ ਰਹੇ ਹਨ ਤੇ ਉਹ ਇਸ ਕੇਸ ਵਿੱਚ ਸਾਫ਼-ਪਾਕ ਹਨ। ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੀ ਰੁਟੀਨ ਪੜਤਾਲ ਦਾ ਹਿਸਾ ਹੈ।

ਪੰਜਾਬ ਪੁਲਸ ਵਿੱਚ ਏ ਆਈ ਜੀ ਅਤੇ ਜ਼ਿਲਾ ਪੁਲਸ ਮੁਖੀ (ਐੱਸ ਐੱਸ ਪੀ) ਬਰਾਬਰ ਦੇ ਰੈਂਕ ਹੁੰਦੇ ਹਨ ਅਤੇ ਆਸ਼ੀਸ਼ ਕਪੂਰ ਅੱਜਕੱਲ੍ਹ ਸ਼ਾਹਪੁਰਕੰਡੀ ਵਿਖੇ ਆਈ ਆਰ ਬੀ (ਇੰਡੀਆ ਰਿਜ਼ਰਵ ਬਟਾਲੀਅਨ) ਦੀ ਚੌਥੀ ਯੂਨਿਟ ਦੇ ਕਮਾਂਡੈਂਟ ਹਨ ਅਤੇ ਪਹਿਲਾਂ ਐੱਸ ਐੱਸ ਪੀ ਵਜੋਂ ਵੀ ਤਾਇਨਾਤ ਰਹਿ ਚੁੱਕੇ ਹਨ।

# ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕੁਤਾਹੀ ਦੀ ਜਾਂਚ ਰਿਪੋਰਟ ਨੇ ਤੱਥ ਸਾਹਮਣੇ ਲਿਆਂਦੇ

* ਫਿਰੋਜ਼ਪੁਰ ਦਾ ਐੱਸ ਐੱਸ ਪੀ ਡਿਊਟੀ ਵਿੱਚ ਨਾਕਾਮ ਰਿਹਾ

ਨਵੀਂ ਦਿੱਲੀ, 25 ਅਗਸਤ, (ਪੋਸਟ ਬਿਊਰੋ)- ਇਸ ਸਾਲ ਪੰਜ ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆਵਿੱਚ ਕੁਤਾਹੀ ਦੇ ਕੇਸ ਵਿੱਚ ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕੀਤੀ ਹੈ।

ਅੱਜ ਵੀਰਵਾਰ ਨੂੰ ਕੇਸ ਦੀ ਸੁਣਵਾਈ ਮੌਕੇ ਚੀਫ਼ ਜਸਟਿਸ ਐੱਨ ਵੀ ਰਾਮੰਨਾ ਨੇ ਕਿਹਾ ਕਿ ਫਿਰੋਜ਼ਪੁਰ ਦਾ ਓਦੋਂ ਦਾ ਐਸਐਸਪੀ ਅਮਨ-ਕਾਨੂੰਨ ਕਾਇਮ ਰੱਖਣ ਦੀ ਆਪਣੀ ਡਿਊਟੀ ਨਿਭਾਉਣ ਤੋਂ ਅਸਫਲ ਰਿਹਾ ਹੈ। ਕੋਰਟ ਨੇ ਕਿਹਾ ਕਿ ਉਸ ਨੂੰ ਪ੍ਰਧਾਨ ਮੰਤਰੀ ਦੀ ਯਾਤਰਾ ਦਾ ਰੂਟ ਦੋ ਘੰਟੇ ਪਹਿਲਾਂ ਦੱਸਦਿੱਤਾ ਗਿਆ ਸੀ, ਪਰ ਲੋੜੀਂਦੀ ਫੋਰਸ ਹੋਣ ਦੇ ਬਾਵਜੂਦ ਉਹ ਡਿਊਟੀ ਨਿਭਾਉਣ ਤੋਂ ਅਸਫਲ ਰਿਹਾ।ਚੀਫ ਜਸਟਿਸ ਨੇ ਕਿਹਾ ਕਿ ਇਨ੍ਹਾਂ ਗੱਲਾਂ ਦਾ ਧਿਆਨ ਰੱਖਦੇ ਹੋਏ ਪ੍ਰਧਾਨ ਮੰਤਰੀ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਕੁਝ ਉਪਾਅ ਸੁਝਾਏ ਹਨ ਤੇ ਅਸੀਂ ਸਰਕਾਰ ਨੂੰ ਇਸ ਦੀਰਿਪੋਰਟ ਭੇਜਾਂਗੇ ਤਾਂ ਜੋ ਜ਼ਰੂਰੀ ਕਦਮ ਚੁੱਕੇ ਜਾਣ।ਜਦੋਂ ਵਕੀਲ ਨੇ ਸੁਪਰੀਮ ਕੋਰਟ ਕੋਲੋਂ ਇਸ ਜਾਂਚ ਰਿਪੋਰਟ ਦੀ ਕਾਪੀ ਮੰਗੀ ਤਾਂ ਕੋਰਟ ਨੇ ਇਸ ਬਾਰੇ ਨਾਂਹ ਕਰ ਦਿੱਤੀ।



ਵਰਨਣ ਯੋਗ ਹੈ ਕਿ ਇਸ ਸਾਲ ਜਨਵਰੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਬਠਿੰਡਾ ਹਵਾਈ ਅੱਡੇ ਤੋਂ ਹੁਸੈਨੀਵਾਲਾ ਸ਼ਹੀਦੀ ਮੈਮੋਰੀਅਲ ਵਿਖੇ ਰੈਲੀ ਨੂੰ ਸੰਬੋਧਨ ਕਰਨ ਚੱਲੇ ਤਾਂ ਕਾਫਲਾ 20 ਮਿੰਟ ਫਲਾਈਓਵਰ ਉੱਤੇ ਫਸਿਆ ਰਹਿਣਪਿੱਛੋਂ ਉਨ੍ਹਾਂ ਨੂੰ ਪਿੱਛੇ ਮੁੜਨਾ ਪਿਆ ਸੀ। ਕਾਫ਼ਲਾ ਰੋਕਣ ਦੀ ਜ਼ਿੰਮੇਵਾਰੀਕਿਸਾਨ ਜਥੇਬੰਦੀ ਨੇ ਲਈ ਸੀ। ਸੀਨੀਅਰ ਵਕੀਲ ਮਨਿੰਦਰ ਸਿੰਘ ਨੇ ਚੀਫ਼ ਜਸਟਿਸ ਐਨਵੀ ਰਮਨਾ ਦੇ ਬੈਂਚ ਅੱਗੇ ਪ੍ਰਧਾਨ ਮੰਤਰੀ ਦੀ ਸੁਰੱਖਿਆਵਿੱਚ ਕੁਤਾਹੀ ਦਾ ਮੁੱਦ-ਾਚੁੱਕਿਆ ਤਾਂ ਸੁਪਰੀਮ ਕੋਰਟ ਨੇ ਜਸਟਿਸ ਇੰਦੂ ਮਲਹੋਤਰਾ ਦੀ ਪ੍ਰਧਾਨਗੀ ਹੇਠਜਾਂਚ ਕਮੇਟੀ ਬਣਾਈ ਸੀ, ਜਿਸ ਨੇ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ। ਚੀਫ਼ ਜਸਟਿਸ ਨੇ ਇੰਦੂ ਮਲਹੋਤਰਾ ਦੀ ਰਿਪੋਰਟ ਪੜ੍ਹ ਕੇ ਕਿਹਾ ਕਿ ਫਿਰੋਜ਼ਪੁਰ ਦੇ ਐਸਐਸਪੀ ਨੂੰ ਦੋ ਘੰਟੇ ਪਹਿਲਾਂ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਉਸ ਰਸਤੇ ਆਉਣਗੇ, ਫਿਰ ਵੀ ਉਹ ਸੁਰੱਖਿਆ ਦੇਣ ਵਿੱਚ ਅਸਫਲ ਰਿਹਾ ਸੀ।

# 85 ਕਰੋੜ ਦੇ ਗਬਨ ਮਾਮਲੇ ਵਿਚ ਦੋਸ਼ੀ ਅਧਿਕਾਰੀ ਨੂੰ ਕਲੀਨ ਚਿੱਟ ਦੇਣ ਦੇ ਮਾਮਲੇ ਦੀ ਜਾਂਚ ਵੀ ਸ਼ੁਰੂ

ਜਲੰਧਰ, 25 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਖੁਰਾਕ ਸਪਲਾਈ ਵਿਭਾਗ ਵਿੱਚ ਟਰਾਂਸਪੋਰਟੇਸ਼ਨ ਟੈਂਡਰ ਘਪਲੇ ਵਿੱਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਪਿੱਛੋਂ ਸਰਕਾਰ ਨੇ ਉਸ ਅਫਸਰਬਾਰੇ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਨੇ ਘਪਲੇ ਦੇ ਮਾਸਟਰ ਮਾਈਂਡ ਤੇ ਇਸ ਵਿਭਾਗ ਦੇ ਸਸਪੈਂਡਿਡ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਨੂੰ ਕਲੀਨ ਚਿੱਟ ਦਿੱਤੀ ਸੀ। ਸਿੰਗਲਾ ਵਿਰੁੱਧ 85 ਕਰੋੜ ਰੁਪਏ ਤੋਂ ਵੱਧ ਦੇ ਗਬਨ ਦੀਆਂ ਚਾਰਜਸ਼ੀਟਾਂ ਸਨ ਤੇ ਉਸਦੀ ਸਵੈ-ਇੱਛਤ ਸੇਵਾਮੁਕਤੀ ਦੀ ਬੇਨਤੀ ਰੱਦ ਹੋ ਜਾਣ ਦੇ ਬਾਵਜੂਦ ਉਸ ਨੂੰ ਤਰੱਕੀ ਦੇ ਨਾਲ ਤਿੰਨਕਮਾਊ ਸੀਟਾਂ ਦਿੱਤੀਆਂ ਗਈਆਂਸਨ ਅਤੇਉਹ ਕਲੀਨ ਚਿੱਟ ਲੈ ਕੇ ਵਿਦੇਸ਼ ਦੌੜ ਗਿਆ ਸੀ।ਖੁਰਾਕ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾਕਿ ਜਾਂਚ ਵਿੱਚ ਜੋ ਵੀ ਦੋਸ਼ੀ ਹੋਇਆ, ਬਖਸ਼ਿਆ ਨਹੀਂ ਜਾਵੇਗਾ।

ਵਿਭਾਗੀ ਸੂਤਰਾਂ ਮੁਤਾਬਕ ਖੁਰਾਕ ਸਪਲਾਈ ਵਿਭਾਗ ਦੇ ਸਸਪੈਂਡਿਡ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਦੇ ਖਿਲਾਫ਼ ਰਈਆ, ਅੰਮ੍ਰਿਤਸਰ ਵਿੱਚ ਕਣਕ ਵੰਡ ਵਿੱਚ ਬੇਨਿਯਮੀ ਨਾਲ 10 ਕਰੋੜ ਰੁਪਏ ਦੇ ਨੁਕਸਾਨ ਦੇ ਦੋਸ਼ ਵਿੱਚ 11 ਅਗਸਤ 2017 ਨੂੰ ਚਾਰਜਸ਼ੀਟ ਪੇਸ਼ ਹੋਈ ਸੀ।ਫਿਰ ਬੰਗਾ (ਨਵਾਂਸ਼ਹਿਰ) ਵਿੱਚ 25 ਕਰੋੜ ਰੁਪਏ ਦਾ ਅਨਾਜ ਘਪਲਾ, ਤਰਨਤਾਰਨ ਵਿੱਚ 50 ਕਰੋੜ ਰੁਪਏ ਦੀ ਕਣਕ ਦਾ ਨੁਕਸਾਨ, 22 ਸਤੰਬਰ 2017 ਨੂੰ ਕੈਨੇਡਾ ਦੀ ਗੈਰ-ਕਾਨੂੰਨੀ ਢੰਗ ਨਾਲ ਪੱਕੀ ਨਾਗਰਿਕਤਾ (ਪੀ ਆਰ) ਲੈਣ ਦੀ ਚਾਰਜਸ਼ੀਟ, ਜਲੰਧਰ ਵਿੱਚਜ਼ਿਲਾ ਖੁਰਾਕ ਸਪਲਾਈ ਕੰਟਰੋਲਰ ਹੁੰਦੇ ਹੋਏ ਵਿਭਾਗ ਦੀ ਆਮਦਨ ਟੈਕਸ ਰਿਟਰਨ ਨਾ ਭਰਨ ਨਾਲ ਹੋਏ ਨੁਕਸਾਨ ਦੀ ਚਾਰਜਸ਼ੀਟ ਅਤੇ 61 ਲੱਖ ਰੁਪਏ ਦੀ ਕਣਕ ਬਿਨਾਂ ਰਿਲੀਜ਼ ਆਰਡਰਾਂ ਵੰਡਣ ਦੇ 6 ਕੇਸ ਸਨ।ਉਸ ਨੇ ਪ੍ਰੀ-ਮੈਚਿਓਰ ਰਿਟਾਇਰਮੈਂਟ ਦੀ ਅਰਜ਼ੀ ਦਿੱਤੀਅਤੇ ਨਿਯਮਾਂ ਅਨੁਸਾਰ 3 ਮਹੀਨਿਆਂ ਦੀ ਬੇਸਿਕ ਤਨਖ਼ਾਹ 2,85,399 ਰੁਪਏ ਵੀਜਮ੍ਹਾ ਕਰਾਈ ਸੀ, ਪਰ ਖੁਰਾਕ ਸਪਲਾਈ ਵਿਭਾਗ ਦੇ ਸੈਕਟਰੀ ਕੇ ਏ ਪੀ ਸਿਨ੍ਹਾ ਨੇ ਚਾਰਜਸ਼ੀਟ ਕਾਰਨ ਰਾਕੇਸ਼ ਸਿੰਗਲਾ ਦੀ ਸੇਵਾ ਮੁਕਤੀ ਅਰਜ਼ੀ ਰੱਦ ਕਰ ਦਿੱਤੀ। ਫਿਰ ਵੀ ਰਾਕੇਸ਼ ਸਿੰਗਲਾ ਨੌਕਰੀ ਦੀ ਪ੍ਰਵਾਹ ਕੀਤੇ ਬਿਨਾਂ ਕੈਨੇਡਾ ਚਲਾ ਗਿਆ ਸੀ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਜਦੋਂ ਭਾਰਤ ਭੂਸ਼ਣ ਆਸ਼ੂ ਖੁਰਾਕ ਸਪਲਾਈ ਵਿਭਾਗ ਦੇ ਮੰਤਰੀ ਬਣੇ ਤਾਂ ਰਾਕੇਸ਼ ਸਿੰਗਲਾ ਨੂੰ ਵਾਪਸ ਬੁਲਾ ਕੇ ਉਸ ਦੀ ਇਕ ਸਾਲ ਦੀ ਗੈਰ-ਹਾਜ਼ਰੀ ਨੂੰ ਕਮਾਈ ਛੁੱਟੀ ਵਿੱਚ ਬਦਲ ਕੇ ਨੌਕਰੀ ਉੱਤੇਬਹਾਲ ਕੀਤਾ ਅਤੇ ਫਿਰ ਲੇਬਰ ਅਤੇ ਟਰਾਂਸਪੋਰਟੇਸ਼ਨ ਦਾ ਅਹਿਮ ਚਾਰਜ ਦੇ ਦਿੱਤਾ ਸੀ। ਇਸ ਮੌਕੇ ਸਿੰਗਲਾ ਨੂੰ ਵਿਭਾਗ ਦੀ ਕੇਂਦਰੀ ਵਿਜੀਲੈਂਸ ਕਮੇਟੀ ਦਾ ਮੁਖੀ ਅਤੇ ਲੱਕੜ ਦੇ ਕਰੇਟਾਂ ਦਾ ਚਾਰਜ ਵੀ ਦਿੱਤਾ ਗਿਆ, ਜਿਸ ਦੌਰਾਨ ਸਿੰਗਲਾ ਉੱਤੇ ਪਲਿੰਥ ਅਲਾਟ ਕਰਨ ਵਿੱਚ ਭਾਈ-ਭਤੀਜਾਵਾਦ ਦੇ ਦੋਸ਼ ਤੇ ਗਬਨ ਦੇ ਵੀ ਦੋਸ਼ ਲੱਗਦੇ ਰਹੇ ਸਨ ਅਤੇ ਇਸਬਾਰੇ 16 ਅਗਸਤ 2022 ਨੂੰ ਲੁਧਿਆਣਾ ਵਿੱਚ ਕੇਸ ਵੀ ਦਰਜ ਹੋਇਆ ਸੀ।

ਹੈਰਾਨੀ ਦੀ ਗੱਲ ਹੈ ਕਿ ਸਿੰਗਲਾ ਉੱਤੇ 6 ਕੇਸਾਂ ਵਿੱਚ ਗਬਨ, ਸਰਕਾਰੀ ਨੁਕਸਾਨ ਦੇ ਦੋਸ਼ ਅਤੇ ਚਾਰਜਸ਼ੀਟ ਦੇ ਬਾਵਜੂਦ ਉਸ ਨੂੰ 10 ਜੂਨ 2020 ਨੂੰ ਕਲੀਨ ਚਿੱਟ ਦੇ ਦਿੱਤੀ ਗਈ, ਜਿਸ ਦਾ ਭੇਤ ਬਾਅਦ ਵਿੱਚ ਖੁੱਲ੍ਹਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

Red Seal NOTARY

KAUR LAW OFFICE

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

# ਜਨਮਾਸ਼ਟਮੀ ਅਤੇ ਆਜਾਦੀ ਦਾ ਮਹਾਉਤਸਵ ਮਨਾਇਆ









ਬਰੈਂਪਟਨ 25 ਅਗਸਤ (ਪੋਸਟ ਬਿਊਰੋ)- ਰਾਸ਼ੀ ਅਤੇ ਨਵਲ ਬਜਾਜ ਦੀ ਬਰੈਂਪਟਨ ਸਥਿਤ ਰਿਹਾਇਸ਼ ਉਤੇ ਕ੍ਰਿਸ਼ਨਾ ਜਨਮਾਸ਼ਟਮੀ ਅਤੇ ਨੰਦ ਉਤਸਵ ਮਨਾਇਆ ਗਿਆ। ਉਨ੍ਹਾਂ ਵਲੋਂ ਬਰੈਂਪਟਨ ਵਿਚ ਇਹ ਉਤਸਵ ਇਕ ਦਹਾਕੇ ਤੋਂ ਮਨਾਇਆ ਜਾ ਰਿਹਾ ਹੈ। ਇਸ ਵਾਰ ਇਹ ਉਤਸਵ ਭਾਰਤ ਦੀ ਆਜਾਦੀ ਦੇ 75 ਸਾਲ ਪੂਰੇ ਹੋਣ ਮੌਕੇ ਆਜਾਦੀ ਦੇ ਮਹੋ-ਤਸਵ ਦੇ ਨਾਲ ਮਨਾਇਆ ਗਿਆ। ਉਤਸਵ ਵਿਚ ਸ੍ਰੀ ਕ੍ਰਿਸ਼ਨਾ ਦੀ ਮਹਿਮਾ ਕਰਦੀਆਂ ਧਾਰਮਿਕ ਭੇਟਾਂ ਗਾਈਆਂ ਗਈਆਂ। ਇਸ ਦੌਰਾਨ ਹੋਰ ਵੀ ਵੱਖ ਵੱਖ ਪੇਸ਼ਕਾਰੀਆਂ ਜਿਵੇਂ ਗਰਬਾ, ਧਾਰਮਿਕ ਗਾਣੇ ਆਦਿ ਵੀ ਪੇਸ਼ ਕੀਤੀਆਂ ਗਈਆਂ। ਉਤਸਵ ਵਿਚ 256 ਕਿਸਮ ਦੀਆਂ ਮਠਿਆਈਆਂ, 101 ਤਰ੍ਹਾਂ ਦੇ ਫਲ, 31 ਤਰ੍ਹਾਂ ਦੇ ਡ੍ਰਾਈ ਫਰੂਟ ਪ੍ਰਸਾਦ ਦੇ ਤੌਰ ਉਤੇ ਵਰਤਾਏ ਗਏ। ਇਸ ਦੌਰਾਨ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਐਮਪੀਪੀ ਹਰਦੀਪ ਗਰੇਵਾਲ , ਪ੍ਰੈਜ਼ੀਡੈਂਟ ਆਫ ਟਰੈਜਰੀ ਬੋਰਡ ਮਿਨਿਸਟਰ ਪ੍ਰਭਮੀਤ ਸਰਕਾਰੀਆ, ਕੈਲਗਰੀ ਤੋਂ ਐਮਪੀ ਜਸਰਾਜ ਸਿੰਘ ਹੱਲਨ, ਅਰਪਨ ਖੰਨਾ, ਐਂਜਲੀਆ, ਜੇਮਸ ਅਤੇ ਹੋਰ ਵਲੋਂ ਜਨਮਾਸ਼ਟਮੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੰਤਰੀ ਕਮਲ ਖਹਿਰਾ ਨਾਲ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੀ ਕਾਰਜਕਾਰਨੀ ਨੇ ਕੀਤੀ ਮੀਟਿੰਗ



ਬੀਤੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੰਤਰੀ ਮੰਡਲ ਵਿਚ ਸ਼ਾਮਲ ਕਮਲ ਖਹਿਰਾ, ਜੋ ਸੀਨੀਅਰਜ ਦੇ ਫੈਡਰਲ ਮੰਤਰੀ ਹਨ, ਨਾਲ ਜੰਗੀਰ ਸਿੰਘ ਸੈਂਹਬੀ ਦੀ ਅਗਵਾਈ ਵਿਚ ਐਸੋਸੀਏਸ਼ਨ ਦੀ ਐਗਜੈਕਟਿਵ ਦੀ ਮੀਟਿੰਗ ਉਨ੍ਹਾਂ ਦੇ ਦਫਤਰ ਵਿਚ ਹੋਈ। ਵਧੀਆ ਮਹੌਲ ਵਿਚ ਹੋਈ ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਮੰਤਰੀ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਵਲੋਂ ਚੋਣ ਵਾਅਦੇ ਦੀ ਪੂਰਤੀ ਕਰਦਿਆਂ 75 ਸਾਲ ਤੋਂ ਵੱਧ ਉਮਰ ਦੇ ਸੀਨੀਅਰਜ ਦੀ ਓਲਡ ਏਜ ਸਕਿਉਰਟੀ ਵਧਾਉਣ ਲਈ ਧੰਨਵਾਦ ਕਰਦਿਆ ਇਹ ਲਾਭ 65 ਸਾਲ ਤਕ ਦੀ ਉਮਰ ਵਾਲੇ ਸਾਰੇ ਸੀਨੀਅਰਜ ਤੇ ਲਾਗੂ ਕਰਨ ਦੀ ਮੰਗ ਕੀਤੀ। ਇਸ ਬਾਰੇ ਮੰਤਰੀ ਨੇ ਵਿਚਾਰਨ ਦਾ ਭਰੋਸਾ ਦਿੱਤਾ। ਕਮਲ ਖਹਿਰਾ ਨੂੰ ਘੱਟ ਆਮਦਨ ਵਾਲੇ ਇਕੱਲੇ ਸੀਨੀਅਰ ਲਈ $500/ ਤੇ ਕਪਲ ਲਈ $750/ ਡਾਲਰ ਦੇਣ ਦੇ ਕੀਤੇ ਗਏ ਫੈਸਲੇ ਦੀ ਜਾਣਕਾਰੀ ਦਿੱਤੀ। ਕਨੇਡੀਅਨ ਸਿਟੀਜਨਾਂ ਵਲੋਂ ਆਪਣੇ ਪਰਿਵਾਰਾਂ ਨੂੰ ਸਪਾਂਸਰ ਕਰਨ ਵੇਲੇ ਲਾਈ ਜਾ ਰਹੀ ਵੀਹ ਸਾਲ ਦੀ ਲਾਇਬਿਲਟੀ ਦੀ ਸ਼ਰਤ ਨੂੰ ਘਟਾ ਕੇ 10 ਸਾਲ ਕਰਨ ਦੀ ਬੇਨਤੀ ਕੀਤੀ ਗਈ, ਜਿਸ ਨੂੰ ਉਨ੍ਹਾਂ ਇਮੀਗ੍ਰੇਸ਼ਨ ਮੰਤਰੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ। ਇਸ ਤੋ ਇਲਾਵਾ ਕਮਲ ਖੈਰਾ ਨੇ ਘਟ ਆਮਦਨ ਵਾਲੇ ਪਰਿਵਾਰਾਂ ਦੇ ਬਚਿਆ ਲਈ ਡੈਂਟਲ ਪਲੈਨ ਜਲਦੀ ਸ਼ੁਰੂ ਕੀਤੇ ਜਾਣ ਵਾਰੇ ਜਾਣਕਾਰੀ ਦਿੱਤੀ। ਇਸ ਡੈਂਟਲ ਪਲੈਨ ਨੂੰ ਸੀਨੀਅਰਜ ਤੱਕ ਵਧਾਉਣ ਦੀ ਵੀ ਸੰਭਾਵਨਾ ਹੈ। ਵਧਦੀ ਮਹਿੰਗਾਈ ਕਾਰਣ ਮਜਬੂਰਨ ਪੈਨਸ਼ਨ ਲੈਣ ਵਾਲੇ ਥੋੜੇ ਸੀਨੀਅਰਜ ਵਲੋ ਕੁਝ ਘੰਟੇ ਕੰਮ ਕਰਨ ਨਾਲ ਬਣਦੀ ਟੈਕਸ ਫਰੀ ਆਮਦਨ ਨੂੰ ਪੰਜ ਹਜ਼ਾਰ ਤਕ ਕਰਨ ਦੀ ਮੰਗ ਕੀਤੀ ਗਈ। ਇਸ ਮੰਗ ਨੂੰ ਮੰਤਰੀ ਨੇ ਤਰਕ ਸੰਗਤ ਤੇ ਜਾਇਜ ਦੱਸਿਆ। ਇਸ ਡੈਪੂਟੇਸ਼ਨ ਵਿਚ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਤੋਂ ਇਲਾਵਾ ਉਪ ਪ੍ਰਧਾਨ ਰਣਜੀਤ ਸਿੰਘ ਤਗੜ, ਸਕੱਤਰ ਪ੍ਰੀਤਮ ਸਿੰਘ ਸਰਾਂ,ਵਿਤ ਸਕੱਤਰ, ਅਮਰੀਕ ਸਿੰਘ ਕੁਮਰੀਆ, ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ ਤੇ ਡਰੈਕਟਰ ਪ੍ਰਿਤਪਾਲ ਸਿੰਘ ਗਰੇਵਾਲ ਹਾਜਰ ਸਨ।

# ਅਵਾਰਡ ਲਈ ਜੁਗਾੜ

-ਹਰਜੀਤ ਬੇਦੀ

ਪੁਰਾਣੇ ਸਮਿਆਂ ਤੋਂ ਹੀ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਉਹਨਾਂ ਨੂੰ ਇਨਾਮ ਅਤੇ ਸਨਮਾਨ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ। ਪਰ ਹੌਲੀ ਹੌਲੀ ਹਰ ਇੱਕ ਗੱਲ ਦੇ ਅਰਥ ਬਦਲ ਰਹੇ ਹਨ। ਅੱਜ ਹਾਲਤ ਇਹ ਹੈ ਕਿ ਬਹੁਤੇ ਲੋਕ ਅਵਾਰਡ ਪਰਾਪਤੀ ਲਈ ਕਿਸੇ ਖੇਤਰ ਵਿੱਚ ਘਾਲਣਾ ਕਰਨ ਦੀ ਥਾਂ ਜੁਗਾੜ ਬਣਾ ਲੈਂਦੇ ਹਨ। ਕਿਸੇ ਖੇਤਰ ਵਿੱਚ ਪਰਾਪਤੀ ਲਈ ਘਾਲਣਾ ਦੀ ਥਾਂ ਜੁਗਾੜ ਲਾਉਣ ਤੇ ਵੱਧ ਮੁਸ਼ੱਕਤ ਕਰਦੇ ਹਨ। ਜੁਗਾੜ ਨਾਲ ਪਰਾਪਤ ਕੀਤੇ ਅਜਿਹੇ ਸਨਮਾਨ ਦੀ ਘਰ ਵਿੱਚ ਨੁਮਾਇਸ਼ ਲਾ ਕੇ, ਆਏ ਗਏ ਨੂੰ ਗੱਲੀਂ ਬਾਤੀਂ ਮਿਲੇ ਅਵਾਰਡ ਤੇ ਨਜ਼ਰ ਪਵਾ ਕੇ ਅਤੇ ਅਖਬਾਰ ਵਿੱਚ ਫੋਟੋ ਛਪਵਾ ਕੇ ਧੰਨ ਧੰਨ ਹੋ ਜਾਂਦੇ ਹਨ। ਬਹੁਤੀ ਵਾਰ ਤਾਂ ਅਜਿਹੇ ਲੋਕ ਦੂਜਿਆਂ ਤੋਂ ਗਾਲਾਂ ਦਾ ਪਰਸ਼ਾਦ ਵੀ ਪਰਾਪਤ ਕਰਦੇ ਹਨ ਕਿਉਂਕਿ ਲੋਕ ਅੰਨ੍ਹੇ ਨਹੀਂ ਹੁੰਦੇ ਅਤੇ ਉਨ੍ਹਾਂ ਨੂੰ ਸਭ ਪਤਾ ਹੁੰਦਾ ਹੈ। ਪਰ ਇੱਕ ਗੱਲ ਜਰੂਰ ਹੈ ਕਿ ਉਹ ਚਰਚਾ ਵਿੱਚ ਜਰੂਰ ਰਹਿੰਦੇ ਹਨ ਭਾਵੇਂ ਇਹ ਨਾਂਹ ਪੱਖੀ ਹੀ ਹੋਵੇ। ਪਰ ਜੁਗਾੜੂ ਲੋਕਾਂ ਨੂੰ ਇਸ ਦੀ ਪਰਵਾਹ ਨਹੀਂ ਹੁੰਦੀ ਉਹ ਤਾਂ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਸਮਝ ਕੇ ਭੋਇੰ ਤੇ ਪੈਰ ਹੀ ਨਹੀਂ ਟਿਕਾਉਂਦੇ ਤੇ ਹਵਾ ਵਿੱਚ ਉੱਡੇ ਫਿਰਦੇ ਹਨ ਭਾਵੇਂ ਸੂਝਵਾਨ ਲੋਕਾਂ ਦੀ ਨਜ਼ਰ ਵਿੱਚੋਂ ਡਿੱਗ ਕੇ ਉਹਨਾਂ ਦਾ ਮੂੰਹ ਮੱਥਾ ਵਿਗੜਿਆ ਹੁੰਦਾ ਹੈ।

ਪਹਿਲਾਂ ਤਾਂ ਅਵਾਰਡ ਦੇਣ ਵਾਲੇ ਆਪਣੇ ਸੋਮਿਆਂ ਰਾਹੀਂ ਅਜਿਹੇ ਲੋਕਾਂ ਦੀ ਭਾਲ ਕਰਦੇ ਸਨ ਜਿਹੜੇ ਇਨਾਮ ਅਤੇ ਸਨਮਾਨ ਦੇ ਹੱਕਦਾਰ ਹੋਣ। ਪਰ ਬਦਲੇ ਹਾਲਤਾਂ ਮੁਤਾਬਕ ਅਵਾਰਡ ਲੈਣ ਲਈ ਬੇਨਤੀ ਕਰਨੀ ਪੈਂਦੀ ਹੈ ਤੇ ਚਾਹਵਾਨ ਲੋਕ ਗੈਂਗ ਬਣਾ ਕੇ ਇੱਕ ਦੂਜੇ ਦੇ ਨਾਵਾਂ ਦੀ ਸਿਫਾਰਸ਼ ਕਰਦੇ ਹਨ। ਜਿਸ ਅਥਾਰਟੀ ਨੇ ਇਹ ਸਨਮਾਨ ਦੇਣਾ ਹੋਵੇ ਉਸ ਤੱਕ ਪਹੁੰਚ ਕਰਨ ਲਈ ਉਸ ਦੇ ਨਜਦੀਕੀਆਂ ਪਿੱਛੇ ਘੁੰਮ ਘੁੰਮ ਜੁੱਤੀਆਂ ਘਸਾਈਆਂ ਜਾਂਦੀਆਂ ਹਨ। ਹੱਦ ਬੰਨੇ ਟੱਪ ਕੇ ਚਾਪਲੂਸੀ ਕੀਤੀ ਜਾਂਦੀ ਹੈ ਫਿਰ ਕਿਤੇ ਜਾ ਕੇ ਅਵਾਰਡ ਦਾ ਮੂੰਹ ਦੇਖਣਾ ਨਸੀਬ ਹੁੰਦਾ ਹੈ। ਇਹੋ ਜਿਹੇ ਅਵਾਰਡੀਆਂ ਨੇ ਅਵਾਰਡਾਂ ਨੂੰ ਇੰਨਾ ਬਦਨਾਮ ਕਰ ਦਿੱਤਾ ਹੈ ਕਿ ਬਹੁਤ ਸਾਰੇ ਸੁਹਿਰਦ ਅਤੇ ਨਿਰਸਵਾਰਥ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਲੋਕ ਅਜਿਹੇ ਅਵਾਰਡਾ ਤੋਂ ਕੰਨੀ ਕਤਰਾਉਂਦੇ ਹਨ ਅਤੇ ਬਹੁਤ ਹੀ ਘੱਟ ਬੇਨਤੀ ਪੱਤਰ ਭੇਜਦੇ ਹਨ।

ਕਈ ਵਾਰ ਅਥਾਰਟੀ ਵਲੋਂ ਇੱਕ ਤੋਂ ਵੱਧ ਵਿਅਕਤੀਆਂ ਨੂੰ ਇੱਕੋ ਸਮੇਂ ਅਵਾਰਡ ਦਿੱਤੇ ਜਾਂਦੇ ਹਨ ਅਜਿਹੇ ਮੌਕੇ ਤੇ ਜਦ ਇੱਕੋ ਪਲੇਟਫਾਰਮ ਤੋਂ ਕਿਸੇ ਸੁਹਿਰਦ ਵਿਅਕਤੀ ਅਤੇ ਜੁਗਾੜੂ ਨੂੰ ਸਨਮ-ਾਨਿਆ ਜਾਂਦਾ ਹੈ ਤਾਂ ਕਈ ਵਾਰ ਸੁਹਿਰਦ ਵਿਅਕਤੀ ਦਾ ਮਨ ਗਿਲਾਨੀ ਨਾਲ ਭਰ ਜਾਂਦਾ ਹੈ। ਮੌਕੇ ਤੇ ਉਹ ਨਾਂਹ ਵੀ ਨਹੀਂ ਕਰ ਸਕਦਾ ਤੇ ਮਾਨਸਿਕ ਤੌਰ ਤੇ ਉਪਰਾਮ ਹੋਣਾ ਸੁਭਾਵਿਕ ਹੈ। ਪੱਥਰ ਤੇ ਹੀਰੇ ਨੂੰ ਇੱਕੋ ਤੱਕੜੀ ਵਿੱਚ ਤੋਲਣਾ ਕਦਾਚਿਤ ਵੀ ਜਾਇਜ ਨਹੀਂ। ਕਈ ਵਾਰ ਤਾਂ ਅਥਾਰਟੀ ਨੂੰ ਵੀ ਅਲੋਚਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ ਜਿਸ ਦਾ ਕੋਈ ਬਹੁਤਾ ਕਸੂਰ ਨਹੀਂ ਹੁੰਦਾ ਬੱਸ ਇੰਨੀ ਕੁ ਅਣਗਹਿਲੀ ਜਰੂਰ ਹੁੰਦੀ ਹੈ ਕਿ ਉਸ ਨੇ ਜਾਂ ਉਸ ਦੇ ਸਟਾਫ ਨੇ ਪੂਰੀ ਘੋਖ ਨਹੀਂ ਕੀਤੀ ਹੁੰਦੀ।

ਕਦੇ ਕਦੇ ਗੱਲ ਉਦੋਂ ਹੋਰ ਵੀ ਹਾਸੋਹੀਣੀ ਹੋ ਜਾਂਦੀ ਹੈ ਕਿ ਅਵਾਰਡ ਲੈਣ ਵਾਲਿਆਂ ਦੀ ਥਾਂ ਅਵਾਰਡ ਦੇਣ ਵਾਲੇ ਨਕਲੀ ਤੌਰ ਤੇ ਆਪਣਾ ਕੱਦ ਉੱਚਾ ਕਰਨ ਲਈ ਅਵਾਰਡ ਵੰਡਣ ਦਾ ਜੁਗਾੜ ਕਰਦੇ ਹਨ ਤਾਂ ਜੋ ਸਮਾਜ ਵਿੱਚ ਉਹਨਾਂ ਦੀ ਬੱਲੇ ਬੱਲੇ ਹੋਵੇ । ਉਹ ਅਜਿਹੀ ਮਿੱਟੀ ਦੇ ਬਣੇ ਹੁੰਦੇ ਹਨ ਕਿ ਅਵਾਰਡ ਦੇਣ ਲਈ ਹੋਕਾ ਦੇਣ ਤੱਕ ਜਾਂਦੇ ਹਨ। ਕਈ ਵਾਰ ਤਾਂ ਉਹਨਾਂ ਨੂੰ ਅਵਾਰਡ ਲੈਣ ਦਾ ਇੱਛਕ ਬੰਦਾ ਹੀ ਨਹੀਂ ਲਭਦਾ।

ਕਿਸੇ ਵੀ ਵਿਅਕਤੀ ਲਈ ਫੋਕੀ ਵਾਹ ਵਾਹ ਲਈ ਜੁਗਾੜ ਬਣਾ ਕੇ ਪ੍ਰਾਪਤ ਕੀਤੇ ਅਵਾਰਡ ਦੀ ਥਾਂ ਲੋਕਾਂ ਤੋਂ ਮਿਲਣ ਵਾਲਾ ਪਿਆਰ ਅਤੇ ਸਤਿਕਾਰ ਹੀ ਉੱਤਮ ਅਵਾਰਡ ਹੈ। ਲੋਕਾਂ ਦੇ ਦਿਲਾਂ ਵਿੱਚ ਵਸਣਾ ਸਭ ਤੋਂ ਵੱਡਾ ਅਵਾਰਡ ਹੈ। ਇਹ ਅਵਾਰਡ ਮਨੁੱਖ ਨੂੰ ਸੁਹਿਰਦਤਾ , ਨਿਰਸਵਾਰਥ ਲੋਕ ਸੇਵਾ ਜਾਂ ਸਮਾਜ ਭਲਾਈ ਦੇ ਕੰਮ ਕਰ ਕੇ ਹੀ ਪਰਾਪਤ ਹੋ ਸਕਦਾ ਹੈ।

## ਹਲਕਾ-ਫੁਲਕਾ



ਇੱਕ ਵਿਅਕਤੀ ਲੇਖਕ ਨੂੰ ਬੋਲਿਆ, "ਤੁਸੀਂ ਕਦੇ ਫਿਲਮ ਬਣਾਈ ਨਹੀਂ, ਫਿਰ ਸਮੀਖਿਆ ਕੀ ਲਿਖੋਗੇ?"
ਲੇਖਕ, "ਮੈਂ ਕਦੇ ਮੁਰਗੀ ਵਾਂਗ ਆਂਡੇ ਨਹੀਂ ਦੇ ਸਕਦਾ, ਪਰ ਆਮ-ਲੇਟ ਦੇ ਬਾਰੇ ਵਿੱਚ ਮੁਰਗੀ ਤੋਂ ਜ਼ਿਆਦਾ ਜਾਣਕਾਰੀ ਰੱਖਦਾ ਹਾਂ।"

********

ਰਾਜੀਵ ਨੇ ਸੰਜੀਵ ਨੂੰ ਦੱਸਿਆ, "ਇਹ ਸੋਨੇ ਦਾ ਕੱਪ ਮੈਂ ਦੌੜ ਵਿੱਚ ਫਸਟ ਆ ਕੇ ਪ੍ਰਾਪਤ ਕੀਤਾ ਹੈ।"
ਸੰਜੀਵ, "ਬਹੁਤ ਖੂਬ! ਤਾਂ ਤੇਰੇ ਪਿੱਛੇ ਕਿੰਨੇ ਲੋਕ ਸਨ।"
ਰਾਜੀਵ, "ਤਿੰਨ, ਇੱਕ ਕੱਪ ਦਾ ਮਾਲਕ ਅਤੇ ਦੋ ਸਿਪਾਹੀ।"

********

ਦੋ ਪਾਗਲ ਪਾਗਲਖਾਨੇ ਤੋਂ ਦੌੜ ਕੇ ਸ਼ਹਿਰ ਵਿੱਚ ਘੁੰਮ ਰਹੇ ਸਨ। ਉਨ੍ਹਾਂ ਨੂੰ ਇੱਕ ਕੁੱਤਾ ਦਿਖਾਈ ਦਿੱਤਾ। ਇੱਕ ਪਾਗਲ ਨੇ ਝੁਕ ਕੇ ਕਿਹਾ, "ਆਦਾਬ ਅਰਜ਼ ਕਰਦਾ ਹਾਂ ਹਾਥੀ ਸਾਹਿਬ।"
ਦੂਸਰੇ ਨੇ ਕਿਹਾ, "ਓਏ ਇਹ ਹਾਥੀ ਨਹੀਂ ਹੈ।"
ਪਹਿਲਾ, "ਮੈਨੂੰ ਪਤਾ ਹੈ, ਇਹ ਘੋੜਾ ਹੈ। ਮੈਂ ਤਾਂ ਮਜ਼ਾਕ ਕਰ ਰਿਹਾ ਹਾਂ।"

********

ਟੀਚਰ, "ਅਸੀਂ ਸਭ ਮਰ ਗਏ, ਬਹੁ-ਵਚਨ ਹੈ ਤਾਂ ਫਿਰ 'ਮੈਂ ਮਰ ਗਿਆ' ਕੀ ਹੋਵੇਗਾ?"
ਮਨੂ, "ਸਰ, ਸਕੂਲ ਵਿੱਚ ਛੁੱਟੀ ਹੋਵੇਗੀ।"

# ਚੁਣੋ ਆਫਬੀਟ ਕੋਰਸ



ਜੇ ਤੁਸੀਂ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕਰ ਲਈ ਹੈ ਪਰ ਅਜੇ ਤਕ ਕਰੀਅਰ ਦੀ ਚੋਣ ਨਹੀਂ ਕਰ ਸਕੇ ਤਾਂ ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਸਹੀ ਫ਼ੈਸਲਾ ਲਵੋ ਤੇ ਉਸ ਦਿਸ਼ਾ 'ਚ ਅੱਗੇ ਵਧੋ। ਕਰੀਅਰ ਚੁਣਦੇ ਸਮੇਂ ਸਭ ਤੋਂ ਅਹਿਮ ਹੁੰਦਾ ਹੈ ਕਿ ਆਪਣੀ ਰੁਚੀ ਤੇ ਸਮਰੱਥਾ ਦੀ ਪਛਾਣ ਕਰੋ ਤੇ ਸਫਲਤਾ ਲਈ ਖ਼ੁਦ ਨੂੰ ਤਿਆਰ ਕਰੋ। ਆਮ ਤੌਰ 'ਤੇ ਮਾਪੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਡਾਕਟਰ, ਇੰਜੀਨੀਅਰ, ਵਕੀਲ ਆਦਿ ਬਣਾਉਣ ਦੀ ਦਿਸ਼ਾ 'ਚ ਅੱਗੇ ਵਧਾਉਂਦੇ ਹਨ ਪਰ ਇਨ੍ਹਾਂ ਖੇਤਰਾਂ 'ਚ ਸਖ਼ਤ ਮੁਕਾਬਲਿਆਂ ਨੂੰ ਦੇਖਦਿਆਂ ਹੁਣ ਉਹ ਆਫਬੀਟ ਕਰੀਅਰ ਬਦਲ ਨੂੰ ਚੁਣਨ ਦਾ ਜੋਖਮ ਲੈਣ ਲਈ ਤਿਆਰ ਹਨ। ਇਨ੍ਹਾਂ ਕੋਰਸਾਂ 'ਚ ਵਿਦਿਆਰਥੀਆਂ ਦੇ ਸ਼ੌਕ ਤੇ ਰੁਚੀ ਨੂੰ ਤਰਜੀਹ ਦੇ ਰਹੇ ਹਨ। ਜੇ ਤੁਸੀਂ ਵੀ ਨਵੇਂ ਬਦਲਾਂ 'ਚੋਂ ਸੰਭਾਵਨਾਵਾਂ ਭਰੇ ਖੇਤਰ ਦੀ ਭਾਲ 'ਚ ਹੋ ਤਾਂ ਜਾਣੋ ਆਫਬੀਟ ਕੋਰਸਾਂ ਬਾਰੇ।

*ਸਿਨੇਮਾਟੋਗ੍ਰਾਫੀ:*

ਸ਼ਬਦੀ ਰੂਪ ਨਾਲ ਸਿਨੇਮਾਟੋਗ੍ਰਾਫੀ ਨੂੰ ਰਿਕਾਰਡਿੰਗ ਮੋਸ਼ਨ ਦੇ ਰੂਪ 'ਚ ਪਰਿਭਾਸ਼ਤ ਕੀਤਾ ਜਾਂਦਾ ਹੈ। ਸਕਰੀਨ 'ਤੇ ਦਿਖਾਈ ਦੇਣ ਵਾਲਾ ਹਰ ਦ੍ਰਿਸ਼ ਸਿਨੇਮਾਟੋਗ੍ਰਾਫੀ ਦਾ ਨਤੀਜਾ ਹੈ। ਇਕ ਸਿਨੇਮਾਟੋਗ੍ਰਾਫਰ ਫਿਲਮ ਨਿਰਦੇਸ਼ਕ ਜਾਂ ਸਕਰਿਪਟ ਰਾਈਟਰ ਦੀ ਕਲਪਨਾ ਅਨੁਸਾਰ ਕਿਸੇ ਵੀ ਦ੍ਰਿਸ਼ ਨੂੰ ਅਸਲੀਅਤ ਪ੍ਰਦਾਨ ਕਰਦਾ ਹੈ। ਕਲਾ ਤੇ ਤਕਨੀਕ ਨਾਲ ਮਿਲ ਕੇ ਬਣੀ ਵਿਧਾ ਸਿਨੇਮਾਟੋਗ੍ਰਾਫੀ ਫਿਲਮ ਨਿਰਮਾਣ ਦਾ ਵੱਖਰਾ ਅੰਗ ਹੈ ਤੇ ਉਸ ਦੀ ਸਫਲਤਾ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ।

*ਨੌਕਰੀ ਦੇ ਮੌਕੇ:*

ਇਸ ਖੇਤਰ 'ਚ ਸਿਨੇਮਾਟੋਗ੍ਰਾਫਰ, ਵੀਡੀਓ ਐਡੀਟਰ, ਡਾਇਰੈਕਟਰ ਤੇ ਫੋਟੋਗ੍ਰਾਫੀ, ਕੈਮਰਾਮੈਨ, ਵੀਡੀਓਗ੍ਰਾਫਰ ਆਦਿ ਵਜੋਂ ਕੰਮ ਕਰਨ ਦੇ ਮੌਕੇ ਮਿਲਦੇ ਹਨ। ਸਿਨੇਮਾਟੋਗ੍ਰਾਫਰ ਲਈ ਟੀਵੀ ਤੇ ਵੈੱਬ ਸਰੀਜ਼, ਫਿਲਮਾਂ ਏਸ਼ਨ ਯੂਨਿਟ, ਫਿਲਮ ਸਟੂਡੀਓ, ਵੀਡੀਓ ਬਿਜ਼ਨਸ ਆਦਿ 'ਚ ਕੰਮ ਕਰਨ ਦੀਆਂ ਬਿਹਤਰੀਨ ਸੰਭਾਵਨਾਵਾਂ ਮੌਜੂਦ ਹਨ।

*ਕੋਰਸ:*

ਇਲੈਕਟ੍ਰਾਨਿਕ ਸਿਨੇਮਾਟੋਗ੍ਰਾਫੀ 'ਚ ਇਕ ਸਾਲਾ ਪੀਜੀ ਸਰਟੀਫਿਕੇਟ ਕੋਰਸ, ਸਿਨੇਮਾਟੋਗ੍ਰਾਫੀ ਫਾਰ ਈਡੀਐੱਮ 'ਚ ਦੋ ਸਾਲਾ ਪੀਜੀ ਡਿਪਲੋਮਾ, ਸਿਨੇਮਾਟੋਗ੍ਰਾਫੀ 'ਚ ਤਿੰਨ ਸਾਲਾ ਪੀਜੀ ਡਿਪਲੋਮਾ ਕਰ ਸਕਦੇ ਹੋ। ਤੁਸੀਂ ਬਾਰ੍ਹਵੀਂ ਤੋਂ ਬਾਅਦ ਕਿਸੇ ਵੀ ਵਿਸ਼ੇ 'ਚ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਦਾਖ਼ਲਾ ਪ੍ਰੀਖਿਆ ਪਾਸ ਕਰ ਕੇ ਇਨ੍ਹਾਂ ਕੋਰਸਾਂ 'ਚ ਦਾਖ਼ਲਾ ਲੈ ਸਕਦੇ ਹੋ। ਕੁਝ ਸੰਸਥਾਵਾਂ 'ਚ ਫਿਲਮ ਮੇਕਿੰਗ ਦੇ ਨਾਲ ਸਿਨੇਮਾਟੋਗ੍ਰਾਫੀ 'ਚ ਬੀਐੱਸਸੀ, ਐਡਵਾਂਸ ਡਿਪਲੋਮਾ ਇਨ ਸਿਨੇਮਾਟੋਗ੍ਰਾਫੀ, ਪੀਜੀ ਡਿਪਲੋਮਾ ਇਨ ਸਿਨੇਮਾਟੋਗ੍ਰਾਫੀ ਕਰਵਾਉਂਦੀਆਂ ਹਨ।

*ਐਡਵਰਟਾਈਜ਼ਿੰਗ:*

ਇਸ਼ਤਿਹਾਰ ਯਾਨੀ ਐਡਵਰਟਾਈਜ਼ਿੰਗ ਕਿਸੇ ਵੀ ਚੀਜ਼ ਨੂੰ ਵਧਾਉਣ ਦਾ ਸ਼ਾਨਦਾਰ ਤਰੀਕਾ ਹੈ। ਇਹ ਕੰਪਨੀਆਂ ਤੇ ਬਰਾਂਡਾਂ ਵੱਲੋਂ ਆਪਣੇ ਉਤਪਾਦਾਂ/ਸੇਵਾਵਾਂ ਦੀ ਮਾਰਕੀਟਿੰਗ ਲਈ ਚੁਣਿਆ ਗਿਆ ਪਸੰਦੀਦਾ ਬਦਲ ਹੈ। ਇਸ ਲਈ ਅੱਜ ਦੇਸ਼ 'ਚ ਇਸ਼ਤਿਹਾਰਬਾਜ਼ੀ ਇਕ ਵੱਡਾ ਉਦਯੋਗ ਹੈ, ਜੋ ਹਮੇਸ਼ਾ ਮੁਨਾਫੇ 'ਚ ਰਹਿੰਦਾ ਹੈ।

ਡਿਜੀਟਲੀਕਰਨ ਤੋਂ ਬਾਅਦ ਇਸ ਖੇਤਰ ਦਾ ਹੋਰ ਵਿਸਥਾਰ ਹੋਇਆ ਹੈ ਤੇ ਇਸ 'ਚ ਨਵੇਂ ਮੌਕੇ ਬਣੇ ਹਨ। ਜੇ ਤੁਹਾਡੇ 'ਚ ਕ੍ਰਿਏਟਿਵ ਕਰਨ ਤੇ ਕੁਝ ਵੱਖਰਾ ਸੋਚਣ ਦੀ ਸਮਰੱਥਾ ਹੈ ਤਾਂ ਤੁਸੀਂ ਇਸ ਖੇਤਰ 'ਚ ਖ਼ੁਦ ਨੂੰ ਅੱਗੇ ਵਧਾ ਸਕਦੇ ਹੋ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ ਪੰਜਾਬ

*ਕੰਮ ਦੇ ਮੌਕੇ:*

ਤੁਸੀਂ ਇਸ ਖੇਤਰ 'ਚ ਕਾਪੀ ਰਾਈਟਰ,ਿ ਏਟਿਵ ਡਾਇਰੈਕਟਰ, ਆਰਟ ਡਾਇਰੈਕਟਰ, ਪ੍ਰੋਡਕਸ਼ਨ ਮੈਨੇਜਰ, ਮੀਡੀਆ ਪਲਾਨਿੰਗ ਮੈਨੇਜਰ, ਪੀਪੀਸੀ ਆਦਿ ਵਜੋਂ ਕੰਮ ਕਰ ਸਕਦੇ ਹੋ। ਕਿਸੇ 'ਚ ਵੀ ਇਸ਼ਤਿਹਾਰਬਾਜ਼ੀ ਕੰਪਨੀ 'ਚ ਕੰਮ ਕਰ ਸਕਦੇ ਹੋ। ਇਸ 'ਚ ਫ੍ਰੀਲਾਂਸਰ ਵਜੋਂ ਵੀ ਕੰਮ ਕਰਨ ਦਾ ਬਦਲ ਹੈ।

*ਕੋਰਸ:*

ਬਾਰ੍ਹਵੀਂ ਤੋਂ ਬਾਅਦ ਕਿਸੇ ਵੀ ਵਿਸ਼ੇ 'ਚ ਗ੍ਰੈਜੂਏਸ਼ਨ ਕਰਨ ਦੇ ਨਾਲ ਆਪਣੇ ਕਮਿਊਨੀਕੇਸ਼ਨ ਸਕਿੱਲ ਤੇ ਇੰਗਲਿਸ਼ ਨੂੰ ਬਿਹਤਰ ਬਣਾ ਕੇ ਐਡਵਰਟਾਈਜ਼ਿੰਗ ਐਂਡ ਕਮਿਊਨੀਕੇਸ਼ਨ, ਮਾਰਕੀਟਿੰਗ ਐਂਡ ਐਡਵਰਟਾਈਜ਼ਿੰਗ, ਐਡਵਰਟਾਈਜ਼ਿੰਗ ਮੈਨੇਜਮੈਂਟ, ਐਡਵਰਟਾਈਜ਼ਿੰਗ ਐਂਡ ਪਬਲਿਕ ਰਿਲੇਸ਼ਨ 'ਚ ਡਿਪਲੋਮਾ ਜਾਂ ਪੋਸਟ ਗ੍ਰੈਜੂਏਸ਼ਨ ਡਿਪਲੋਮਾ ਕੋਰਸ ਕਰ ਕੇ ਇਸ ਖੇਤਰ 'ਚ ਦਾਖ਼ਲ ਹੋ ਸਕਦੇ ਹੋ।

*ਇੰਟੀਰੀਅਰ ਡਿਜ਼ਾਈਨਿੰਗ:*

ਇਹ ਮੌਜੂਦਾ ਸਮੇਂ ਸਭ ਤੋਂ ਆਕਰਸ਼ਕ ਕਰੀਅਰ ਬਦਲਾਂ 'ਚੋਂ ਇਕ ਹੈ। ਘਰ ਹੋਵੇ ਜਾਂ ਦਫ਼ਤਰ, ਹੋਟਲ ਹੋਵੇ ਜਾਂ ਮਾਲ, ਉਸ ਨੂੰ ਰੋਚਕ ਤੇ ਖ਼ੂਬਸੂਰਤ ਬਣਾਉਣ 'ਚ ਇੰਟੀਰੀਅਰ ਡਿਜ਼ਾਈਨਰ ਅਹਿਮ ਭੂਮਿਕਾ ਨਿਭਾਉਂਦੇ ਹਨ।

*ਨੌਕਰੀ ਦੇ ਮੌਕੇ:*

ਇੰਟੀਰੀਅਰ ਡਿਜ਼ਾਈਨਰ ਲਈ ਆਰਕੀਟੈਕਚਰਲ ਫਰਮ, ਕੰਸਟਰੱਕਸ਼ਨ ਫਰਮ, ਰਿਅਲ ਅਸਟੇਟ ਕੰਪਨੀ, ਟਾਊਨ ਐਂਡ ਸਿਟੀ ਪਲਾਨਿੰਗ ਬਿਓਰੋ, ਡਿਜ਼ਾਈਨ ਸਟੂਡੀਓ, ਹੋਟਲ ਤੇ ਰੈਸਟੋਰੈਂਟ, ਡਿਜ਼ਾਈਨਿੰਗ ਇੰਸਟੀਚਿਊਟ 'ਚ ਕੰਮ ਕਰਨ ਦੇ ਮੌਕੇ ਹਨ। ਇੰਟੀਰੀਅਰ ਡਿਜ਼ਾਈਨਰ ਵਜੋਂ ਕੰਮ ਕਰ ਕੇ ਤੁਸੀਂ ਕਿਸੇ ਫਰਮ 'ਚ ਨੌਕਰੀ ਕਰ ਸਕਦੇ ਹੋ। ਇਹ ਖੇਤਰ ਸੁਤੰਤਰ ਰੂਪ 'ਚ ਕੰਮ ਕਰਨ ਤੇ ਪਛਾਣ ਬਣਾਉਣ ਦਾ ਮੌਕਾ ਦਿੰਦਾ ਹੈ।

*ਕੋਰਸ:*

ਬਾਰ੍ਹਵੀਂ ਤੋਂ ਬਾਅਦ ਬੈਚਲਰ ਆਫ ਇੰਟੀਰੀਅਰ ਡਿਜ਼ਾਈਨਿੰਗ ਜਾਂ ਬੀਐੱਸਸੀ ਇਨ ਇੰਟੀਰੀਅਰ ਡਿਜ਼ਾਈਨ ਕਰ ਸਕਦੇ ਹੋ। ਇਸ ਖੇਤਰ 'ਚ ਕਰੀਅਰ ਬਣਾਉਣ ਲਈ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ, ਪੀਜੀ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ ਐਂਡ ਡੈਕੋਰੇਸ਼ਨ, ਐਡਵਾਂਸ ਡਿਪਲੋਮਾ ਇਨ ਇੰਟੀਰੀਅਰ ਡਿਜ਼ਾਈਨ ਜਿਹੇ ਕੋਰਸ ਵੀ ਪਸੰਦੀਦਾ ਹਨ।

*ਚਾਰਟਰਡ ਅਕਾਊਂਟੈਂਟ:*

ਚਾਰਟਰਡ ਅਕਾਊਂਟੈਂਟ (ਸੀਏ) ਵਧੀਆ ਕਰੀਅਰ ਵਜੋਂ ਪ੍ਰਸਿੱਧ ਹੈ। ਸੀਏ ਕਿਸੇ ਵੀ ਆਰਗੇਨਾਈਜ਼ੇਸ਼ਨ ਜਾਂ ਬਿਜ਼ਨਸ ਯੂਨਿਟ ਲਈ ਫਾਈਨਾਂਸ਼ੀਅਲ ਅਕਾਊਂਟਿੰਗ ਤੇ ਟੈਕਸ ਮੈਨੇਜਮੈਂਟ ਦਾ ਕੰਮ ਕਰਦੇ ਹਨ। ਚਾਰਟਡ ਅਕਾਊਂਟੈਂਟ ਬਾਰੇ ਆਮ ਧਾਰਨਾ ਹੈ ਕਿ ਕਾਮਰਸ ਜਾਂ ਗਣਿਤ ਵਿਸ਼ਿਆਂ ਵਾਲੇ ਵਿਦਿਆਰਥੀ ਇਹ ਕਰੀਅਰ ਚੁਣਦੇ ਹਨ, ਜਦੋਂਕਿ ਕਿਸੇ ਵੀ ਵਿਸ਼ੇ 'ਚ ਬਾਰ੍ਹਵੀਂ ਪਾਸ ਕਰਨ ਵਾਲੇ ਸੀਏ ਦੀ ਪ੍ਰੀਖਿਆ ਦੇ ਸਕਦੇ ਹਨ।

*ਨੌਕਰੀ ਦੇ ਮੌਕੇ:*

ਦੇਸ਼ ਵਿਚ ਗੁਡਜ਼ ਐਂਡ ਸਰਵਿਸ ਟੈਕਸ ਯਾਨੀ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਸੀਏ ਦੀ ਮੰਗ ਬਹੁਤ ਜ਼ਿਆਦਾ ਵੱਧ ਗਈ ਹੈ। ਸੀਏ ਕੋਲ ਸੁਤੰਤਰ ਰੂਪ 'ਚ ਕੰਮ ਕਰਨ ਦੇ ਬਹੁਤ ਸਾਰੇ ਮੌਕੇ ਹੁੰਦੇ ਹਨ। ਬਤੌਰ ਸੀਏ ਪਬਲਿਕ ਤੇ ਪ੍ਰਾਈਵੇਟ ਸੈਕਟਰ ਦੇ ਬੈਂਕ, ਪਬਲਿਕ ਲਿਮਟਿਡ ਕੰਪਨੀਆਂ, ਆਡੀਟਿੰਗ ਫਰਮਾਂ, ਫਾਈਨਾਂਸ ਕੰਪਨੀਆਂ, ਸਟਾਕ ਬ੍ਰੋਕਿੰਗ ਕੰਪਨੀਆਂ ਆਦਿ ਨਾਲ ਕੰਮ ਕਰ ਸਕਦੇ ਹੋ।

*ਐਨੀਮੇਸ਼ਨ:*

ਵੱਧਦੀ ਤਕਨੀਕ ਨਾਲ ਐਨੀਮੇਸ਼ਨ ਇਨ੍ਹੀਂ ਦਿਨੀਂ ਸਭ ਤੋਂ ਜ਼ਿਆਦਾ ਸਕੋਪ ਵਾਲੇ ਕਰੀਅਰ ਬਦਲਾਂ 'ਚੋਂ ਇਕ ਬਣ ਗਿਆ ਹੈ। ਐਨੀਮੇਸ਼ਨ ਗ੍ਰਾਫਿਕਸ ਜਾਂ ਮਲਟੀ ਮੀਡੀਆ ਵੀਡੀਓ, ਡਿਜ਼ਾਈਨਿੰਗ, ਡਰਾਇੰਗ ਤੇ ਪ੍ਰੋਡਕਸ਼ਨ ਨਾਲ ਸਬੰਧਤ ਹੈ। ਐਨੀਮੇਸ਼ਨ 'ਚ ਉਨ੍ਹਾਂ ਲੋਕਾਂ ਲਈ ਭਰਪੂਰ ਸੰਭਾਵਨਾਵਾਂ ਹਨ, ਜੋ ਕਿਸੇ ਕਿਰਦਾਰ 'ਚ ਜਾਦੂ ਪੈਦਾ ਕਰਨਾ ਪਸੰਦ ਕਰਦੇ ਹਨ। ਮਨੋਰੰਜਨ ਤੋਂ ਲੈ ਕੇ ਇਸ਼ਤਿਹਾਰ ਵਿਭਾਗ ਦੇ ਖੇਤਰ ਤਕ ਕਈ ਤਰ੍ਹਾਂ ਦੇ ਕੰਮਾਂ 'ਚ ਐਨੀਮੇਸ਼ਨ ਪੇਸ਼ੇਵਰਾਂ ਲਈ ਕੰਮ ਕਰਨ ਦੇ ਮੌਕੇ ਮੁਹੱਈਆ ਹਨ।

*ਰੁਜ਼ਗਾਰ ਦੇ ਮੌਕੇ:*

ਇਸ਼ਤਿਹਾਰ ਵਿਭਾਗ, ਫਿਲਮ ਤੇ ਟੈਲੀਵਿਜ਼ਨ ਖੇਤਰ, ਕਾਰਟੂਨ ਪ੍ਰੋਡਕਸ਼ਨ, ਆਨਲਾਈਨ ਤੇ ਪ੍ਰਿੰਟ ਨਿਊਜ਼ ਮੀਡੀਆ, ਵੀਡੀਓ ਗੇਮਿੰਗ, ਈ-ਲਰਨਿੰਗ ਖੇਤਰਾਂ 'ਚ ਐਨੀਮੇਸ਼ਨ ਪੇਸ਼ੇਵਰਾਂ ਦੀ ਬਹੁਤ ਮੰਗ ਹੈ।

*ਕੋਰਸ:*

ਬਾਰ੍ਹਵੀਂ ਤੋਂ ਬਾਅਦ ਐਨੀਮੇਸ਼ਨ ਤੇ ਮਲਟੀ ਮੀਡੀਆ 'ਚ ਬੀਐੱਸਸੀ, ਐਨੀਮੇਸ਼ਨ ਤੇ ਗੇਮ ਤਕਨਾਲੋਜੀ 'ਚ ਬੀਐੱਸਸੀ, ਬੀਏ ਆਨਰਜ਼, 3ਡੀ ਐਨੀਮੇਸ਼ਨ, ਐਨੀਮੇਸ਼ਨ ਐਂਡ ਗ੍ਰਾਫਿਕ ਡਿਜ਼ਾਈਨ 'ਚ ਬੀਏ, ਬੀਐੱਸਸੀ ਐਨੀਮੇਸ਼ਨ ਕਰਨ ਦਾ ਬਦਲ ਹੈ। ਤੁਸੀਂ ਚਾਹੋ ਤਾਂ ਆਪਣੀ ਯੋਗਤਾ ਤੇ ਜ਼ਰੂਰਤ ਅਨੁਸਾਰ ਐਡਵਾਂਸ ਡਿਪਲੋਮਾ ਇਨ 3ਡੀ ਐਨੀਮੇਸ਼ਨ, ਐਡਵਾਂਸ ਡਿਪਲੋਮਾ ਇਨ ਐਨੀਮੇਸ਼ਨ ਐਂਡ ਵਿਜ਼ੂਅਲ ਇਫੈਕਟਸ, ਐਡਵਾਂਸ ਡਿਪਲੋਮਾ ਇਨ ਐਨੀਮੇਸ਼ਨ ਇੰਜੀਨੀਅਰਿੰਗ ਕਰ ਸਕਦੇ ਹੋ। ਗ੍ਰੈਜੂਏਸ਼ਨ ਤੋਂ ਬਾਅਦ ਐਨੀਮੇਸ਼ਨ ਐਂਡ ਮਲਟੀ ਮੀਡੀਆ 'ਚ ਐੱਮਐੱਸਸੀ, 3ਡੀ ਐਨੀਮੇਸ਼ਨ 'ਚ ਪੋਸਟ ਗ੍ਰੈਜੂਏਟ ਡਿਪਲੋਮਾ, 3ਡੀ ਕਮਿਊਨੀਕੇਸ਼ਨ 'ਚ ਪੀਜੀ ਡਿਪਲੋਮਾ ਕਰ ਕੇ ਇਸ ਖੇਤਰ 'ਚ ਮਜ਼ਬੂਤ ਕਰੀਅਰ ਦੀ ਨੀਂਹ ਰੱਖ ਸਕਦੇ ਹੋ।

# ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਨੇ ਪਿਕਨਿਕ ਮਨਾਈ







(ਬਰੈਂਪਟਨ/ਬਾਸੀ ਹਰਚੰਦ) 20 ਅਗਸਤ ਦਿਨ ਸਨਿਚਰਵਾਰ ਨੂੰ ਜਿਲਾ ਫਿਰੋਜ਼ਪੁਰ ਦੇ ਨਿਵਾਸੀ ਪ੍ਰੀਵਾਰਾਂ ਲਈ ਸੁਭ ਦਿਹਾੜਾ, ਜੋ ਉਡੀਕਦਿਆਂ ਇਹ ਦਿਨ ਆਇਆ। ਇਸ ਦਿਹਾੜੇ ਆਪਣੀ ਸੋਲਵੀਂ ਪਿਕਨਿਕ ਤੇ ਪ੍ਰੀਵਾਰ ਵਾਈਲਡ ਵੁੱਡ ਪਾਰਕ (ਪਾਲ ਕੌਫੀ) ਵਿਖੇ ਇਕੱਤਰ ਹੋਏ। ਦਸ ਵਜੇ ਪਰਬੰਧਕ ਸਾਡੇ ਸੀਨੀਅਰ ਮੈਂਬਰ ਜਲੌਰ ਸਿੰਘ ਕਾਹਲੋਂ, ਧਰਮ ਸਿੰਘ ਕੰਗ,ਹਰਚੰਦ ਸਿੰਘ ਬਾਸੀ, ਭੁਪਿੰਦਰ ਸਿੰਘ ਖੋਸਾ, ਸੁਖਜੀਤ ਕੰਗ, ਸੁਖਦੇਵ ਸਿੰਘ ਕਾਹਲੋਂ,ਦਿਲਬਾਗ ਸਿੰਘ ਸੰਧੂ,ਪਰੀਤਪਾਲ ਰਾਣਾ,ਗੁਪਰੀਤ ਸਿੰਘ ਖੋਸਾ, ਜਸਵਿੰਦਰ ਸਿੰਘ ਸੇਖੋਂ,ਗੁਰਜੀਤ ਸਿੰਘ ਸਰਾਂ, ਰਛਪਾਲ ਸਿੰਘ ਬਰਾੜ ਫੋਟੋਗਰਾਫਰ ਅਤੇ ਹਰਪਰੀਤ ਢਿਲੋਂ ਸੱਭ ਲੋੜੀਦਾ ਸਮਾਨ ਲੈ ਕੇ ਬਿਨਾਂ ਕਿਸੇ ਢਿੱਲ ਮੱਠ ਤੋਂ ਪਹੁੰਚ ਗਏ। ਪਾਰਕ ਵਿੱਚ ਪਹੁੰਚ ਕੇ ਸੱਭ ਤਿਆਰੀਆਂ ਸੌ ਪ੍ਰਤੀਸ਼ਤ ਮੁਕੰਮਲ ਕਰ ਲਈਆਂ। ਟੈਂਟ, ਮੇਜ਼,ਕੁਰਸੀਆਂ, ਸਾਊਡ, ਸਪੌਂਸਰਜ਼ ਦੇ ਬੈਨਰ, ਬਰੇਕਫਾਸਟ ਦਾ ਸਮਾਨ, ਠੰਡੇ, ਰੂਹ ਅਫਜ਼ਾ ਅਤੇ ਹੋਰ ਸੱਭ ਲੋੜੀਦਾ ਸਮਾਨ ਮਹਿਮਾਨਾਂ ਦੇ ਆਉਣ ਤੋਂ ਪਹਿਲਾਂ ਹਰ ਤਰ੍ਹਾਂ ਨਾਲ ਮੁਕੰਮਲ ਸੀ। ਜਿਉਂ ਹੀ ਮਹਿਮਾਨਾਂ ਦੀ ਆਵਾਜਾਈ ਸ਼ੁਰੂ ਹੋਈ ਸੱਭ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਪਰੀਵਾਰਾਂ ਦੀ ਸੁਖ ਸਾਂਤੀ ਲਈ ਅਰਦਾਸ ਕਰਕੇ ਅਤੇ ਵਿਛੜ ਗਏ ਸਾਥੀਆਂ ਨੂੰ ਯਾਦ ਕੀਤਾ। :ਉਪਰੰਤ :" ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਭਹੂੰ ਨ ਟਰੋ।।" ਦਾ ਸਬਦ ਗਾਇਨ ਕੀਤਾ ਅਤੇ ਕਨੇਡਾ ਦਾ ਕੌਮੀ ਤਰਾਨਾ ਗਾਇਆ। ਇਸ ਤੋਂ ਬਾਅਦ ਨਾਸ਼ਤੇ/ਸਨੇਕਸ ਦੀ ਸ਼ੁਰੂਆਤ ਕੀਤੀ। ਵਿੰਹਦਿਆਂ ਵਿੰਹਦਿਆਂ ਆਦਮੀਆਂ,ਔਰਤਾਂ ਬੱਚਿਆਂ ਨਾਲ ਪਾਰਕ ਵਿੱਚ ਗਹਿਮਾ ਗਹਿਮੀ ਹੋਣ ਲੱਗੀ। ਕਰੋਨਾ ਦੀ ਮਾਰ ਤੋਂ ਬਾਅਦ ਇਕੱਤਰ ਹੋਏ ਪ੍ਰੀਵਾਰ ਇਕ ਦੂਜੇ ਨੂੰ ਚਾਈਂ ਚਾਈਂ ਗਲੇ ਲੱਗ ਲੱਗ ਮਿਲਦੇ ਰਹੇ। ਲੱਗ ਪੱਗ ਚਾਰ ਸੌ ਲੋਕ ਸਾਮਲ ਹੋ ਗਏ। ਸਵੀਟ ਮਹਿਲ ਰੈਸਟੋਰੈਂਟ ਵਾਲਿਆਂ ਦੇ ਅਤਿ ਸੁਆਦਲੇ ਭੋਜਨ ਨੂੰ ਖਾ ਕੇ ਅਨੰਦ ਮਾਣਦੇ ਰਹੇ। ਰਿਸ਼ਤਿਆਂ ਦੀਆਂ ਸਾਝਾਂ ਦੀਆਂ ਗੱਲਾਂ ਅਤੇ ਰੁੱਖਾਂ ਦੀਆਂ ਛਾਵਾਂ ਪਾਰਕ ਦੇ ਛੈਡਾਂ ਨੇ ਜਰਾ ਜਿੰਨੀ ਗਰਮੀ ਮਹਿਸੂਸ ਨਹੀਂ ਹੋਣ ਦਿਤੀ। ਦੂਸਰਾ ਸੁਆਦੀ ਰੂਹ ਅਫਜਾ ਨੇ ਪਿਆਸ ਨੂੰ ਤਰਿਪਤ ਕਰੀ ਰੱਖਿਆ। ਸ਼ਹਿਰ ਦੀਆਂ ਕੁੱਝ ਸਨਮਾਨ ਯੋਗ ਸਖਸੀਅਤਾਂ ਸਾਡੇ ਬੁਲਾਵੇ ਤੇ ਸ਼ਾਮਲ ਹੋਈਆਂ ਜਿੰਨਾਂ ਵਿੱਚ ਮੋਗੇ ਤੋਂ ਵਿਦਵਾਨ ਪੂਰਨ ਸਿੰਘ ਪਾਂਧੀ, ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੇ ਪਰਧਾਨ ਜੰਗੀਰ ਸਿੰਘ ਸੈਂਭੀ, ਨਾਮਵਰ ਸੋਸ਼ਲ ਐਕਟੀਵਿਸਟ ਗੁਰ-ਦੇਵ ਸਿੰਘ ਮਾਨ,ਮਹੇਸਰੀ ਤੋਂ ਹੋਣਹਾਰ ਪੋਲੀਸ ਸਾਰਜੈਂਟ ਬਲਜੀਵਨ ਸਿੰਘ ਸੰਧੂ, ਸਾਡੇ ਜਿਲੇ ਫਿਰੋਜਪੁਰ ਤੋਂ ਮੇਲਿਆਂ ਦਾ ਧਨੀ ਨਾਮਵਰ ਹਸਤੀ ਜਸਵਿੰਦਰ ਸਿੰਘ ਖੋਸਾ,ਉਘੈ ਪੱਤਰਕਾਰ ਸੱਤ ਪਾਲ ਜੌਹਲ, ਮੋਗਾ ਕਲੱਬ ਦੇ ਪਰਧਾਨ ਜਤਿੰਦਰ ਸਿੰਘ ਗਿਲ,ਪਰਮਜੀਤ ਸਿੰਘ ਕਾਹਲੋਂ,ਪਿਆਰਾ ਸਿੰਘ ਪੰਨੂ ਆਦਿ ਸਾਮਲ ਸਨ। ਪਿੰਡ ਸਨ੍ਹੇਰ ਸੇਖੋਂ ਪਰੀਵਾਰ ਤੋਂ ਹਰ ਸਾਲ ਪੱਕੀ ਡਿਊਟੀ ਸੰਭਾਲਦੇ ਮਿਹਨਤੀ ਖਜਾਨਚੀ ਅਜੈਬ ਸਿੰਘ ਸੇਖੋਂ ਨੇ ਮਹਿਮਾਨਾਂ ਵੱਲੋਂ ਮਾਇਕ ਸਹਾਇਤਾ ਲੈ ਕੇ ਪਰਚੀਆਂ ਕੱਟੀਆਂ। ਮਹਿਮਾਨਾਂ ਨੇ ਦਿਲ ਖੋਹਲ ਕੇ ਮਾਇਕ ਸਹਾਇਤਾ ਕੀਤੀ। ਸਹਾਇਤਾ ਕਰਨ ਵਾਲੇ ਸੱਭ ਮਹਿਮਾਨਾਂ ਦਾ ਸਮੁੱਚੀ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ। ਸੱਭ ਦੇ ਨਾਂ ਸਹਾਇਤਾ ਬੁਕ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹਨ। ਸੌ ਡਾਲਰ ਦੀ ਸਹਾਇਤਾ ਕਰਨ ਵਾਲਿਆਂ ਨੂੰ ਕਲੱਬ ਵੱਲੋਂ ਟੀ ਸ਼ਰਟ ਦਾ ਗਿਫਟ ਦਿੱਤਾ ਗਿਆ।

ਸਾਡੇ ਸਨਮਾਨਯੋਗ ਸਪੌਂਸਰਾਂ ਵਿੱਚ ਸਵੀਟ ਮਹਿਲ ਰੇਸਟੋਰੈਂਟ ਤੋਂ ਸੁਖਰਾਜ ਸਿੰਘ ਕੰਗ ਇੱਕ ਹਜ਼ਾਰ ਡਾਲਰ ,ਅਵਤਾਰ ਸਿੰਘ ਖੋਸਾ ਫਰੈਸ਼ ਗਰੌਸਰੀ ਕੇਲਡਨ ਇੱਕ ਹਜ਼ਾਰ ਡਾਲਰ, ਬਲ-ਜੰਦਰ ਸਿੰਘ ਸੰਧੂ, ਸੰਧੂ ਲਾਅ ਆਫਿਸ ਤੋਂ ਪੰਜ ਸੌ ਡਾਲਰ, ਜਸਵਿੰਦਰ ਸਿੰਘ ਸੇਖੋਂ ਵਰਲਡ ਫਾਇਨੈਂਸ਼ਲ ਗਰੁਪ ਤੋਂ ਪੰਜ ਸੌ ਡਾਲਰ, ਸੁਖਪਾਲ ਸਿੰਘ ਕੰਗ ਨੌਰਥ ਮਿਕਸ ਕੰਕਰੀਟ ਤੋਂ ਪੰਜ ਸੌ ਡਾਲਰ ਅਤੇ ਜਸਕਰਨ ਸਿੰਘ ਖੋਸਾ ਵਰਲਡ ਫਾਇਨੈਂਸ਼ਲ ਗਰੁਪ ਇਮੀਗ੍ਰੇਸਨ ਤੋਂ ਪੰਜ ਸੌ ਡਾਲਰ, ਨੇ ਦੇ ਕੇ ਸਹਾਇਤਾ ਕੀਤੀ। ਕਲੱਬ ਕਮੇਟੀ ਨੇ ਇਨਾਂ ਸਪੌਂਸਰਜ਼ ਮੈਬਰਾਂ ਦਾ ਪਲੈਕ ਦੇ ਕੇ ਸਨਮਾਨ ਕੀਤਾ ਅਤੇ ਅਤਿ ਧੰਨਵਾਦ ਕੀਤਾ।

ਖਚਾ ਖਚ ਭਰੇ ਪਾਰਕ ਵਿੱਚ ਪ੍ਰੋਗਰਾਮ ਰੋਕ ਕੇ ਸਾਡੇ ਕੋਲੋਂ ਵਿੱਛੜ ਗਏ ਪਿਆਰੇ ਸਾਥੀਆਂ ਨੂੰ ਦੋ ਮਿੰਟ ਮੋਨ ਧਾਰ ਕੇ ਸੱਭ ਮਹਿਮਾਨਾਂ ਨੇ ਸ਼ਰਧਾਂਜਲੀ ਭੇਟ ਕੀਤੀ। ਕਮੇਟੀ ਨੇ ਸਾਡੀ ਪਿਕਨਿਕ ਦੀ ਐਡ ਦੇਣ ਵਾਲੇ ਅਖਬਾਰਾਂ ਅਤੇ ਰੇਡੀਉ ਵਾਲੇ ਆਦਰਯੋਗ ਮੀਡੀਆ ਲਈ ਧੰਨਵਾਦੀ ਮਤਾ ਵੀ ਪਾਸ ਕੀਤਾ। ਅੰਕਲ ਜੈਕਾਰ ਦੁਗਲ ਦਾ ਵੀ ਧੰਨਵਾਦ ਕੀਤਾ।

ਲੱਗ ਪੱਗ ਢਾਈ ਕੁ ਵਜੇ ਬੱਚਿਆਂ ਬੀਬੀਆਂ ਅਤੇ ਨੌਜਵਾਨਾਂ ਦੀਆਂ ਖੇਡਾਂ ਸ਼ੁਰੂ ਹੋ ਗਈਆਂ ਜਿੰਨਾਂ ਵਿਚ ਵੱਖ ਵੱਖ ਦੇ ਉਮਰ ਗਰੁੱਪਾਂ ਦੇ ਮੁਕਾਬਲੇ ਹੋਏ। ਹਰ ਉਮਰ ਗਰੁੱਪ ਦੇ ਬੀਬੀਆਂ,ਬੱਚਿਆਂ,ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਦਰਸ਼ਕਾਂ ਨੇ ਬੜੀ ਦਿਲਚਸਪੀ ਨਾਲ ਖੇਡਾਂ ਦਾ ਅਨੰਦ ਮਾਣਿਆ। ਜੇਤੂਆਂ ਨੂੰ ਸੁੰਦਰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਪਰੀਤਪਾਲ ਰਾਣਾ ਅਤੇ ਉਸ ਦੀ ਟੀਮ ਹਰਪਰੀਤ ਢਿਲੋਂ,ਗੁਰਜੀਤ ਸਿੰਘ ਸਰਾਂ, ਗਗਨਦੀਪ ਕੰਗ ਨੇ ਫੂਡ ਦੀ ਡਿਊਟੀ ਬਾਖੂਬ ਨਿਭਾਈ ਸਟੂਡੈਂਟਸ ਕਰਨ ਬਾਸੀ ,ਸੋਨੂ, ਹਰਮੀਕ ਬਾਸੀ, ਅਵਿਨ-ਾਸ਼ ਕੰਗ ਅਕਾਸ਼, ਕਰਨ ਚੀਮਾ, ਬੂਟਾ,ਸੁਖਦੀਪ ਸਰਾਂ ਆਦਿ ਨੇ ਲੋੜ ਪੈਣ ਤੇ ਹਰ ਤਰ੍ਹਾ ਦੀ ਸਹਾਇਤਾ ਅਤੇ ਸਫਾਈ ਰੱਖਣ ਵਿੱਚ ਮੋਹਰੀ ਰੋਲ ਅਦਾ ਕੀਤਾ। ਬੀਬੀ ਪਰਤਾਪ ਕੌਰ ਸੰਘਾ ਨੱਬੇ ਸਾਲ ਪਿੰਡ ਵਾੜਾ ਭਾਈ ਅਤੇ ਨਛੱਤਰ ਸਿੰਘ ਸਰਾਂ ਪਿੰਡ ਕਸੋਆਣਾ ਪਿਕਨਿਕ ਵਿੱਚ ਆਏ ਵਡੇਰੀ ਉਮਰ ਦੇ ਬਜ਼ੁਰਗਾਂ ਨੂੰ ਪਾਠ ਸੁਣਣ ਲਈ ਰੇਡੀਉ ਦੇ ਕੇ ਸਨਮਾਨਿਤ ਕੀਤਾ। ਖੇਡਾਂ ਦਾ ਦੌਰ ਖਤਮ ਹੋਣ ਪਿੱਛੋਂ ਪੰਜ ਕੁ ਵਜੇ ਭੋਜਨ ਦਾ ਲੰਗਰ ਵਰਤਣ ਲੱਗਾ ਭਾਂਤ ਭਾਂਤ ਦੇ ਸੁਆਦਲੇ ਭੋਜਨ ਨੂੰ ਖਾ ਕੇ ਮਹਿਮਾਨ ਅਗਲੇ ਸਾਲ ਮਿਲਣ ਦੇ ਵਾਅਦਿਆਂ ਨਾਲ ਘਰਾਂ ਨੂੰ ਪਰਤ ਗਏ ਅਤੇ ਕਮੇਟੀ ਨੂੰ ਸ਼ੁਭ ਅਸੀਸਾਂ ਦਿੰਦੇ ਗਏ ਜਿੰਨਾਂ ਇਹ ਸਾਰਾ ਪਰਬੰਧ ਕੀਤਾ। ਸਾਰੇ ਪਰੀਵਾਰ ਇੰਨਾ ਘੁਲ ਮਿਲ ਗਏ ਕਿ ਇੱਕ ਪ੍ਰੀਵਾਰ ਹੀ ਬਣ ਗਿਆ। ਪਤਵੰਤੇ ਮਹਿਮਾਨਾਂ ਨੇ ਸਾਰੇ ਸੁਚੱਜੇ ਅਨੁਸਾਸ਼ਤ ਪ੍ਰਬੰਧ ਨੂੰ ਵੇਖ ਕੇ ਪ੍ਰਸੰਸਾ ਕੀਤੀ ਅਤੇ ਰਾਜ ਪੁਛਿਆ। ਹਰਚੰਦ ਸਿੰਘ ਬਾਸੀ ਨੇ ਦੱਸਿਆ ਕਿ ਸਾਡੀ ਸਫਲਤਾ ਦਾ ਰਾਜ ਸਾਫ ਸਦਾਚਾਰ, ਨਿਮਰ ਵਿਵਹਾਰ, ਮੁਕਤ ਤਕਰਾਰ,ਬੇਗਰਜ਼ ਸੇਵਾਦਾਰ ਹਨ। ਕੋਈ ਪ੍ਰਧਾਨ ਸੈਕਟਰੀ ਨਹੀਂ।

# ਰੈੱਡ ਵਿੱਲੋ ਕਲੱਬ ਨੇ ਕੈਨੇਡਾ ਡੇਅ ਅਤੇ ਇੰਡੀਆ ਦਾ ਆਜ਼ਾਦੀ ਦਿਵਸ ਮਨਾਇਆ











ਬਰੈਂਪਟਨ (ਹਰਜੀਤ ਬੇਦੀ): ਪਿਛਲੇ ਦਿਨੀ ਬਰੈਂਪਟਨ ਦੀ ਰੈੱਡ ਵਿੱਲੋ ਕਲੱਬ ਵਲੋਂ ਕਨੇਡਾ ਡੇਅ ਅਤੇ ਭਾਰਤ ਦਾ ਆਜਾਦੀ ਦਿਵਸ ਸਾਂਝੇ ਤੌਰ ਤੇ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਦੀ ਪਰਧਾਨਗੀ ਹੇਠ ਮਨਾਇਆ ਗਿਆ । ਚਾਹ ਪਾਣੀ ਤੋਂ ਬਾਦ ਪਰੋਗਰਾਮ ਦੇ ਸੁਰੂ ਵਿੱਚ ਕਨੇਡਾ ਅਤੇ ਭਾਰਤ ਦੇ ਝੰਡੇ ਝੁਲਾ ਕੇ "ਓ ਕਨੇਡਾ" ਅਤੇ "ਰਾਸ਼ਟਰੀ ਗੀਤ " ਪੇਸ਼ ਕੀਤੇ ਗਏ। ਇਸ ਉਪਰੰਤ ਸਟੇਜ ਸਕੱਤਰ ਅਮਰਜੀਤ ਸਿੰਘ ਨੇ ਬੁਲਾਰਿਆਂ ਨੂੰ ਵਾਰੋ ਵਾਰੀ ਮਾਇਕ ਤੇ ਆਉਣ ਦਾ ਸੱਦਾ ਦਿੱਤਾ।

ਸਟੇਜ ਦੇ ਪਰੋਗਰਾਮ ਦੌਰਾਨ ਪਰਮਜੀਤ ਬੜਿੰਗ, ਰਮੇਸ਼ਵਰ ਸੰਘਾ, ਬਲਦੇਵ ਰਹਿਪਾ ਨੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਇਸੇ ਦੌਰਾਨ ਔਜਲਾ ਬਰਾਦਰਜ਼ ਨੇ ਗੀਤਾਂ ਰਾਹੀਂ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਗਿਆਨ ਸਿੰਘ ਘਈ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਜੋਗਿੰਦਰ ਸਿੰਘ ਪੱਡਾ ਨੇ ਸਾਉਂਡ ਸਿਸਟਮ ਦੀ ਜਿੰਮੇਵਾਰੀ ਨਿਭਾਈ।

ਪਰੋਗਰਾਮ ਦੌਰਾਨ ਖਾਣ-ਪੀਣ ਦਾ ਪਰੋਗਰਾਮ ਲਗਾਤਾਰ ਚਲਦਾ ਰਿਹਾ। ਮਹਿਮਾਨਾਂ ਦੀ ਸੇਵਾ ਵਿੱਚ ਪਰਕਾਸ਼ ਕੌਰ, ਚਰਨਜੀਤ ਕੌਰ, ਅਮਰਜੀਤ ਕੌਰ, ਮਹਿੰਦਰ ਕੌਰ ਪੱਡਾ, ਸ਼ਿਵਦੇਵ ਸਿੰਘ ਰਾਏ,ਗੋਬਿੰਦਰ ਸਿੰਘ ਜੇ ਈ, ਲਗਾਤਾਰ ਜੁਟੇ ਰਹੇ। ਖਾਣ-ਪੀਣ ਦੇ ਸਮਾਨ ਚਾਵਲ ਅਤੇ ਪਰਸ਼ਾਦ ਆਦਿ ਬਣਾਉਣਦੀ ਸੇਵਾ ਬੇਅੰਤ ਕੌਰ, ਹਰਵਿੰਦਰ ਕੌਰ, ਇੰਦਰਜੀਤ ਕੌਰ , ਅਮਰਜੀਤ ਕੌਰ ਆਦਿ ਨੇ ਕੀਤੀ। ਬਲਜੀਤ ਕੌਰ ਸੇਖੋਂ ਅਤੇ ਬਲਜੀਤ ਕੌਰ ਗਰੇਵਾਲ ਨੇ ਵੀ ਆਪਣਾ ਯੋਗਦਾਨ ਪਾਇਆ।

ਸਟੇਜ ਦੇ ਪਰੋਗਰਾਮ ਤੋਂ ਬਾਦ ਖਾਣ-ਪੀਣ ਦਾ ਸਮਾਨ ਖੁੱਲ੍ਹੇ ਤੌਰ ਤੇ ਵਰਤਾਇਆ ਗਿਆ। ਇਸ ਤੋਂ ਬਾਦ ਬਚਿੱਆਂ ਦੇ ਵੱਖ-ਵੱਖ ਵਰਗ ਗਰੁੱਪਾਂ ਦੇ ਖੇਡ ਮੁਕਾਬਲੇ ਬਲਵੰਤ ਸਿੰਘ ਕਲੇਰ, ਬਲਦੇਵ ਰਹਿਪਾ, ਮਾ: ਕੁਲਵੰਤ ਸਿੰਘ ਅਤੇ ਹਿੰਮਤ ਸਿੰਘ ਲੱਛਰ ਦੀ ਨਿਗਰਾਨੀ ਵਿੱਚ ਕਰਵਾਏ ਗਏ। ਬਚਿੱਆਂ ਵਿੱਚ ਸਪੋਰਟਸ ਵਿੱਚ ਭਾਗ ਲੈਣ ਲਈ ਬਹੁਤ ਹੀ ਉਤਸ਼ਾਹ ਸੀ। ਜੇਤੂ ਬੱਚਿਆਂ ਦਾ ਟਰਾਫੀਆਂ ਅਤੇ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਸਾਰਾ ਪਰੋਗਰਾਮ ਬਹੁਤ ਹੀ ਵਧੀਆ ਢੰਗ ਨਾਲ ਨੇਪਰੇ ਚੜ੍ਹਿਆ। ਅੰਤ ਵਿੱਚ ਪਰਧਾਨ ਗੁਰਨਾਮ ਸਿੰਘ ਗਿੱਲ ਨੇ ਆਏ ਮਹਿਮਾਨਾਂ ਤੇ ਸਮੂਹ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਸਹਿਯੋਗ ਸਦਕਾ ਹੀ ਕਲੱਬ ਦੀਆਂ ਗਤੀਵਿਧੀਆਂ ਸਫਲ ਹੁੰਦੀਆਂ ਹਨ। ਕਲੱਬ ਸਬੰਧੀ ਕਿਸੇ ਵੀ ਪਰਕਾਰ ਦੀ ਜਾਣਕਾਰੀ ਲਈ ਗੁਰਨਾਮ ਸਿੰਘ ਗਿੱਲ ਪ੍ਰਧਾਨ 416-908-1300 ਜਾਂ ਅਮਰਜੀਤ ਸਿੰਘ ਸਕੱਤਰ ਨਾਲ 416-268-6821 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੋਕਤੰਤਰ ਦੀ ਭਾਵਨਾ ਤੋਂ ਹਟਦੇ ਜਾਂਦੇ ਭਾਰਤ ਦੀ ਹਾਲਤ ਭਵਿੱਖ ਲਈ ਸੁਲੱਖਣੀ ਨਹੀਂ ਜਾਪਦੀ



ਜਤਿੰਦਰ ਪੰਨੂ

ਸਮਾਜੀ ਖੇਤਰ ਵਿੱਚ ਅੱਧੀ ਸਦੀ ਧੱਕੇ ਖਾਣ ਪਿੱਛੋਂ ਜਿਹੜੀ ਗੱਲ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਥੋੜ੍ਹੀ-ਬਹੁਤ ਸਮਝ ਪੈਣ ਲੱਗੀ ਹੈ, ਉਹ ਇਹ ਹੈ ਕਿ ਕੋਈ ਚੀਜ਼ ਜਾਂ ਕੋਈ ਨਿਯਮ ਜਿੰਨਾਮਰਜ਼ੀ ਚੰਗਾ ਬਣਾਈ ਜਾਉ, ਨਿਰਭਰ ਲਾਗੂ ਕਰਨ ਵਾਲਿਆਂ ਦੀ ਨੀਤ ਉੱਤੇ ਕਰੇਗਾ। ਉਨ੍ਹਾਂ ਦੀ ਨੀਤ ਚੰਗੀ ਹੋਵੇਗੀ ਤਾਂ ਉਹ ਉਸ ਨਿਯਮ ਜਾਂ ਚੀਜ਼ ਨੂੰ ਲੋਕਾਂ ਦੀ ਸੇਵਾ ਲਈ ਵਰਤਣਗੇ, ਪਰ ਜੇ ਨੀਤ ਵਿੱਚ ਖੋਟ ਆ ਗਿਆ ਤਾਂ ਉਹੀ ਨਿਯਮ ਜਾਂ ਉਹੀ ਚੀਜ਼ ਆਮ ਲੋਕਾਂ ਦਾ ਰਗੜਾ ਕੱਢਣ ਦਾ ਸੰਦ ਵੀ ਸਾਬਤ ਹੋ ਸਕਦੀ ਹੈ। ਮਿਸਾਲ ਵਜੋਂ ਕਿਸੇ ਕੰਪਨੀ ਨੇ ਚਾਕੂ ਬੜਾਚੰਗਾ ਬਣਾ ਦਿੱਤਾ, ਅੱਗੋਂ ਉਸ ਦੀ ਵਰਤੋਂ ਸਬਜ਼ੀ ਕੱਟਣ ਲਈ ਵੀ ਕੀਤੀ ਜਾ ਸਕਦੀ ਹੈ ਤੇ ਕਿਸੇ ਸਾਊ ਵਿਅਕਤੀ ਦੀ ਧੌਣ ਵੱਢਣ ਵਾਸਤੇ ਵੀ ਕੀਤੀ ਜਾਣ ਤੋਂ ਰੋਕੀ ਨਹੀਂ ਜਾ ਸਕਦੀ। ਇਸ ਲਈ ਇਹ ਗੱਲ ਅਰਥ ਘੱਟ ਰੱਖਦੀ ਹੈ ਕਿ ਨਿਯਮ ਕੀ ਹਨ, ਸਗੋਂ ਅਰਥ ਵੱਡਾ ਇਹੀ ਹੈ ਕਿ ਉਸ ਨੂੰ ਜਿਸ ਕਿਸੇਲੀਡਰ ਨੇ ਵਰਤਣਾ ਹੋਵੇਗਾ, ਉਹ ਆਪਣੀ ਨੀਤੀ ਮੁਤਾਬਕ ਚਾਬੀਆਂ ਘੁੰਮਾ ਸਕਦਾ ਹੈ।

ਭਾਰਤ ਦਾ ਲੋਕਤੰਤਰ ਵੀ ਏਸੇ ਜਿਲ੍ਹਣ ਵਿੱਚ ਫਸਿਆ ਪਿਆ ਹੈ। ਇਸ ਦੇ ਨਿਯਮ ਬਣਾਉਣ ਵਾਲੇ ਮੁੱਢਲੇ ਲੀਡਰ ਤਾਂ ਗਲਤ ਨਹੀਂ ਸਨ, ਪਰ ਇਸ ਦੀ ਦੁਰਵਰਤੋਂ ਵਾਲੇ ਰਾਹ ਏਨੇ ਹਨ ਕਿ ਮੌਕੇ ਦੇ ਮਾਲਕ ਦੀਮਰਜ਼ੀ ਚੱਲਣ ਤੋਂ ਰੋਕਣੀ ਸੰਭਵ ਨਹੀਂ। ਦੇਸ਼ ਦੀ ਵਾਗ ਕਿਸੇ ਡਾਕਟਰ ਮਨਮੋਹਨ ਸਿੰਘ ਵਰਗੇ ਆਗੂ ਦੇ ਹੱਥ ਹੋਵੇ ਤਾਂ ਕਲਰਕ ਵੀ ਉਸ ਦਾ ਕਿਹਾ ਨਹੀਂ ਮੰਨਦੇ, ਪਰ ਨਰਿੰਦਰ ਮੋਦੀ ਵਰਗੇ ਆਗੂ ਹੱਥ ਹੋਵੇ ਤਾਂ ਵੱਡੇ ਤੋਂ ਵੱਡਾ ਬਾਬੂ ਅਤੇ ਹਰ ਛੋਟੀ-ਵੱਡੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੇ ਅਫਸਰ ਉਸ ਦੀ ਫਰਮਾ-ਬਰਦਾਰੀ ਲਈ ਤੀਬਰ ਰਹਿੰਦੇ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਮੌਕੇ ਦੇ ਮਾਲਕ ਦਾ ਕਿਹਾ ਨਾ ਮੰਨਿਆ ਤਾਂ ਰਾਜਧਾਨੀ ਦਿੱਲੀ ਵਿੱਚ ਟੌਹਰ ਵਾਲੀ ਅਫਸਰੀ ਕਰਦਿਆਂ ਨੂੰ ਅਰੁਣਾਚਾਲ ਪ੍ਰਦੇਸ਼,ਮੀਜ਼ੋਰਮ ਜਾਂ ਜੰਮੂ-ਕਸ਼ਮੀਰ ਦੇ ਕਿਸੇ ਖਤਰੇ ਵਾਲੇ ਇਲਾਕੇ ਵਿੱਚ ਰਾਤੋ-ਰਾਤ ਘੱਲਿਆ ਜਾ ਸਕਦਾ ਹੈ। ਇਸ ਬਦਲੀ ਦਾ ਡਰ ਉਨ੍ਹਾਂ ਨੂੰ ਕੇਂਦਰ ਸਰਕਾਰ ਦੀ ਜੀ-ਹਜ਼ੂਰੀ ਕਰਨਾ ਸਿਖਾਉਂਦਾ ਹੈ, ਕਿਉਂਕਿ ਦਿੱਲੀ ਸਣੇ ਕਈ ਰਾਜਾਂ ਦੇ ਸਾਂਝੇ ਕੇਡਰ ਦੇ ਅਫਸਰਾਂ ਦੀਆਂ ਨਿਯੁਕਤੀਆਂ ਕੇਂਦਰ ਸਰਕਾਰ ਨੇ ਕਰਨੀਆਂ ਹੁੰਦੀਆਂ ਹਨ। ਰਾਜਧਾਨੀ ਦਿੱਲੀ ਦੀ ਸਰਕਾਰ ਦੇ ਕੋਲ ਆਪਣੇ ਅਫਸਰਾਂ ਦੀ ਬਦਲੀ ਦਾ ਅਧਿਕਾਰ ਵੀ ਨਹੀਂ, ਓਥੇ ਵੀ ਇਹ ਅਧਿਕਾਰ ਕੇਂਦਰ ਸਰਕਾਰ ਕੋਲ ਹੈ। ਕਿਹਾ ਜਾ ਸਕਦਾ ਹੈ ਕਿ ਦਿੱਲੀ ਪੂਰਾ ਰਾਜ ਨਹੀਂ, ਪਰ ਪੰਜਾਬ ਵਰਗੇ ਪੂਰੇ ਰਾਜਾਂ ਦੇ ਪ੍ਰਸ਼ਾਸਨ ਦੇ ਅਧਿਕਾਰੀਆਂ, ਆਈ ਏ ਐੱਸ ਅਫਸਰਾਂ, ਉੱਤੇ ਤਾਂ ਕੇਂਦਰ ਦਾ ਕੋਈ ਦਾਬਾ ਨਹੀਂ ਹੋਣਾ, ਇਹ ਪੰਜਾਬ ਸਰਕਾਰ ਦੀ ਮਰਜ਼ੀ ਨਾਲ ਚੱਲਦੇ ਹੋਣਗੇ, ਪਰ ਇਹ ਵੀ ਗੱਲ ਪੂਰੀ ਸੱਚ ਨਹੀਂ। ਕੋਈ ਆਈ ਏ ਐੱਸ ਅਫਸਰ ਪੰਜਾਬ ਸਰਕਾਰ ਦੀ ਸੋਚ ਮੁਤਾਬਕ ਚੱਲਣ ਦੀ ਥਾਂ ਅੜਿੱਕੇ ਪਾਉਣ ਲੱਗ ਜਾਵੇ ਜਾਂ ਨੰਗਾ-ਚਿੱਟਾ ਕੋਈ ਪੁੱਠੇ ਕੰਮ ਕਰੀ ਜਾਵੇ, ਰਾਜ ਸਰਕਾਰ ਉਸ ਦੇ ਖਿਲਾਫ ਕੇਸ ਬਣਾਵੇਗੀ ਤਾਂ ਗ੍ਰਿਫਤਾਰੀ ਬੇਸ਼ੱਕ ਹੋ ਸਕਦੀ ਹੈ, ਅੱਗੋਂ ਕੇਸ ਅਦਾਲਤ ਵਿੱਚ ਚਲਾਉਣਾ ਹੈ ਜਾਂ ਨਹੀਂ ਚਲਾਉਣਾ, ਇਸ ਦੀਮਨਜ਼ੂਰੀ ਕੇਂਦਰ ਸਰਕਾਰ ਤੋਂ ਲੈਣੀ ਪਵੇਗੀ। ਕਈ ਕੇਸ ਅਦਾਲਤਾਂ ਵਿੱਚ ਜਾ ਕੇ ਇਸੇ ਕਾਰਨ ਸਿਰੇ ਨਹੀਂ ਚੜ੍ਹ ਸਕੇ ਕਿ ਕੇਂਦਰ ਸਰਕਾਰ ਨੇ ਮਨਜ਼ੂਰੀ ਨਹੀਂ ਸੀ ਦਿੱਤੀ, ਇਸ ਲਈ ਜਿਸ ਕਿਸੇ ਅਫਸਰ ਦੀ ਕੇਂਦਰ ਦੇ ਹਾਕਮਾਂ ਨਾਲ ਅੱਖ ਮਿਲੀ ਹੋਵੇ, ਉਹ ਰਾਜ ਸਰਕਾਰ ਨੂੰ ਟਿੱਚ ਜਾਣਦਾ ਹੈ। ਅੰਗਰੇਜ਼ਾਂ ਵੇਲੇ ਆਈ ਸੀ ਐੱਸ ਨਾਂਅ ਦੀ ਇਹ ਸਰਵਿਸ ਬਾਅਦ ਵਿੱਚ ਆਈ ਏ ਐੱਸ (ਇੰਡੀਅਨ ਐਡਮਨਿਸਟਰੇਟਿਵ ਸਰਵਿਸ) ਬੇਸ਼ਕ ਬਣ ਗਈ, ਮਕਸਦ ਇਸ ਦਾ ਅੰਗਰੇਜ਼ੀ ਰਾਜ ਵਾਲਾ ਹੀ ਰਿਹਾ ਕਿ ਇਸ ਸਰਵਿਸ ਦੇ ਅਫਸਰ ਓਦੋਂ ਲੰਡਨ ਦੇ ਅਤੇ ਆਜ਼ਾਦੀ ਪਿੱਛੋਂ ਦਿੱਲੀ ਦੇ ਇਸ਼ਾਰੇ ਮੁਤਾਬਕ ਚੱਲਣੇ ਹਨ, ਜਿਹੜਾ ਕੇਂਦਰ ਦੇ ਮੁਤਾਬਕ ਨਾ ਚੱਲਿਆ, ਉਸ ਲਈ ਮੁਸ਼ਕਲ ਹੋਵੇਗੀ। ਸਮੁੰਦਰ ਵਿੱਚ ਰਹਿ ਕੇ ਦਿਨ ਕੱਟਣ ਲਈ ਕਿਸ ਦੇ ਇਸ਼ਾਰੇ ਉੱਤੇ ਚੱਲਣਾ ਹੈ, ਇਹ ਗੱਲ ਅਫਸਰ ਜਾਣਦੇ ਹਨ ਤੇ ਰਾਜ ਸਰਕਾਰ ਦੇ ਜ਼ਿਆਦਾ ਮਾਨਸਿਕ ਭਾਈਵਾਲ ਨਾ ਹੋਣ ਤਾਂ ਇਹ ਅਫਸਰ ਕੇਂਦਰ ਸਰਕਾਰ ਦੇ ਖਿਲਾਫ ਚੱਲਣ ਦੀ ਹਿੰਮਤ ਨਹੀਂ ਕਰ ਸਕਦੇ। ਪੱਛਮੀ ਬੰਗਾਲ ਅਤੇ ਦਿੱਲੀ ਦੇ ਜਿਹੜੇ ਅਫਸਰਾਂ ਨੇ ਏਦਾਂ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦਾ ਹਸ਼ਰ ਸਾਰਿਆਂ ਨੂੰ ਪਤਾ ਹੈ।



ਅਗਲੀ ਗੱਲ ਇਹ ਕਿ ਅੰਗਰੇਜ਼ਾਂ ਵੱਲੋਂ ਬਣਾਈ ਗਵਰਨਰ ਦੀ ਪਦਵੀ ਰਾਜ ਸਰਕਾਰਾਂ ਦੇ ਸਿਰ ਉੱਤੇ ਕੇਂਦਰ ਦੇ ਹਾਕਮਾਂ ਦਾ ਉਹ ਲੋਹੇ ਦਾ ਕੁੰਡਾ ਹੈ, ਜਿਹੜਾ ਹਾਥੀ ਨੂੰ ਕਾਬੂ ਵਿੱਚ ਰੱਖਣ ਲਈ ਉਸ ਦੀ ਧੌਣ ਉੱਤੇ ਬੈਠੇ ਹੋਏ ਮਹਾਵਤ ਕੋਲ ਹੁੰਦਾ ਹੈ। ਜਿਹੜੇ ਆਗੂ ਨੂੰ ਸਿਰਫ ਸ਼ਾਨ ਨਾਲ ਬਜ਼ੁਰਗੀ ਹੰਢਾਉਣ ਅਤੇ ਐਸ਼ ਕਰਨ ਦਾ ਮੌਕਾ ਦੇਣਾ ਹੈ, ਉਸ ਨੂੰ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਉਸ ਰਾਜ ਦਾ ਗਵਰਨਰ ਲਾਉਂਦੀ ਹੈ, ਜਿੱਥੇ ਆਪਣੀ ਪਾਰਟੀ ਦਾ ਰਾਜ ਹੋਵੇ ਤੇ ਕਹਿ ਦੇਂਦੀ ਹੈ ਕਿ ਕੰਮ ਵਿੱਚ ਦਖਲ ਨਹੀਂ ਦੇਣਾ, ਓਦਾਂ ਐਸ਼ ਕਰੀ ਜਾਵੀਂ। ਜਿਸ ਰਾਜ ਵਿੱਚ ਕਿਸੇ ਹੋਰ ਪਾਰਟੀ ਦੀ ਸਰਕਾਰ ਹੋਵੇ ਤੇ ਕੇਂਦਰ ਸਰਕਾਰ ਉਸ ਦੀ ਨਕੇਲ ਕੱਸ ਕੇ ਰੱਖਣੀ ਚਾਹੁੰਦੀ ਹੈ, ਉਸ ਦਾ ਗਵਰਨਰ ਇਹੋ ਜਿਹਾ ਬਣਾਇਆ ਜਾਂਦਾ ਹੈ ਕਿ ਹਰ ਮਾਮਲੇ ਵਿੱਚ ਲੱਤ ਅੜਾਉਣ ਦੇ ਰਾਹ ਲੱਭ ਸਕਦਾ ਹੋਵੇ। ਪੱਛਮੀ ਬੰਗਾਲ ਵਿੱਚ ਲਾਇਆ ਜਗਦੀਪ ਧਨਖੜ ਇਹੋ ਕੰਮ ਕਰਦਾ ਸੀ ਅਤੇ ਏਸੇ ਕਾਰਗੁਜ਼ਾਰੀ ਨੇ ਉਸ ਨੂੰ ਤਰੱਕੀ ਦਿਵਾ ਦਿੱਤੀ ਹੈ, ਜਿਸ ਤੋਂ ਕਈ ਹੋਰ ਗਵਰਨਰ ਇਹ ਅਕਲ ਸਿੱਖ ਕੇ ਸੰਬੰਧਤ ਰਾਜਾਂ ਵਿੱਚ ਕੇਂਦਰ ਨਾਲ ਵਿਰੋਧ ਰੱਖਦੀ ਸਰਕਾਰ ਨਾਲ ਤਲਖੀ ਵਧਾਉਣ ਦਾ ਕੰਮ ਕਰ ਸਕਦੇ ਹਨ। ਪੰਜਾਬ ਵਿੱਚ ਅਜੇ ਇਹੋ ਜਿਹੇ ਹਾਲਾਤ ਨਹੀਂ, ਪਰ ਭਲਕ ਨੂੰ ਬਣ ਸਕਦੇ ਹਨ। ਸੰਵਿਧਾਨ ਵਿੱਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਜਦੋਂ ਗਵਰਨਰ ਇਹ ਰਿਪੋਰਟ ਕਰ ਦੇਵੇ ਕਿ ਹਾਲਾਤ ਰਾਜ ਸਰਕਾਰ ਦੇ ਵੱਸ ਦੇ ਨਹੀਂ, ਕੇਂਦਰੀ ਸਰਕਾਰ ਉਸ ਰਾਜ ਦੀ ਸਰਕਾਰ ਤੋੜ ਕੇ ਗਵਰਨਰ ਦੇ ਹੱਥ ਕਮਾਨ ਦੇ ਸਕਦੀ ਹੈ। ਕਿਸੇ ਭਲੇ ਸਮੇਂ ਇਹ ਪ੍ਰਬੰਧ ਦੇਸ਼ ਦੀ ਸਾਂਝੀ ਭਲਾਈ ਦਾ ਖਿਆਲ ਰੱਖ ਕੇ ਕੀਤਾ ਹੋਵੇਗਾ, ਪਰ ਇਸ ਦੀ ਦੁਰਵਰਤੋਂ ਇੰਦਰਾ ਗਾਂਧੀ ਨੇ ਸਭ ਤੋਂ ਪਹਿਲਾਂ ਕਾਂਗਰਸ ਨਾਲ ਵਿਰੋਧ ਵਾਲੀ ਕੇਰਲਾ ਦੇ ਲੋਕਾਂ ਦੀਚੁਣੀ ਹੋਈ ਸਰਕਾਰ ਤੁੜਵਾ ਕੇ ਕੀਤੀ ਸੀ, ਜਦੋਂ ਉਸ ਦਾ ਬਾਪ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਸੀ ਤੇ ਇੰਦਰਾ ਗਾਂਧੀ ਹਾਲੇ ਪਾਰਟੀ ਪ੍ਰਧਾਨ ਸੀ। ਇਸ ਪਿੱਛੋਂ ਭਾਰਤ ਦੇ ਕਈ ਰਾਜਾਂ ਵਿੱਚ ਇਸ ਗਵਰਨਰੀ ਅਹੁਦੇ ਦੀ ਦੁਰਵਰਤੋਂ ਕਰ ਕੇ ਕਈ ਸਰਕਾਰਾਂ ਤੋੜੀਆਂ ਗਈਆਂ ਸਨਤੇ ਕਈਆਂ ਬਾਰੇ ਅੱਜਕੱਲ੍ਹ ਵੀ ਹਰ ਵਕਤ ਚਰਚਾ ਹੁੰਦੀ ਰਹਿੰਦੀ ਹੈ ਕਿ ਉਨ੍ਹਾਂ ਦਾ ਝਟਕਾ ਕਿਸੇ ਵਕਤ ਵੀ ਕੀਤਾ ਜਾ ਸਕਦਾ ਹੈ। ਇਹ ਦਬਕਾ ਰਾਜਾਂ ਦੀਆਂ ਸਰਕਾਰਾਂ ਨੂੰ ਆਪਣੀ ਮਰਜ਼ੀ ਜਾਂ ਸੋਚ ਮੁਤਾਬਕ ਲੋਕਾਂ ਦੇ ਕੰਮ ਕਰਨ ਤੋਂ ਰੋਕਦਾ ਤੇ ਲੋਕਤੰਤਰ ਦੇ ਰਾਹ ਦਾ ਅੜਿੱਕਾ ਬਣਦਾ ਹੈ।

ਏਹੀ ਨਹੀਂ ਕਿ ਅੰਗਰੇਜ਼ ਰਾਜਦੌਰਾਨ ਸਰਕਾਰਾਂ ਦੇ ਸਿਰ ਉੱਤੇ ਕੋਈ ਕੁੰਡਾ ਲਟਕਦਾ ਰੱਖਣ ਲਈ ਕੇਂਦਰ ਵਿੱਚ ਬੈਠਾ ਵਾਇਸਰਾਏ ਜਾਂ ਗਵਰਨਰ ਜਨਰਲ ਰਾਜਾਂ ਦੇ ਗਵਰਨਰਾਂ ਦੀ ਵਰਤੋਂ ਕਰਦਾ ਸੀ, ਸਗੋਂ ਇਹ ਵੀ ਹੈ ਕਿ ਗਵਰਨਰਾਂ ਦੇ ਏਨੇ ਅਧਿਕਾਰ ਸਨ, ਜਿਵੇਂ ਉਹ ਰਾਜੇ ਹੁੰਦੇ ਸਨ। ਸਭ ਤੋਂ ਵੱਡੀ ਖੁੱਲ੍ਹ ਗਵਰਨਰ ਲਈ ਇਹ ਸੀ ਅਤੇ ਅੱਜ ਤੱਕ ਇਹ ਖੁੱਲ੍ਹ ਕਾਇਮ ਹੈ ਕਿ ਗਵਰਨਰ ਦੀ ਪਦਵੀ ਉੱਤੇ ਹੁੰਦਿਆਂ ਉਨ੍ਹਾਂ ਉੱਤੇ ਕੋਈ ਕੇਸ ਨਹੀਂ ਚੱਲ ਸਕਦਾ। ਇਸ ਖੁੱਲ੍ਹ ਦੀ ਵਰਤੋਂ ਨਹੀਂ, ਬਹੁਤ ਸਾਰੇ ਗਵਰਨਰ ਦੁਰਵਰਤੋਂ ਕਰਦੇ ਹਨ। ਦੁਨੀਆ ਭਰ ਦੇ ਦੇਸ਼ਾਂ ਵਿੱਚ ਰਿਵਾਜ ਹੈ ਕਿ ਦੇਸ਼ ਦੇ ਰਾਜੇ ਜਾਂ ਸੰਵਿਧਾਨਕ ਮੁਖੀ ਵਿਰੁੱਧ ਮੁਕੱਦਮਾ ਨਹੀਂ ਚੱਲ ਸਕਦਾ, ਪਰ ਕਈ ਦੇਸ਼ਾਂ ਵਿੱਚ ਇਹ ਕਾਨੂੰਨ ਹੁੰਦਿਆਂ ਤੋਂ ਵੀ ਇਸ ਤਰ੍ਹਾਂ ਦੇ ਕੇਸ ਚੱਲੇ ਹਨ ਅਤੇ ਵੱਡੇ ਹਾਕਮਾਂ ਨੂੰ ਸਜ਼ਾਵਾਂ ਹੋਈਆਂ ਹਨ। ਦੱਖਣੀ ਕੋਰੀਆ ਵਿੱਚ ਪੰਜ ਕੁ ਸਾਲ ਪਹਿਲਾਂ ਓਥੋਂ ਦੀ ਪਹਿਲੀ ਵਾਰੀ ਰਾਸ਼ਟਰਪਤੀ ਅਹੁਦੇ ਤੱਕ ਪਹੁੰਚਣ ਵਾਲੀ ਔਰਤ ਆਗੂ ਪਾਰਕ ਗੁਏਨ ਹੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠਕੇਸ ਚਲਾ ਕੇ ਅਹੁਦੇ ਤੋਂ ਲਾਹਿਆ ਅਤੇ ਸਜ਼ਾ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ ਸੀ। ਭਾਰਤ ਵਿੱਚ ਇਸ ਤੋਂ ਉਲਟ ਮਿਸਾਲ ਹੈ ਕਿ ਕਈ ਦੋਸ਼ਾਂ ਦੇ ਬਾਵਜੂਦ ਇੱਕ ਬੀਬੀ ਇੱਕ ਰਾਜ ਦੀ ਗਵਰਨਰ ਬਣਾਈ ਗਈ ਅਤੇ ਫਿਰ ਉਸ ਨੂੰ ਰਾਸ਼ਟਰਪਤੀ ਬਣਨ ਦਾ ਮੌਕਾ ਵੀ ਮਿਲ ਗਿਆ ਸੀ। ਉਹ ਏਦਾਂ ਦੀ ਇਕੱਲੀ ਨਹੀਂ, ਹੋਰ ਵੀ ਕਈ ਗਵਰਨਰਾਂ ਦੇ ਖਿਲਾਫ ਦੋਸ਼ ਲੱਗਦੇ ਰਹੇ, ਪਰ ਬਹੁਤਾ ਕਰ ਕੇ ਕੇਸ ਨਹੀਂ ਸਨ ਚੱਲੇ। ਇਸ ਤਰ੍ਹਾਂ ਰਾਜਾਂ ਵਿੱਚ ਗਵਰਨਰ ਰਾਜਿਆਂ ਦੇ ਬਰਾਬਰ ਅਧਿਕਾਰਾਂ ਨਾਲ ਸਿਰਫ ਐਸ਼ ਨਹੀਂ ਕਰਦੇ, ਰਾਜ ਸਰਕਾਰ ਨੂੰ ਆਪਣੀ ਮਰਜ਼ੀ ਮਨਾਉਣ ਲਈ ਦਬਕਾਉਣ ਦੀ ਹੱਦ ਤੱਕ ਵੀ ਕਈ ਵਾਰੀ ਚਲੇ ਜਾਂਦੇ ਹਨ। ਫਿਰ ਲੋਕਤੰਤਰ ਵਿੱਚ ਲੋਕਾਂ ਦੀ ਚੁਣੀ ਸਰਕਾਰ ਲੋਕਾਂ ਦੀ ਨਹੀਂ ਰਹਿੰਦੀ।

ਲੋਕਤੰਤਰ ਦਾ ਅਰਥ ਅਸੀਂ ਇਹ ਸੁਣਦੇ ਹਾਂ ਕਿ ਇਹ ਲੋਕਾਂ ਵੱਲੋਂ ਚੁਣੇ ਲੋਕਾਂ ਰਾਹੀਂ ਆਮ ਲੋਕਾਂ ਦੇ ਭਲੇ ਵਾਸਤੇ ਚੱਲਦਾ ਸਿਸਟਮ ਹੁੰਦਾ ਹੈ। ਜਦੋਂ ਇੱਕ ਭਾਰੂ ਧਿਰ ਦੇਸ਼ ਦੀ ਕਮਾਨ ਸੰਭਾਲ ਕੇ ਬਾਕੀ ਸਾਰੇ ਦੇਸ਼ ਵਿੱਚ ਆਪਣੀ ਸੋਚ ਦੇ ਮੁਤਾਬਕ ਰਾਜ ਕਰਨ ਵਾਲੀਆਂ ਸਰਕਾਰਾਂ ਬਣਾਉਣ ਦੀ ਇੱਛਾ ਲਾਗੂ ਕਰਨ ਠਿੱਲ੍ਹ ਪਵੇ ਅਤੇ ਉਸਦੇ ਲਾਏ ਗਵਰਨਰ ਤੇ ਉਸ ਦੀ ਅਧੀਨਗੀ ਦੇ ਡਿਸਿਪਲਿਨ ਵਾਲੇ ਆਈ ਏ ਐੱਸ ਅਤੇ ਹੋਰ ਏਦਾਂ ਦੇ ਅਫਸਰ ਉਸ ਤੋਂ ਤ੍ਰਹਿਕਦੇ ਹੋਣ, ਤਾਂ ਇਹ ਅਸਲੀ ਅਰਥਾਂ ਵਾਲਾ ਲੋਕਤੰਤਰ ਨਹੀਂ ਰਹਿੰਦਾ। ਭਾਰਤ ਵਿੱਚ ਏਦਾਂ ਦੀ ਸੋਚ ਪਹਿਲਾਂ ਸਰਦਾਰ ਪਟੇਲ ਤੇ ਇੰਦਰਾ ਗਾਂਧੀ ਵਰਗਿਆਂ ਦੇ ਵਿਹਾਰ ਤੋਂ ਝਲਕੀ ਸੀ, ਬਾਅਦ ਵਿੱਚ ਕਈ ਹੋਰ ਏਦਾਂ ਦੇ ਹਾਕਮ ਵੀ ਆਉਂਦੇ-ਜਾਂਦੇ ਰਹੇ, ਪਰ ਇਸ ਸੋਚ ਨਾਲ ਵਿਰੋਧ ਦੀਆਂ ਚੋਖੀਆਂ ਸੁਰਾਂ ਦੇ ਬਾਵਜੂਦ ਇਸ ਨੂੰ ਵਿਹਾਰ ਠੱਲ੍ਹ ਕਦੀ ਨਹੀਂ ਪਈ। ਇਸ ਵਕਤ ਫਿਰ ਇਹ ਮੁੱਦਾ ਨਵੇਂ ਸਿਰੇ ਤੋਂ ਬਹਿਸ ਦਾ ਵਿਸ਼ਾ ਬਣਦਾ ਜਾਪਦਾ ਹੈ, ਪਰ ਜਿੰਨਾ ਪਾਣੀ ਪੁਲ਼ਾਂ ਹੇਠੋਂ ਲੰਘ ਚੁੱਕਾ ਹੈ, ਉਸ ਨਾਲ ਪੈਦਾ ਹੋਈ ਸਥਿਤੀ ਵਿੱਚ ਲੋਕਤੰਤਰ ਦੇ ਨਾਂਅ ਉੱਤੇ ਹੁੰਦੇ ਇਸ ਗੈਰ-ਲੋਕਤੰਤਰੀ ਵਿਹਾਰ ਨੂੰ ਅੜਿੱਕਾ ਲੱਗਣ ਦੀ ਆਸ ਦਿਨੋ-ਦਿਨ ਮੱਧਮ ਪੈਂਦੀ ਜਾਪਣ ਲੱਗ ਪਈ ਹੈ। ਲੋਕਤੰਤਰ ਨਾਂਅ ਦਾ ਪ੍ਰਬੰਧ ਭਾਰਤ ਵਿੱਚ ਚਲਾਉਣ ਲਈ ਜਿਨ੍ਹਾਂ ਆਗੂਆਂ ਨੇ ਘਾਲਣਾ ਘਾਲੀ ਸੀ, ਉਨ੍ਹਾਂ ਦੀ ਨੀਤ ਠੀਕ ਸੀ ਤੇ ਸ਼ਲਾਘਾ ਯੋਗ ਸੀ, ਪਰ ਚੰਗੀ ਨੀਤ ਨਾਲ ਸਿਰਜੇ ਪ੍ਰਬੰਧ ਦੀ ਵਰਤੋਂ ਕਿਹੜੇ ਲੋਕਾਂ ਨੇ ਕਿਸ ਤਰ੍ਹਾਂ ਕਰਨੀ ਹੈ, ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ। ਅਜੋਕੇ ਭਾਰਤ ਵਿੱਚ ਕਿਸੇ ਵੀ ਪਾਰਟੀ ਦੇ ਕਿਸੇ ਆਗੂ ਹੱਥ ਦੇਸ਼ ਜਾਂ ਕਿਸੇ ਰਾਜ ਦੀ ਵਾਗ ਦੇ ਦਿੱਤੀ ਜਾਵੇ, ਉਸ ਕੋਲੋਂ ਲੋਕਤੰਤਰੀ ਪ੍ਰਬੰਧ ਨੂੰ ਅਸਲੀ ਅਰਥਾਂ ਵਿੱਚ ਲਾਗੂ ਕੀਤਾ ਜਾਣ ਦੀ ਗਾਰੰਟੀ ਕਰਨਾ ਮੁਸ਼ਕਲ ਹੁੰਦਾ ਜਾਂਦਾ ਹੈ। ਇਹ ਸਥਿਤੀ ਭਾਰਤ ਦੇ ਭਵਿੱਖ ਲਈ ਸੁਲੱਖਣੀ ਨਹੀਂ।

# ਭਾਰਤ ਦੀ ਨਿਆਂ ਪ੍ਰਣਾਲੀ ਨੂੰ ਕੁਝ ਸਵਾਲ

-ਨਵਸ਼ਰਨ ਕੌਰ

ਭਾਰਤ ਦੇ ਲੋਕਾਂ ਨੇ ਦੇਸ਼ ਦੇ ਸੰਵਿਧਾਨ ਵਿੱਚ ਹਮੇਸ਼ਾ ਵਿਸ਼ਵਾਸ ਜਤਾਇਆ ਹੈ। ਲੋਕ ਵਿਸ਼ਵਾਸ ਕਰਦੇ ਹਨ ਕਿ ਸੰਵਿਧਾਨ ਕੰਮ ਕਰੇਗਾ ਤੇ ਰਾਜ ਦੀਆਂ ਵਧੀਕੀਆਂ ਤੋਂ ਉਨ੍ਹਾਂ ਦੀ ਰੱਖਿਆ ਕਰੇਗਾ, ਲੋਕ ਆਸ ਕਰਦੇ ਹਨ ਕਿ ਸੰਸਥਾਵਾਂ ਇਸ ਤਰ੍ਹਾਂ ਕੰਮ ਕਰਨਗੀਆਂ ਕਿ ਸੰਵਿਧਾਨ ਦੀਆਂ ਮੂਲ ਕਦਰਾਂ-ਕੀਮਤਾਂ ਦੀ ਰਾਖੀ ਹੋਵੇ। ਭਾਰਤੀ ਅਦਾਲਤਾਂ ਵੀ ਆਪਣੇ ਆਪ ਨੂੰ ਮੌਲਿਕ ਅਧਿਕਾਰਾਂ ਤੇ ਸੰਵਿਧਾਨ ਦੇ ਰਖਵਾਲੇ ਹੋਣ ਦਾ ਦਾਅਵਾ ਤੇ ਮਾਣ ਮਹਿਸੂਸ ਕਰਦੀਆਂ ਹਨ, ਪਰ ਪਿਛਲੇ ਕੁਝ ਸਾਲਾਂ ਦੇ ਕਾਰਜ ਉੱਤੇ ਝਾਤ ਮਾਰਿਆਂ ਨਿਆਂ ਪਾਲਿਕਾ ਦੀ ਖੁਦਮੁਖਤਿਆਰੀ ਅਤੇ ਮੌਲਿਕ ਅਧਿਕਾਰਾਂ ਦੀ ਰਖਵਾਲੀ ਉੱਤੇ ਕਈ ਸਵਾਲ ਉਠੇ ਹਨ। ਇਸ ਨਾਲ ਰਿਆ-ਸਤ/ਸਟੇਟ ਨੂੰ ਅਜਿਹੀਆਂ ਕਾਰਵਾਈਆਂ ਕਰਨ ਦੀ ਛੋਟ ਮਿਲ ਗਈ ਹੈ ਜਿਸ ਕਾਰਨ ਲੋਕਾਂ ਦੇ ਵਿਸ਼ਵਾਸ ਨੂੰ ਖ਼ੋਰਾ ਲੱਗਿਆ ਹੈ।

ਮਿਸਾਲਾਂ ਸਾਡੇ ਸਾਹਮਣੇ ਹਨ। ਕੁਝ ਮਹੀਨੇ ਪਹਿਲਾਂ ਕਰਨਾਟਕ ਵਿੱਚ ਵਿਦਿਆਰਥਣਾਂ ਦਾ ਹਿਜਾਬ ਪਹਿਨਣ ਦਾ ਕੇਸ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਕੋਲ ਆਇਆ ਤਾਂ ਉਸ ਨੇ ਬੱਚੀਆਂ ਨੂੰ ਛੋਟ ਨਹੀਂ ਦਿੱਤੀ, ਸਗੋਂ ਵਕੀਲਾਂ ਨੂੰ ਇਸ ਮੁੱਦੇ ਨੂੰ ਸਨਸਨੀਖੇਜ਼ ਨਾ ਬਣਾਉਣ ਦੀ ਨਸੀਹਤ ਦਿੱਤੀ। ਇਸ ਨਸੀਹਤ ਦਾ ਕੀ ਅਰਥ ਸੀ? ਉਸ ਟਿੱਪਣੀ ਨੇ ਦੰਗਾਕਾਰੀਆਂ, ਜੋ ਹਿਜਾਬ ਦੇ ਨਾਂਅ ਉੱਤੇ ਫਿਰਕੂ ਅੱਗ ਭੜਕਾ ਰਹੇ ਸਨ, ਨੂੰ ਕੀ ਸੁਨੇਹਾ ਦਿੱਤਾ? ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਨੂੰ ਕੀ ਸੰਦੇਸ਼ ਦਿੱਤਾ, ਜਿਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਇਸ ਕੇਸ ਦਾ ਵਿਸ਼ਾ ਸੀ?

ਯਾਦ ਕਰੀਏ ਤਾਂ ਖੇਤੀ ਕਾਨੂੰਨਾਂ ਦੀ ਚੁਣੌਤੀ ਨੂੰ ਸੁਪਰੀਮ ਕੋਰਟ ਨੇ ਕਿਵੇਂ ਨਜਿੱਠਿਆ ਸੀ। ਕਾਨੂੰਨ ਨੂੰ ਲਾਗੂ ਕਰਨ ਉੱਤੇ ਰੋਕ ਲਾ ਕੇ ਸੁਪਰੀਮ ਕੋਰਟ ਨੇ ਕਿਸਾਨਾਂ ਨਾਲ ਗੱਲ ਕਰਨ ਲਈ ਇੱਕ ਕਮੇਟੀ ਬਣਾ ਦਿੱਤੀ। ਸੰਵਿਧਾਨਕ ਨਿਰਣੇ ਦੇ ਇਤਿਹਾਸ ਵਿੱਚ ਇਸ ਤੋਂ ਪਹਿਲਾਂ ਕਦੇ ਵੀ, ਜਦੋਂ ਕਿਸੇ ਕਾਨੂੰਨ ਦੇ ਨਿਯਮਾਂ ਨੂੰ ਚੁਣੌਤੀ ਦਿੱਤੀ ਗਈ ਹੋਵੇ ਤਾਂ ਕੋਈ ਮਾਮਲਾ ਕਿਸੇ ਕਮੇਟੀ ਕੋਲ ਨਹੀਂ ਭੇਜਿਆ ਗਿਆ। ਇਸ ਪਿੱਛੋਂ ਅਦਾਲਤ ਨੇ ਔਰਤਾਂ ਤੇ ਬਜ਼ੁਰਗਾਂ ਨੂੰ ਵਾਪਸ ਜਾਣ ਲਈ ਕਿਹਾ। ਅੰਤ ਵਿੱਚ ਸਰਕਾਰ ਨੇ ਖੇਤੀ ਕਾਨੂੰਨ ਹੀ ਵਾਪਸ ਲੈ ਲਏ।

ਸਰਕਾਰ ਉੱਤੇ ਪੈਗਾਸਸ ਦੀ ਵਰਤੋਂ ਕਰ ਕੇ ਕਈ ਸੀਨੀਅਰ ਪੱਤਰਕਾਰਾਂ, ਵਿਰੋਧੀ ਪਾਰਟੀਆਂ ਦੇ ਨੇਤਾਵਾਂ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਜਾਸੂਸੀ ਕਰਨ ਦਾ ਦੋਸ਼ ਲੱਗਾ। ਸੁਪਰੀਮ ਕੋਰਟ ਤੋਂ ਉਮੀਦ ਸੀ ਕਿ ਅਦਾਲਤ ਇਸ ਜਾਸੂਸੀ ਲਈ ਸਰਕਾਰ ਤੇ ਕਾਨੂੰਨ ਅਧਿਕਾਰੀਆਂ ਨੂੰ ਫਿਟਕਾਰ ਪਾਏਗੀ ਤੇ ਉਨ੍ਹਾਂ ਨੂੰ ਕਾਨੂੰਨ ਦੇ ਘੇਰੇ ਅੰਦਰ ਲਿਆਏਗੀ, ਪਰ ਅਜਿਹਾ ਕੁਝ ਨਹੀਂ ਹੋਇਆ।

ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਅਸਾਮ ਦੀਆਂ ਸਰਕਾਰਾਂ ਵੱਲੋਂ ਮੁਸਲਮਾਨਾਂ ਦੇ ਘਰਾਂ ਨੂੰ ਥੇਹ ਕਰਦੇ ਬੁਲਡੋਜ਼ਰਾਂ ਦੀ ਗੈਰ ਸੰਵਿਧਾਨਕ ਵਰਤੋਂ ਖਿਲਾਫ ਇਨਸਾਫ ਦੀ ਗੁਹਾਰ ਲੱਗੀ, ਪਰ ਪਟੀਸ਼ਨਰਾਂ ਨੂੰ ਸੁਪਰੀਮ ਕੋਰਟ ਤੋਂ ਕੋਈ ਛੋਟ ਨਾ ਮਿਲੀ। ਇਹ ਸੂਚੀ ਲੰਮੀ ਹੈ, ਧਾਰਾ 370, ਸੀ ਏ ਏ ਵਿਰੋਧੀ ਕੇਸ, ਚੋਣ ਬਾਂਡ, ਕਸ਼ਮੀਰ ਤੋਂ ਹੈਬੀਅਸ ਕਾਰਪਸ ਕੇਸ, ਯੂ ਏ ਪੀ ਏ ਦੇ ਕੇਸ, ਵਿਚਾਰਾਂ ਦੀ ਆਜ਼ਾਦੀ ਦੇ ਕੇਸ ਆਦਿ। ਨਿਆਂ ਪਾਲਿਕਾ ਲੋਕਾਂ ਦੇ ਹੱਕਾਂ ਅਤੇ ਨਾਗਰਿਕ ਆਜ਼ਾਦੀਆਂ ਪ੍ਰਤੀ ਅਵੇਸਲੀ ਹੋਣ ਲੱਗ ਪਵੇ ਤਾਂ ਲੋਕ ਕਾਨੂੰਨ ਤੇ ਨਿਆਂ ਪ੍ਰਬੰਧ ਵਿੱਚ ਆਪਣਾ ਵਿਸ਼ਵਾਸ ਕਿਵੇਂ ਕਾਇਮ ਰੱਖਣਗੇ?

ਇਹ ਸਵਾਲ ਦਿੱਲੀ ਵਿੱਚ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਸੱਦੀ ਗਈ ਜਨ ਸੁਣਵਾਈ ਵਿੱਚ ਵਿਚਾਰਿਆ ਗਿਆ। ਛੇ ਅਗਸਤ 2022 ਨੂੰ 'ਨਾਗਰਿਕ ਆਜ਼ਾਦੀਆਂ ਉੱਤੇ ਨਿਆਂਇਕ ਹਮਲਾ' ਨਾਂਅ ਹੇਠ ਪੀਪਲਜ਼ ਟ੍ਰਿਬਿਊਨਲ ਬਣਾਇਆ ਗਿਆ, ਜਿੱਥੇ ਸੁਪਰੀਮ ਕੋਰਟ ਦੇ ਪਿਛਲੇ ਦੋ ਫੈਸਲਿਆਂ, ਜ਼ਕੀਆ ਜਾਫਰੀ ਕੇਸ (ਗੁਲਬਰਗ ਸੋਸਾਇਟੀ, ਗੁਜਰਾਤ) ਅਤੇ ਹਿਮਾਂਸ਼ੂ ਕੁਮਾਰ ਕੇਸ (ਗੋਮਪਾੜ, ਗੱਛਨਪੱਲੀ), ਛੱਤੀਸਗੜ੍ਹ) ਤੋਂ ਪ੍ਰਭਾਵਤ ਪੀੜਤਾਂ ਨੇ ਦੇਸ਼ ਦੇ ਉਘੇ ਸੇਵਾਮੁਕਤ ਜੱਜਾਂ ਦੇ ਪੈਨਲ ਅੱਗੇ ਆਪਣੀ ਗਵਾਹੀ ਰਿਕ-ਾਰਡ ਕੀਤੀ। ਪੈਨਲ ਵਿੱਚ ਜਸਟਿਸ ਏ ਪੀ ਸ਼ਾਹ (ਸਾਬਕਾ ਚੀਫ ਜਸਟਿਸ, ਦਿੱਲੀ ਹਾਈ ਕੋਰਟ ਅਤੇ ਸਾਬਕਾ ਚੇਅਰਪਰਸਨ, ਲਾਅ ਕਮਿਸ਼ਨ ਆਫ ਇੰਡੀਆ), ਜਸਟਿਸ ਅੰਜਨਾ ਪ੍ਰਕਾਸ਼ (ਸਾਬਕਾ ਜੱਜ, ਪਟਨਾ ਹਾਈ ਕੋਰਟ), ਜਸਟਿਸ ਮਾਰਲੇਪੱਲੇ (ਸਾਬਕਾ ਜੱਜ, ਬੰਬੇ ਹਾਈ ਕੋਰਟ), ਪ੍ਰੋਫੈਸਰ ਵਰਜੀਨੀਸ ਖਾਖਾ (2014 ਆਦਿਵਾਸੀਆਂ ਦੀ ਸਥਿਤੀ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਦੇ ਚੇਅਰ) ਤੇ ਡਾਕਟਰ ਸਈਦਾ ਹਮੀਦ (ਯੋਜਨਾ ਕਮਿਸ਼ਨ ਦੀ ਸਾਬਕਾ ਮੈਂਬਰ) ਸ਼ਾਮਲ ਸਨ।ਪੂਰਾ ਦਿਨ ਚੱਲੀ ਇਸ ਜਨ ਸੁਣਵਾਈ ਵਿੱਚ ਛੱਤੀਸਗੜ੍ਹ ਤੋਂ ਆਦਿਵਾਸੀ ਔਰਤਾਂ ਮਰਦਾਂ ਤੇ ਗੁਜਰਾਤ ਤੋਂ ਪੀੜਤ ਗਵਾਹਾਂ ਨੇ ਆਪਣੇ ਬਿਆਨ ਦਿੱਤੇ। ਜਿਊਰੀ ਨੇ ਇਨ੍ਹਾਂ ਕੇਸਾਂ ਉੱਤੇ ਬਣੀਆਂ ਤਿੰਨ ਦਸਤਾਵੇਜ਼ੀ ਫਿਲਮਾਂ ਦੇ ਹਿੱਸੇ ਵੀ ਵੇਖੇ ਅਤੇ ਮਾਹਰਾਂ ਦੇ ਬਿਆਨ ਵੀ ਲਏ।

ਹਿਮਾਂਸ਼ੂ ਕੁਮਾਰ ਅਤੇ ਹੋਰ (ਛੱਤੀਸਗੜ੍ਹ ਰਾਜ ਅਤੇ ਹੋਰ) ਕੇਸ: ਇਹ ਮਾਮਲਾ 2009 ਵਿੱਚ ਛੱਤੀਸਗੜ੍ਹ ਸੂਬੇ ਦੇ ਗੋਮਪੜ, ਗਛਨਪੱਲੀ ਅਤੇ ਨੇੜਲੇ ਪਿੰਡਾਂ ਵਿੱਚ 19 ਆਦਿਵਾਸੀਆਂ ਦੀ ਹੱਤਿਆ ਦੇ ਦੁਖਾਂਤ ਦਾ ਹੈ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਕਤਲ ਸੁਰੱਖਿਆ ਬਲਾਂ ਨੇ ਕੀਤੇ ਸਨ। ਵਨਵਾਸੀ ਚੇਤਨਾ ਆਸ਼ਰਮ, ਦਾਂਤੇਵਾੜਾ, ਛੱਤੀਸਗੜ੍ਹ ਦੇ ਹਿਮਾਂਸ਼ੂ ਕੁਮਾਰ ਤੇ ਮਾਰੇ ਗਏ ਲੋਕਾਂ ਦੇ ਪਰਵਾਰਾਂ ਤੋਂ 12 ਹੋਰ ਆਦਿਵਾਸੀਆਂ ਨੇ ਇਨ੍ਹਾਂ ਕਤਲਾਂ ਦੀ ਸੁਤੰਤਰ ਜਾਂਚ ਦੀ ਬੇਨਤੀ ਦੀ ਸਾਧਾਰਨ ਮੰਗ ਨਾਲ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ। ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ 14 ਜੁਲਾਈ 2022 ਨੂੰ ਸੁਪਰੀਮ ਕੋਰਟ ਦਾ ਫੈਸਲਾ ਆਇਆ ਜਿਸ ਵਿੱਚ ਹਿਮਾਂਸ਼ੂ ਕੁਮਾਰ ਨੂੰ ਹੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਗਿਆ। ਫੈਸਲੇ ਵਿੱਚ ਕਿਹਾ ਗਿਆ ਕਿ ਹਿਮਾਂਸ਼ੂ ਕੁਮਾਰ ਵੱਲੋਂ ਸੁਰੱਖਿਆ ਬਲਾਂ ਵਿਰੁੱਧ ਦਾਇਰ ਕੀਤਾ ਕੇਸ ਬਦਨੀਤੀ ਵਾਲਾ ਹੈ, ਉਸ ਨੇ ਸੁਰੱਖਿਆ ਬਲਾਂ ਨੂੰ ਬਦਨਾਮ ਕਰਨ ਦੀ ਚਾਲ ਵਜੋਂ ਅਦਾਲਤਾਂ ਦੀ ਵਰਤੋਂ ਕੀਤੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਇਹ ਦਲੀਲ ਮਨਜ਼ੂਰ ਕਰ ਲਈ ਕਿ ਕਿਸੇ ਅਦਾਲਤ ਵਿੱਚ ਦਾਇਰ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਵਿਰੁੱਧ ਕੇਸਾਂ ਦੀ ਜਾਂਚ ਨੂੰ ਅਪਰਾਧਕ ਸਾਜ਼ਿਸ਼ ਦੇ ਘੇਰੇ ਵਿੱਚ ਲਿਆ ਕੇ ਜਾਂਚ ਕੀਤੀ ਜਾ ਸਕਦੀ ਹੈ। ਕੋਰਟ ਨੇ ਹਿਮਾਂਸ਼ੂ ਕੁਮਾਰ ਨੂੰ ਪੰਜ ਲੱਖ ਰੁਪਏ ਜੁਰਮਾਨਾ ਲਾਇਆ ਅਤੇ ਕਿਹਾ ਹੈ ਕਿ ਉਸ ਬਾਰੇ ਭਾਰਤੀ ਦੰਡਾਵਲੀ ਦੀ ਧਾਰਾ 211 (ਝੂਠੇ ਦੋਸ਼ ਲਗਾਉਣ) ਤਹਿਤ ਜਾਂਚ ਕੀਤੀ ਜਾਏ।ਛੇ ਅਗਸਤ ਦੇ ਟ੍ਰਿਬਿਊਨਲ ਵਿੱਚ ਆਦਿਵਾਸੀ ਪੀੜਤਾਂ ਨੇ ਗਵਾਹੀ ਦਿੱਤੀ। ਉਨ੍ਹਾਂ ਦੱਸਿਆ ਕਿਉਂਕਿ ਕਤਲ ਕਰਨ ਵਾਲਿਆਂ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ। ਉਹ ਨੇੜਲੇ ਥਾਣੇ ਤੋਂ ਸਨ ਤੇ ਅਕਸਰ ਪਿੰਡ ਆਉਂਦੇ ਸਨ। ਉਨ੍ਹਾਂ ਨੇ ਇਹ ਵੀ ਗਵਾਹੀ ਦਿੱਤੀ ਕਿ ਕੇਸ ਦੌਰਾਨ ਪੁਲਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਜ਼ਿਲ ਜੱਜ ਕੋਲ ਬਿਆਨ ਦਿਵਾਏ ਕਿ ਉਹ ਕਾਤਲਾਂ ਨੂੰ ਨਹੀਂ ਪਛਾਣਦੇ। ਜਿਊਰੀ ਨੂੰ 2009 ਦੀ ਇੱਕ ਛੋਟੀ ਦਸਤਾਵੇਜ਼ੀ ਫਿਲਮ ਦਿਖਾਈ ਗਈ। ਇਸ ਤੋਂ ਇਲਾਵਾ ਸੋਢੀ ਸੰਭੋ ਵੀ ਪੇਸ਼ ਹੋਈ, ਜੋ 2009 ਵਿੱਚ ਪੁਲਸ ਗੋਲੀਬਾਰੀ ਵਿੱਚ ਜ਼ਖਮੀ ਹੋ ਗਈ ਸੀ ਅਤੇ ਹਿਮਾਂਸ਼ੂ ਕੁਮਾਰ ਉਸ ਨੂੰ ਇਲਾਜ ਲਈ ਦਿੱਲੀ ਲਿਆਇਆ ਸੀ। ਮਕਰਮ ਲੱਛਮੀ ਅਤੇ ਸੁਕਦੀ ਵੀ ਪੇਸ਼ ਹੋਈਆਂ, ਜੋ ਆਪਣੇ ਪਤੀਆਂ ਦੇ ਕਤਲਾਂ ਦੀਆਂ ਚਸ਼ਮਦੀਦ ਗਵਾਹ ਸਨ। ਤਿੰਨ ਹੋਰ ਚਸ਼ਮਦੀਦ ਗਵਾਹ ਵੀ ਪੇਸ਼ ਹੋਏ।

ਹਿਮਾਂਸ਼ੂ ਕੁਮਾਰ ਨੇ ਦੱਸਿਆ ਕਿ ਕਤਲੇਆਮ ਤੋਂ ਇੱਕ ਹਫਤਾ ਬਾਅਦ ਜਮਹੂਰੀ ਹੱਕਾਂ ਦੀਆਂ ਕਈ ਸੰਸਥਾਵਾਂ ਨੇ ਇੱਕ ਤੱਥ ਖੋਜ ਟੀਮ ਬਣਾਈ ਤੇ ਤੱਥਾਂ ਉੱਤੇ ਆਧਾਰਤ ਰਿਪੋਰਟ ਜਾਰੀ ਕੀਤੀ। ਉਸ ਨੂੰ ਆਧਾਰ ਬਣਾ ਕੇ ਪੁਲਸ ਕੋਲ ਕੇਸ ਦਰਜ ਕਰਨ ਲਈ ਪਹੁੰਚ ਕੀਤੀ ਗਈ, ਪਰ ਪੁਲਸ ਨੇ ਨਾਂਹ ਕਰ ਦਿੱਤੀ। ਇਹ ਰਿਪੋਰਟ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵੀ ਭੇਜੀ ਗਈ। ਜਦੋਂ ਇਸ ਉੱਤੇ ਕੋਈ ਜਾਂਚ ਨਾ ਹੋਈ ਤਾਂ ਉਨ੍ਹਾਂ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ। ਗਛਨਪੱਲੀ ਤੋਂ ਦਿੱਲੀ ਦੀ ਸੁਪਰੀਮ ਕੋਰਟ ਤੱਕ ਦਾ ਸਫਰ ਔਖਾਂ ਭਰਿਆ ਸੀ ਤੇ ਅੰਤ ਜਦੋਂ ਸੁਣਵਾਈ ਹੋਈ ਤਾਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾ ਦਿੱਤਾ।

ਅਦਾਲਤਾਂ ਨਿਆਂ ਦੀ ਮੰਗ ਕਰਨ ਦ ਅੰਤਿਮ ਸਹਾਰਾ ਹਨ ਅਤੇ ਜੇ ਉਹ ਪਟੀਸ਼ਨਰਾਂ, ਖਾਸ ਕਰ ਕੇ ਹਾਸ਼ੀਏ ਉੱਤੇ ਧੱਕੇ ਲੋਕਾਂ ਦੇ ਕੇਸਾਂ ਨੂੰ ਅੱਗੇ ਲਿਆਉਣ ਵਾਲੇ ਪਟੀਸ਼ਨਰਾਂ ਨੂੰ ਹੀ ਸਜ਼ਾ ਦੇਣ ਲੱਗਣਗ ਤਾਂ ਪੀੜਤ ਕਿੱਥੇ ਜਾਣਗੇ? ਉਨ੍ਹਾਂ ਦੀ ਪੈਰਵੀ ਕੌਣ ਕਰੇਗਾ? ਪੀਪਲਜ਼ ਟ੍ਰਿਬਿਊਨਲ ਦਾ ਕਹਿਣਾ ਸੀ ਕਿ ਪਟੀਸ਼ਨ ਦਾ ਖਾਰਜ ਹੋਣਾ ਤੇ ਹਿਮਾਂਸ਼ੂ ਕੁਮਾਰ ਨੂੰ ਹੀ ਜੁਰਮਾਨਾ ਲਾਉਣ ਵਾਲਾ ਸੁਪਰੀਮ ਕੋਰਟ ਦਾ ਹੁਕਮ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਸੁਰੱਖਿਆ ਬਲਾਂ ਨੂੰ ਅਤਿਆਚਾਰਾਂ ਦੀ ਖੁੱਲ੍ਹ ਲਈ ਇੱਕ ਮਿਸਾਲ ਵਜੋਂ ਵਰਤਿਆ ਜਾਵੇਗਾ।

ਦੂਜਾ ਕੇਸ ਜ਼ਕੀਆ ਜਾਫਰੀ (ਗੁਲਬਰਗ ਸੋਸਾਈਟੀ, ਗੁਜਰਾਤ): 2002 ਗੁਜਰਾਤ ਵਿੱਚ ਮੁਸਲਮਾਨਾਂ ਵਿਰੁੱਧ ਹਿੰਸਾ ਦੌਰਾਨ ਸਾਬਕਾ ਪਾਰਲੀਮੈਂਟ ਮੈਂਬਰ ਅਹਿਸਾਨ ਜਾਫਰੀ ਨੂੰ ਉਸ ਦੇ ਆਪਣੇ ਹੀ ਘਰ ਹਿੰਸਕ ਭੀੜ ਵੱਲੋਂ ਬੇਰਹਿਮੀ ਨਾਲ ਕਤਲ ਕਰਨ ਦੀ ਜਾਂਚ ਬਾਰੇ ਸੀ। ਇਸ ਘਟਨਾ ਵਿੱਚ ਅਹਿਸਾਨ ਜਾਫਰੀ ਸਮੇਤ 66 ਹੋਰ ਮੁਸਲਮਾਨ, ਜਿਨ੍ਹਾਂ ਭੀੜ ਦੀ ਹਿੰਸਾ ਤੋਂ ਬਚਣ ਲਈ ਜਾਫਰੀ ਦੇ ਘਰ ਪਨਾਹ ਲਈ ਸੀ, ਵੀ ਮਾਰੇ ਗਏ ਸਨ। ਅਹਿਸਾਨ ਜਾਫਰੀ ਦੀ ਪਤਨੀ ਜ਼ਕੀਆ ਜਾਫਰੀ, ਗੁਲ-ਬਰਗ ਸੋਸਾਈਟੀ ਵਿੱਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਸਾਲਾਂ ਤੋਂ ਦੇਸ਼ ਦੀਆਂ ਅਦਾਲਤਾਂ ਤੋਂ ਇਨਸਾਫ ਦੀ ਮੰਗ ਕਰ ਰਹੀ ਹੈ। ਜ਼ਕੀਆ ਜਾਫਰੀ (ਪਟੀਸ਼ਨਰ ਨੰਬਰ 1) ਦੀ ਸੁਪਰੀਮ ਕੋਰਟ ਵਿੱਚ ਦਰਖਾਸਤ ਸੀ ਕਿ ਗੁਜਰਾਤ ਵਿੱਚ ਹੋਈ ਹਿੰਸਾ ਦੀ ਜਾਂਚ ਹੋਵੇ, ਦੰਗਈਆਂ ਅਤੇ ਕਾਤਲਾਂ ਉੱਤੇ ਮੁਕੱਦਮਾ ਚਲਾਇਆ ਜਾਏ ਅਤੇ ਰਾਜਨੀਤਕ ਅਦਾਰੇ, ਨੌਕਰਸ਼ਾਹੀ ਅਤੇ ਪੁਲਸ ਵੱਲੋਂ ਗੁਜਰਾਤ ਵਿੱਚ ਮੁਸਲਮਾਨਾਂ ਵਿਰੁੱਧ ਵੱਡੇ ਪੱਧਰ ਉੱਤੇ ਹਿੰਸਾ ਨੂੰ ਪ੍ਰਵਾਨਗੀ ਤੇ ਸਰਪ੍ਰਸਤੀ ਅਤੇ ਨਫਰਤ ਤੇ ਅਪਰਾਧਕ ਲਾਪਰਵਾਹੀ ਦਾ ਮਾਹੌਲ ਸਿਰਜਣ ਦੇ ਦੋਸ਼ ਹੇਠ ਜਾਂਚ ਦੇ ਘੇਰੇ ਹੇਠ ਲਿਆਂਦਾ ਜਾਵੇ। ਮਨੁੱਖੀ ਹੱਕਾਂ ਦੀ ਮੰਨੀ ਪ੍ਰਮੰਨੀ ਕਾਰਕੁੰਨ ਤੀਸਤਾ ਸੀਤਲਵਾੜ ਇਸ ਕੇਸ ਵਿੱਚ ਪਟੀਸ਼ਨਰ ਸੀ। 2006 ਵਿੱਚ ਸੁਪਰੀਮ ਕੋਰਟ ਨੇ ਇਹ ਕੇਸ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਸੌਂਪ ਦਿੱਤਾ, ਜਿਸ ਨੇ 2012 ਵਿੱਚ ਸਾਜ਼ਿਸ਼ ਦੇ ਦੋਸ਼ ਰੱਦ ਕਰਦਿਆਂ ਕੇਸ ਨੂੰ ਬੰਦ ਕਰ ਦਿੱਤਾ। ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਨੂੰ ਪਟੀਸ਼ਨਰਾਂ ਨੂੰ ਕਈ ਸਾਲ ਲੱਗ ਗਏ। ਆਖਰ ਸੁਪਰੀਮ ਕੋਰਟ ਨੇ ਕੇਸ ਸੁਣਿਆ ਤੇ 24 ਜੂਨ 2022 ਨੂੰ ਫੈਸਲਾ ਸੁਣਾਇਆ। ਕੋਰਟ ਨੇ ਜ਼ਕੀਆ ਜਾਫਰੀ ਦੀ ਪਟੀਸ਼ਨ ਰੱਦ ਕਰ ਦਿੱਤੀ ਤੇ ਨਾਲ ਕਿਹਾ ਕਿ ਤੀਸਤਾ ਸੀਤਲਵਾੜ ਅਤੇ ਇੱਕ ਵੱਡੇ ਪੁਲਸ ਅਧਿਕਾਰੀ, ਜਿਸ ਨੇ ਸਾਜ਼ਿਸ਼ ਬਾਰੇ ਸੁਚੇਤ ਕੀਤਾ ਸੀ, ਗੁਜਰਾਤ ਸਰਕਾਰ ਨੂੰ ਬਦਨਾਮ ਕਰਨ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹਨ ਅਤੇ ਇਸ ਦੀ ਜਾਂਚ ਦੀ ਲੋੜ ਹੈ। ਸੁਪਰੀਮ ਕੋਰਟ ਦੇ ਫੈਸਲੇ ਤੋਂ ਕੁਝ ਘੰਟਿਆਂ ਬਾਅਦ ਹੀ ਤੀਸਤਾ ਸੀਤਲਵਾੜ ਅਤੇ ਸਾਬਕਾ ਪੁਲਸ ਅਧਿਕਾਰੀ ਆਰ ਬੀ ਸ੍ਰੀਕੁਮਾਰ (ਜੋ ਪਟੀਸ਼ਨਰ ਵੀ ਨਹੀਂ) ਨੂੰ ਗ੍ਰਿਫਤਾਰ ਕਰ ਲਿਆ ਗਿਆ।ਟ੍ਰਿਬਿਊਨਲ ਵਿੱਚ ਜ਼ਕੀਆ ਜਾਫਰੀ ਦੇ ਪੁੱਤਰ ਤਨਵੀਰ ਜਾਫਰੀ ਨੇ ਪਹਿਲੀ ਗਵਾਹੀ ਦਿੱਤੀ ਅਤੇ ਦੱਸਿਆ ਕਿ ਪੁਲਸ ਕਮਿਸ਼ਨਰ ਦਾ ਦਫਤਰ, ਗੁਲਬਰਗ ਸੋਸਾਈਟੀ ਤੋਂ ਪੰਜ ਮਿੰਟ ਦੀ ਦੂਰੀ ਉੱਤੇ ਸੀ। ਪੁਲਸ ਕਮਿਸ਼ਨਰ ਅਤੇ ਮੁੱਖ ਮੰਤਰੀ ਨੂੰ ਕਈ ਵਾਰ ਟੈਲੀਫੋਨ ਕੀਤਾ ਗਿਆ, ਪਰ ਕੋਈ ਮਦਦ ਨਹੀਂ ਭੇਜੀ ਗਈ। ਗੁਲਬਰਗ ਸੋਸਾਈਟੀ ਵਿੱਚ ਅੱਠ ਘੰਟੇ ਕਤਲੇਆਮ ਹੁੰਦਾ ਰਿਹਾ। ਉਸ ਦੀ ਮਾਂ ਨੇ ਇਹ ਸਭ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਤੇ ਜਾਂਚ ਦੀ ਮੰਗ ਕੀਤੀ। ਪੀਪਲਜ਼ ਟ੍ਰਿਬਿਊਨਲ ਦੀ ਕਾਰਵਾਈ ਤੋਂ ਸਾਫ ਸੀ ਕਿ ਨਾਗਰਿਕ ਆਜ਼ਾਦੀਆਂ ਉੱਤੇ ਨਿਆਂਇਕ ਹਮਲੇ ਸਾਧੇ ਗਏ ਹਨ। ਜੇ ਦੇਸ਼ ਦੀ ਕਾਰਜਕਾਰਨੀ ਨੇ ਕਾਨੂੰਨ ਦੇ ਸ਼ਾਸਨ, ਨਾਗਰਿਕ ਆਜ਼ਾਦੀਆਂ ਦਾ ਕੋਈ ਸਤਿਕਾਰ ਨਹੀਂ ਦਿਖਾਇਆ ਤਾਂ ਨਿਆਂਪਾਲਿਕਾ ਨੇ ਵੀ ਸਟੇਟ ਦੀ ਮਨਮਾਨੀ ਨੂੰ ਠੱਲ੍ਹ ਪਾਉਣ ਵਿੱਚ ਅਜਿਹਾ ਯੋਗਦਾਨ ਨਹੀਂ ਦਿੱਤਾ ਜਿਸ ਦੀ ਆਸ ਸਰਬਉਚ ਅਦਾਲਤ ਤੋਂ ਕੀਤੀ ਜਾਂਦੀ ਹੈ।

ਪੀਪਲਜ਼ ਟ੍ਰਿਬਿਊਨਲ ਇਸ ਨਤੀਜੇ ਉੱਤੇ ਪੁੱਜਿਆ ਕਿ ਦੋਵੇਂ ਫੈਸਲੇ ਦਰਸਾਉਂਦੇ ਹਨ ਕਿ ਅਦਾਲਤਾਂ ਲੋਕਾਂ ਦੀ ਥਾਂ ਰਾਜ ਦੀ ਤਾਕਤ ਮਜ਼ਬੂਤ ਕਰਨ ਲਈ ਉਤਸੁਕ ਹਨ। ਅਸਹਿਮਤੀ ਨੂੰ ਅਪਰਾਧ ਦੇ ਘੇਰੇ ਹੇਠ ਲਿਆ ਕੇ ਸਖਤ ਸਜ਼ਾ ਦੇਣ ਦੀ ਰਵਾਇਤ ਕਾਇਮ ਹੋ ਰਹੀ ਹੈ। ਅਜਿਹੇ ਫੈਸਲੇ ਸੰਵਿਧਾਨਕ ਅਤੇ ਸ਼ਾਂਤਮਈ ਤਰੀਕਿਆਂ ਨਾਲ ਨਿਆਂ ਮੰਗਣ ਦੀ ਇੱਛਾ ਰੱਖਦੇ ਸਾਰੇ ਲੋਕਾਂ ਤੇ ਉਨ੍ਹਾਂ ਦੇ ਹੱਕਾਂ ਦੀ ਪੈਰਵੀ ਕਰਦੇ ਕਾਮਿਆਂ ਨੂੰ ਡਰਾ ਕੇ ਚੁੱਪ ਕਰਾਉਣ ਦੀ ਸਮਰੱਥਾ ਰੱਖਦੇ ਹਨ। ਇਹ ਸਾਡੇ ਜ਼ਿੰਮੇ ਹੈ ਕਿ ਅਸੀਂ ਇਸ ਰੁਝਾਨ ਨੂੰ ਸਮਝੀਏ, ਤੱਥ ਖੋਜ ਮਿਸ਼ਨਾਂ ਦੀ ਰਵਾਇਤ ਕਾਇਮ ਰੱਖੀਏ, ਸੱਚ ਨੂੰ ਆਮ ਲੋਕਾਂ ਤੱਕ ਲੈ ਕੇ ਜਾਈਏ ਅਤੇ ਜਮਹੂਰੀ ਹੱਕਾਂ ਦੀ ਆਵਾਜ਼ ਮੱਠੀ ਨਾ ਪੈਣ ਦੇਈਏ।

# ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਕਰੀ

-ਮਲਵਿੰਦਰ

ਇੰਗਲੈਂਡ ਤੋਂ ਬਾਅਦ ਅਮਰੀਕਾ, ਆਸਟਰੇਲੀਆ ਤੇ ਕੈਨੇਡਾ ਪੰਜਾਬੀਆਂ ਦੇ ਮਨਾਂ ਉੱਤੇ ਸੁਪਨ ਸੰਸਾਰ ਬਣਦੇ ਰਹੇ ਹਨ, ਜਿੱਥੇ ਉਹ ਹਰ ਹਾਲਤ ਪਹੁੰਚਣਾ ਚਾਹੁੰਦੇ ਹਨ, ਪਹੁੰਚਦੇ ਰਹੇ ਹਨ ਤੇ ਪਹੁੰਚ ਰਹੇ ਹਨ। ਹੋਰਨਾਂ ਵਸੀਲਿਆਂ ਦੇ ਨਾਲ ਵਿਦਿਆਰਥੀਆਂ ਦੇ ਸਟੱਡੀ ਵੀਜ਼ੇ ਦੀ ਸਹੂਲਤ ਨਾਲ ਇਨ੍ਹਾਂ ਦੇਸ਼ਾਂ ਵਿੱਚ ਪਹੁੰਚਣਾ ਉਨ੍ਹਾਂ ਨੂੰ ਸੌਖਾ ਤੇ ਕਾਰਗਰ ਢੰਗ ਲੱਗਦਾ ਹੈ। ਸਟੱਡੀ ਵੀਜ਼ੇ ਸਵਾਰ ਹੋ ਕੇ ਲੱਖਾਂ ਨੌਜਵਾਨ ਇਨ੍ਹਾਂ ਮੁਲਕਾਂ ਵਿੱਚ ਅਤੇ ਖਾਸ ਕਰ ਕੇ ਕੈਨੇਡਾ ਵਿੱਚ ਜਾ ਚੁੱਕੇ ਹਨ। ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਰਹਿੰਦਿਆਂ ਜਦ ਵਡੇਰੀ ਉਮਰ ਦੇ ਲੋਕਾਂ ਨਾਲ ਦੁੱਖ-ਸੁੱਖ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਤਿੰਨ ਜਾਂ ਚਾਰ ਦਹਾਕੇ ਪਹਿਲਾਂ ਇੱਥੇ ਆਏ ਹਨ। ਇੱਥੇ ਵੀਹ-ਵੀਹ ਸਾਲ ਜੌਬ ਕੀਤੀ, ਅੱਜ ਪੈਨਸ਼ਨਾਂ ਲੈ ਰਹੇ ਹਨ। ਉਸ ਪੈਨਸ਼ਨ ਉੱਤੇ ਇਨ੍ਹਾਂ ਦਾ ਕਿੰਨਾ ਕੁ ਅਧਿਕਾਰ ਹੈ, ਇਹ ਵੱਖਰਾ ਵਿਸ਼ਾ ਹੈ।

ਸਟੱਡੀ ਵੀਜ਼ੇ ਉੱਤੇ ਕੈਨੇਡਾ ਵੱਲ ਵਹੀਰਾਂ ਘੱਤੀ ਆਉਂਦੇ ਬੱਚਿਆਂ ਦਾ ਰੁਝਾਨ ਬੀਤੇ ਪੰਦਰਾਂ-ਵੀਹ ਸਾਲਾਂ ਤੋਂ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਵਿਦਿਆਰਥੀਆਂ ਦੀ ਪਹਿਲੀ ਪਸੰਦ ਆਸਟਰੇਲੀਆ ਸੀ। ਜਦ ਕੈਨੇਡਾ ਨੇ ਸਟੱਡੀ ਵੀਜ਼ੇ ਨਾਲ ਤਿੰਨ-ਚਾਰ ਸਾਲਾਂ ਬਾਅਦ ਪੱਕੀ ਰਿਹਾਇਸ਼ (ਪੀ ਆਰ) ਦੇਣੀ ਸ਼ੁਰੂ ਕੀਤੀ ਤਾਂ ਭਾਰਤੀਆਂ, ਖਾਸ ਕਰ ਕੇ ਪੰਜਾਬੀਆਂ ਦਾ ਰੁਝਾਨ ਕੈਨੇਡਾ ਵੱਲ ਵਧ ਗਿਆ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਆਈਲੈਟਸ ਕਰਵਾਉਣ ਵਾਲਿਆਂ ਦਾ ਹੜ੍ਹ ਆ ਗਿਆ। ਲੋਕ ਆਪਣੇ ਬੱਚਿਆਂ ਨੂੰ ਹਰ ਹੀਲਾ ਵਰਤ ਕੇ ਕੈਨੇਡਾ ਭੇਜਣ ਲਈ ਉਤਾਵਲੇ ਹੋ ਗਏ। ਇਸ ਕਾਰਨ ਏਜੰਟਾਂ ਦੇ ਧੰਦੇ ਨੂੰ ਖੰਭ ਲੱਗ ਗਏ। ਉਹ ਜਾਇਜ਼ ਨਾਜਾਇਜ਼ ਤਰੀਕਾ ਅਪਣਾ ਕੇ ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਲੱਗੇ। ਇਸ ਵੇਲੇ ਕੈਨੇਡਾ ਇਮੀਗਰੇਸ਼ਨ ਕੋਲ ਦੋ ਮਿਲੀਅਨ ਤੋਂ ਵੱਧ ਦਰਖਾਸਤਾਂ ਪੈਂਡਿੰਗ ਹਨ। ਇਹ ਗਿਣਤੀ ਹਰ ਮਹੀਨੇ ਵਧੀ ਜਾਂਦੀ ਹੈ। ਸਾਲ 2016 ਵਿੱਚ ਸਟੱਡੀ ਵੀਜ਼ਾ ਦੇ ਪਰਮਿਟ 263625 ਤੋਂ ਵਧ ਕੇ 2019 ਵਿੱਚ 402427 ਹੋ ਗਏ ਹਨ। ਤਾਜ਼ਾ ਸਥਿਤੀ ਇਹ ਹੈ ਕਿ ਬੀਤੇ ਕੁਝ ਮਹੀਨਿਆਂ ਦੌਰਾਨ ਸੱਠ ਫੀਸਦੀ ਤੋਂ ਵੱਧ ਦਰਖਾਸਤਾਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਹੋ ਗਿਆ ਹੈ। ਇਹ ਸਟੱਡੀ ਵੀਜ਼ਾ ਉੱਤੇ ਕੈਨੇਡਾ ਆਉਣ ਦੀ ਚਾਹਵਾਨ ਨੌਜਵਾਨ ਪੀੜ੍ਹੀ ਲਈ ਵੱਡੇ ਸਦਮੇ ਵਾਲੀ ਗੱਲ ਹੈ। ਇਸ ਇਨਕਾਰ ਪਿੱਛੇ ਕਿਹੜੀ ਸੋਚ ਜਾਂ ਨੀਤੀ ਹੈ, ਇਸ ਬਾਰੇ ਗੱਲ ਕਰਦੇ ਹਾਂ।

ਅਸਲ ਵਿੱਚ ਵੀਜ਼ਿਆਂ ਤੋਂ ਇਨਕਾਰੀ ਹੋਣ ਦਾ ਇਹ ਸਿਲਸਿਲਾ ਕੋਰੋਨਾ ਦੀਆਂ ਪਾਬੰਦੀਆਂ ਅਤੇ ਹਵਾਈ ਸਫਰ ਦੀਆਂ ਬੰਦਿਸ਼ਾਂ ਵੇਲੇ ਹੀ ਸ਼ੁਰੂ ਹੋ ਗਿਆ ਸੀ। ਵੱਡੀ ਗਿਣਤੀ ਵਿੱਚ ਅਰਜ਼ੀਆਂ ਦਾ ਪੈਂਡਿੰਗ ਹੋਣਾ ਵੀ ਇਨਕਾਰ ਦਾ ਕਾਰਨ ਬਣਿਆ ਹੈ। ਹੋਰ ਕਾਰਨਾਂ ਵਿੱਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਜਾਅਲਸਾਜ਼ੀ ਅਤੇ ਕੈਨੇਡਾ ਵਿੱਚ ਵੱਧ ਰਹੇ ਗੈਂਗਵਾਰ, ਜਿਨ੍ਹਾਂ ਵਿੱਚ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਹੁੰਦੀ ਹੈ, ਵੀ ਇਸ ਇਨਕਾਰ ਦੇ ਕਾਰਨ ਹੋਣ ਦੇ ਸ਼ੰਸ਼ੇ ਹਨ। ਕੁਝ ਪ੍ਰਾਈਵੇਟ ਕਾਲਜਾਂ ਦੇ ਲਾਇਸੈਂਸ ਰੱਦ ਹੋਣਾ ਵੀ ਇੱਕ ਕਾਰਨ ਹੈ। ਇਨ੍ਹਾਂ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਫੀਸਾਂ ਜਮ੍ਹਾਂ ਹਨ, ਜਿਨ੍ਹਾਂ ਦੀ ਵਾਪਸੀ ਲਈ ਉਹ ਜੱਦੋਜਹਿਦ ਕਰ ਰਹੇ ਹਨ।

ਮਿਲੀ ਸੂਚਨਾ ਮੁਤਾਬਕ ਵੀਹ ਲੱਖ ਤੋਂ ਵੱਧ ਅਰਜ਼ੀਆਂ ਇਮੀਗਰੇਸ਼ਨ ਦਫਤਰ ਵਿੱਚ ਪਈਆਂ ਹਨ, ਜਿਨ੍ਹਾਂ ਵਿੱਚ ਸਟੱਡੀ ਵੀਜ਼ਾ, ਪੀ ਆਰ ਲਈ ਬੇਨਤੀ, ਵਿਜ਼ੀਟਰ ਵੀਜ਼ਾ ਅਤੇ ਵਿਆਹੇ ਜੋੜਿਆਂ ਦੇ ਸਪਾਊਜ਼ ਵੀਜ਼ੇ ਸ਼ਾਮਲ ਹਨ। ਹੈਰਾਨੀ ਦੀ ਗੱਲ ਹੈ ਕਿ ਸੱਤ ਬੈਂਡ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਵੀਜ਼ੇ ਨਹੀਂ ਮਿਲ ਰਹੇ। ਕੈਨੇਡਾ ਸਰਕਾਰ ਦਾ ਤਾਂ ਇਹ ਵੀ ਕਹਿਣਾ ਹੈ ਕਿ ਵਿਦਿਆਰਥੀਆਂ ਦੇ ਕੈਨੇਡਾ ਆਉਣ ਦੇ ਮਕਸਦ ਬਾਰੇ ਸਟੇਟਮੈਂਟ ਸਾਫ ਨਹੀਂ। ਸਟੱਡੀ ਵੀਜ਼ੇ ਨਾ ਮਿਲਣ ਦੇ ਕਾਰਨ ਕੁਝ ਵੀ ਹੋਣ, ਫਿਕਰ ਵਾਲੀ ਗੱਲ ਹੈ ਅਤੇ ਸੋਚਣਾ ਬਣਦਾ ਹੈ।

ਪੂੰਜੀਵਾਦੀ ਸਿਸਟਮ ਹਰ ਫੈਸਲਾ ਮੁਨਾਫੇ ਨੂੰ ਕੇਂਦਰ ਵਿੱਚ ਰੱਖ ਕੇ ਕਰਦਾ ਹੈ। ਕੋਰੋਨਾ ਕਾਲ ਤੋਂ ਪਿੱਛੋਂ ਵੱਖ-ਵੱਖ ਅਦਾਰਿਆਂ ਵਿੱਚ ਕਾਮਿਆਂ ਦੀ ਲੋੜ ਘਟੀ ਹੈ। ਬਹੁਤ ਸਾਰੀਆਂ ਨੌਕਰੀਆਂ ਖਤਮ ਕਰ ਦਿੱਤੀਆਂ ਗਈਆਂ। ਏਅਰਪੋਰਟਾਂ, ਪੈਟਰੋਲ ਪੰਪਾਂ, ਸਕਿਓਰਿਟੀ ਜੌਬਾਂ ਅਤੇ ਬਹੁਤ ਸਾਰੇ ਖੇਤਰਾਂ ਵਿੱਚ ਵਿਕਸਿਤ ਟੈਕਨਾਲੋਜੀ ਨੇ ਬੰਦਿਆਂ ਦੀ ਲੋੜ ਖਤਮ ਕਰ ਦਿੱਤੀ ਹੈ। ਆਹਰੇ ਲੱਗੇ ਕਿਸੇ ਵੀ ਕਾਮੇ ਵੀ ਦਿਨ ਦੇ ਕਿਸੇ ਵੀ ਪਹਿਰ ਛੁੱਟੀ ਕਰ ਦਿੱਤੀ ਜਾਂਦੀ ਹੈ ਕਿ ਕੰਮ ਨਹੀਂ ਹੈ। ਕੰਮ ਦਾ ਭਰੋਸਾ ਨਾ ਹੋਣਾ ਸਭ ਤੋਂ ਖਤਰਨਾਕ ਰੁਝਾਨ ਹੈ, ਜਿਸ ਦੀ ਮਾਰ ਸ਼ਾਇਦ ਸਟੱਡੀ ਵੀਜ਼ਾ ਉਡੀਕਦੇ ਬੱਚੇ ਸਹਿੰਦੇ ਹਨ। ਪੂੰਜੀਵਾਦੀ ਸੋਚ, ਨੀਤ, ਸਰਕਾਰੀ ਨੀਤੀਆਂ ਤੇ ਦੇਸ਼ ਵਿਚਲੇ ਹਾਲਾਤ ਬਾਰੇ ਆਪਾਂ ਕੁਝ ਨਹੀਂ ਕਹਿ ਸਕਦੇ। 'ਡੂੰਘਾ ਵਾਹ ਲੈ ਹੱਲ ਵੇ ਤੇਰੀ ਘਰੇ ਨੌਕਰੀ' ਵਾਲੀ ਕਹਾਵਤ ਉੱਤੇ ਅਮਲ ਕਰ ਲਿਆ ਜਾਵੇ ਤਾਂ ਸਰਕਾਰਾਂ ਬੱਚਿਆਂ ਦੇ ਭਵਿੱਖ ਲਈ ਸੁਹਿਰਦ ਹੋ ਜਾਣ ਤਾਂ ਇਸ ਫਿਕਰ ਤੋਂ ਥੋੜ੍ਹੀ ਰਾਹਤ ਮਿਲ ਸਕਦੀ ਹੈ।

ਜੇ ਵਿਦਿਆਰਥੀ ਦੀ ਪੜ੍ਹਾਈ ਦੀ ਕੋਈ ਯੋਜਨਾ ਨਾ ਹੋਵੇ, ਵਿੱਤੀ ਹਾਲਾਤ ਦਰੁੱਸਤ ਹੋਣ ਦਾ ਸਬੂਤ ਪੇਸ਼ ਨਾ ਕੀਤਾ ਗਿਆ ਹੋਵੇ, ਪਹਿਲਾਂ ਕੌਮਾਂਤਰੀ ਯਾਤਰਾ ਨਾ ਕੀਤੀ ਗਈ ਹੋਵੇ, ਪਹਿਲਾਂ ਕੋਈ ਪਰਵਾਰਕ ਮੈਂਬਰ ਕੈਨੇਡਾ ਵਿੱਚ ਹੋਵੇ, ਰਿਹਾਇਸ਼ੀ ਵਾਲੇ ਦੇਸ਼ ਵਿੱਚ ਨਾਗਰਿਕਤਾ ਦਾ ਦਰਜਾ ਗੈਰ ਕਾਨੂੰਨੀ ਹੋਵੇ, ਜੱਦੀ ਦੇਸ਼ ਵਿੱਚ ਕਿਸੇ ਨੂੰ ਰੁਜ਼ਗਾਰ ਨਾ ਮਿਲਣ ਦੀ ਸੰਭਾਵਨਾ ਹੋਵੇ, ਜੇ ਪਹਿਲਾਂ ਕਿਸੇ ਦੇਸ਼ ਤੋਂ ਡਿਪੋਰਟ ਕੀਤਾ ਗਿਆ ਹੋਵੇ, ਮੈਡੀਕਲ ਹਾਲਾਤ ਬਿਨੈਕਾਰ ਦਾ ਸਾਥ ਨਾ ਦਿੰਦੇ ਹੋਏ ਜਾਂ ਦੁਨੀਆ ਦੇ ਕਿਸੇ ਕੋਨੇ ਵਿੱਚ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੋਵੇ ਤਾਂ ਫਿਰ ਕੈਨੇਡਾ ਦਾ ਵਿਦਿਆਰਥੀ ਵੀਜ਼ਾ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਵੱਖ ਵੱਖ ਜੌਬਾਂ ਉੱਤੇ ਕੰਮ ਕਰਦਿਆਂ ਵੇਖ ਕੇ ਲੋਕ ਅਕਸਰ ਇਹ ਆਖਦੇ ਹਨ ਕਿ ਬਾਬੇ ਨਾਨਕ ਦੀ ਕਿਰਤ ਵਾਲਾ ਫਲਸਫਾ ਇੱਥੇ ਕੈਨੇਡਾ ਵਿੱਚ ਸਾਕਾਰ ਹੈ। ਹੱਥੀਂ ਕਿਰਤ ਕਰਨੀ, ਵੰਡ ਛਕਣਾ ਵਾਲੀ ਸੋਚ ਪੂੰਜੀਵਾਦੀ ਨਿਜ਼ਾਮ ਦੇ ਮੇਚ ਨਹੀਂ ਆਉਂਦੀ। ਪੂੰਜੀਵਾਦੀ ਵਿਸ਼ਵਵਿਆਪੀ ਵਰਤਾਰਾ ਬਣ ਚੁੱਕਾ ਹੈ। ਇਸ ਵਰਤਾਰੇ ਵਿੱਚ ਜਿਊਣ ਜੋਗੀ ਸਾਹਾਂ ਦਾ ਜੁਗਾੜ ਸਾਨੂੰ ਆਪ ਕਰਨਾ ਪੈਂਦਾ ਹੈ।




# ਵਿਜੀਲੈਂਸ ਛਾਪਿਆਂ ਨਾਲ ਟਰਾਂਸਪੋਰਟ ਵਿਭਾਗ ਦੇ ਘੋਟਾਲੇ ਦੀਆਂ ਕਈ ਪਰਤਾਂ ਖੁੱਲ੍ਹੀਆਂ

### * ਰਿਸ਼ਵਤ ਦੇ ਦੋਸ਼ ਹੇਠ ਐਮ ਵੀ ਆਈ ਅਤੇ ਦੋ ਏਜੰਟ ਗ੍ਰਿਫਤਾਰ

ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਦੇ ਛਾਪਿਆਂ ਨਾਲ ਏਥੋਂ ਦੇ ਟਰਾਂਸਪੋਰਟ ਵਿਭਾਗ ਵਿੱਚ ਕਈ ਦਹਾਕਿਆਂ ਤੋਂ ਚੱਲਦੇ ਭ੍ਰਿਸ਼ਟਾਚਾਰ ਅਤੇ ਬੇਨਿਯਮੀਆਂ ਦਾ ਵੱਡਾ ਖੁਲਾਸਾ ਹੋਇਆ ਹੈ।

ਇਸ ਬਾਰੇ ਵਿਜੀਲੈਂਸ ਸੂਤਰਾਂ ਨੇ ਦੱਸਿਆ ਹੈ ਕਿ ਬੇਨਿਯਮੀਆਂ ਵਿੱਚ ਜ਼ਿਲ੍ਹਾ ਤੇ ਡਵੀਜ਼ਨ ਪੱਧਰ ਉੱਤੇ ਅਫਸਰਾਂ ਦੀ ਸਿੱਧੀ ਅਤੇ ਅਸਿੱਧੀ ਭੂਮਿਕਾ ਨਿਕਲੀ ਹੈ। ਉਨ੍ਹਾਂ ਦੇ ਮੁਤਾ-ਬਕ ਇੱਕ ਜ਼ਿਲ੍ਹੇ ਦੇ ਆਰ ਟੀ ਏ ਦਫਤਰ ਵਿੱਚ ਛਾਪੇ ਵੇਲੇਜਦੋਂ ਸਾਰਾ ਮਾਮਲਾ ਘੋਖਿਆ ਤਾਂ ਇਹ ਗੱਲ ਪਤਾ ਲੱਗੀ ਕਿ ਵਾਹਨਾਂ ਨੂੰ ਬਿਨਾਂ ਜਾਂਚਿਆਂ ਹੀ ਮੋਟਰ ਵਹੀਕਲ ਇੰਸਪੈਕਟਰ ਨੇਫਿਟਨੈਸ ਸਰਟੀਫਿਕੇਟ ਜਾਰੀ ਕੀਤੇ ਸਨ। ਇਹੀ ਨਹੀਂ ਸਕੂਲੀ ਬੱਚਿਆਂ ਵਾਲੀਆਂ ਗੱਡੀਆਂ-ਬੱਸਾਂ ਨੂੰ ਵੀ ਬਿਨਾਂ ਪਰਖ ਤੋਂ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਸਨ। ਵਿਜੀਲੈਂਸ ਅਧਿਕਾਰੀਆਂ ਦੱਸਿਆ ਕਿ ਅਜਿਹਾ ਭਾਵੇਂ ਇੰਸਪੈਕਟਰਾਂ ਅਤੇ ਹੋਰ ਅਮਲੇ ਦੀ ਕਮੀ ਕਾਰਨਹੁੰਦਾ ਹੋਵੇ, ਪਰ ਜਿਸ ਤਰ੍ਹਾਂ ਟਰਾਂਸਪੋਰਟ ਵਿਭਾਗ ਦੇ ਦਫਤਰਾਂ ਵਿੱਚ ਏਜੰਟਾਂ ਦਾ ਬੋਲਬਾਲਾ ਹੈ ਅਤੇ ਜਲੰਧਰ ਦੇ ਇੱਕ ਏਜੰਟ ਕੋਲੋਂ 12 ਲੱਖ ਰੁਪਏ ਤੋਂ ਵੱਧ ਬਰਾਮਦ ਹੋਏ ਹਨ, ਉਸ ਤੋਂ ਸਪੱਸ਼ਟ ਹੈ ਕਿ ਵਾਹਨਾਂ ਦੇ ਫਿਟਨੈਸ ਸਰਟੀਫਿਕੇਟ ਪੈਸੇ ਲੈ ਕੇ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਖੇਤਰੀ ਟਰਾਂਸਪੋਰਟ ਅਥਾਰਟੀ (ਆਰ ਟੀ ਏ) ਦੇ ਦਫਤਰਾਂ ਵਿੱਚ ਬੇਨਿਯਮੀਤੇ ਭ੍ਰਿਸ਼ਟਾਚਾਰ ਬਾਰੇ ਸ਼ਿਕਾਇਤਾਂ ਮਿਲਣ ਉੱਤੇ ਬਿਊਰੋ ਨੇ ਕੱਲ੍ਹ ਪੰਜਾਬ ਵਿੱਚ ਸੱਤ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾ-ਸਪੁਰ, ਫਿਰੋਜ਼ਪੁਰ, ਫਰੀਦਕੋਟ, ਮਾਨਸਾ, ਜਲੰਧਰ ਅਤੇ ਹੁਸ਼ਿਆਰਪੁਰ ਦੇ ਐਮ ਵੀ ਆਈ ਦਫਤਰਾਂ ਦੀ ਚੈਕਿੰਗ ਕੀਤੀ, ਜਿਸ ਦੌਰਾਨ ਵਿਜੀਲੈਂਸ ਟੀਮਾਂ ਨੇ ਮੋਟਰ ਵਹੀਕਲ ਇੰਸਪੈਕਟਰ (ਐਮ ਵੀ ਆਈ) ਅਤੇ ਸਬੰਧਤ ਆਰ ਟੀ ਏ ਦਫਤਰਾਂ ਤੋਂ ਵਾਹਨਾਂ ਦਾ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਦਾ ਸ਼ੱਕੀ ਰਿਕਾਰਡ ਨੂੰ ਜ਼ਬਤ ਕੀਤਾ ਅਤੇ ਅਫਸਰਾਂ ਅਤੇ ਏਜੰਟਾਂ ਉੱਤੇ ਪਟਿਆਲਾ, ਜਲੰਧਰ ਅਤੇ ਹੋਰ ਥਾਵਾਂ ਉੱਤੇ ਕੇਸ ਦਰਜ ਕੀਤੇ ਹਨ। ਟਰਾਂਸਪੋਰਟ ਵਿਭਾਗ ਦੇ ਨਿਯਮਾਂ ਅਨੁਸਾਰ ਸਾਰੇ ਵਪਾਰਕ ਵਾਹਨਾਂ ਨੂੰ ਸੜਕਾਂਦੇ ਚੱਲਣ ਲਈ ਆਰ ਟੀ ਏ ਦਫਤਰ ਤੋਂ ਫਿਟਨੈਸ ਸਰਟੀਫਿਕੇਟ ਲੈਣਾ ਪੈਂਦਾ ਹੈ ਅਤੇ ਅਜਿਹੇ ਸਾਰੇ ਵਾਹਨਾਂ ਦਾ ਦਸਤਾਵੇਜ਼ਾਂ ਸਮੇਤ ਐਮ ਵੀ ਆਈ ਵੱਲੋਂ ਸਬੰਧਤ ਦਫਤਰ ਵਿੱਚ ਖੁਦ ਟੈਸਟ ਕਰਨਾ ਜ਼ਰੂਰੀ ਹੈ, ਪਰ ਅਸਲ ਵਿੱਚ ਐਮ ਵੀ ਆਈ ਸਿਰਫ ਦਸਤਖਤ ਹੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਸੂਬਾ ਪੱਧਰੀ ਟੈਸਟਾਂ ਦੀ ਅਗਲੀ ਜਾਂਚ ਜਾਰੀ ਹੈ ਅਤੇ ਜੇ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਵਿਜੀਲੈਂਸ ਅਫਸਰਾਂ ਮੁਤਾ-ਬਕ ਇਸ ਵਿਭਾਗ ਵਿੱਚ ਦਹਾਕਿਆਂ ਤੋਂ ਏਜੰਟਾਂ ਦਾ ਬੋਲਬਾਲਾ ਹੈ ਤੇ ਛਾਪੇ ਦੌਰਾਨ ਮੋਟਰ ਵਹੀਕਲ ਇੰਸਪੈਕਟਰ (ਐਮ ਵੀ ਆਈ) ਜਲੰਧਰ ਤੇ ਦੋ ਪ੍ਰਾਈਵੇਟ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕੋਲੋਂ ਵਾਹਨਾਂ ਲਈ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਦੇ ਸ਼ੱਕੀ ਦਸਤਾਵੇਜ਼ਾਂ ਤੋਂ ਇਲਾਵਾ ਰਿਸ਼ਵਤ ਦੀ ਰਕਮ ਵਜੋਂ 12.50 ਲੱਖ ਰੁਪਏ ਬਰਾਮਦ ਹੋਏ ਹਨ।

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਡੇਰਾ ਬਾਬਾ ਨਾਨਕ ਵਿਖੇ ਦਰਸ਼ਨੀ ਸਥਾਨ ਬਣੇਗਾ



ਅੰਮ੍ਰਿਤਸਰ, 25 ਅਗਸਤ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਨੂੰ ਵੰਡਣ ਵਾਲੀ ਸਰਹੱਦ ਤੋਂ ਪਾਰ ਕੁਝ ਕਿਲੋਮੀਟਰ ਉੱਤੇਬਣੇ ਹੋਏ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਅਸਾਨੀ ਨਾਲ ਦਰਸ਼ਨਾਂ ਲਈ ਕੇਂਦਰ ਸਰਕਾਰ ਨੇ ਡੇਰਾ ਬਾਬਾ ਨਾਨਕ ਸਰਹੱਦਇੱਕ ਦਰਸ਼ਨੀ ਸਥਾਨ ਬਣਾਉਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਕਰਤਾਰਪੁਰ ਕਾਰੀਡੋਰ ਖੁੱਲ੍ਹਣ ਦੇ ਬਾਵਜੂਦ ਲੱਖਾਂ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਦੇ ਦਰਸ਼ਨਾਂ ਲਈ ਨਹੀਂ ਜਾ ਸਕਦੇ, ਜਿਸ ਦਾ ਮੁੱਖ ਕਾਰਨ ਵੀਜ਼ਾ-ਪਾਸਪੋਰਟ ਦੀ ਸ਼ਰਤ ਹੈ। ਅੱਜ ਵੀ ਡੇਰਾ ਬਾਬਾ ਨਾਨਕ ਸੀਮਾ ਉੱਤੇ ਸ਼ਰਧਾਲੂ ਦੂਰਬੀਨ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਦੇ ਹਨ। ਕੇਂਦਰ ਸਰਕਾਰ ਨੇ ਸਿੱਖ ਭਾਈਚਾਰੇ ਦੀ ਇਹ ਲੰਬੇ ਸਮੇਂ ਦੀ ਮੰਗ ਮੰਨ ਲਈ ਹੈ ਅਤੇ ਛੇ ਮਹੀਨਿਆਂ ਦੇ ਅੰਦਰ ਨਵਾਂ ਆਧੁਨਿਕ ਦਰਸ਼ਨ ਸਥਾਨ ਬਣਾਉਣ ਦੀ ਯੋਜਨਾਮੁਤਾਬਕ ਭਾਰਤ-ਪਾਕਿਸਤਾਨ ਸੀਮਾ ਉੱਤੇ ਭਾਰਤ ਵੱਲ ਇੱਕ ਸਾਈਟ ਬਣਾਉਣ ਦੀ ਯੋਜਨਾ ਉੱਤੇ ਕੰਮ ਆਰੰਭ ਕਰ ਦਿੱਤਾ ਹੈ। ਇਸ ਪਿੱਛੋਂ ਮੌਜੂਦਾ ਢਾਂਚੇ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਜਾਏਗਾ, ਜਿੱਥੋਂ ਲੰਬੇ ਸਮੇਂ ਤੋਂ ਸ਼ਰਧਾਲੂ ਦੂਰਬੀਨ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਖਰੀ ਅਸਥਾਨ ਦੇ ਦਰਸ਼ਨ ਕਰਦੇ ਸਨ। ਨਵਾਂ ਦਰਸ਼ਨ ਸਥਾਨ ਦੋ ਮੰਜ਼ਿਲਾ ਹੋਵੇਗਾ, ਜਿਸ ਵਿੱਚ ਭਰਤ ਸੀਮਾ ਤੋਂ ਪਹਿਲੀ ਮੰਜ਼ਿਲ ਤੋਂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ 8.5 ਮੀਟਰ ਉਚਾ ਭਵਨ ਬਣੇਗਾ ਅਤੇ 435 ਵਰਗ ਮੀਟਰ ਵਿੱਚ ਫੈਲੀ ਗੈਲਰੀ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਸਥਿਤ ਯਾਤਰੀ ਟਰਮੀਨਲ ਭਵਨ ਵਿੱਚ ਬਣੇਗੀ, ਜਿੱਥੋਂ ਸ਼ਰਧਾਲੂ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨ ਲਈ ਪਾਕਿਸਤਾਨ ਜਾਣ ਦੇ ਲਈ ਗਲਿਆਰੇ ਤੋਂ ਨਿਕਲਦੇ ਹਨ। ਜ਼ਮੀਨ ਉੱਤੇ ਇੱਕ ਕੌਫੀ ਸ਼ਾਪ ਅਤੇ ਇੱਕ ਸੋਵੀਨਾਰ ਸ਼ਾਪ ਦੇ ਨਾਲ ਹੋਰ ਪ੍ਰਬੰਧ ਵੀ ਹੋਣਗੇ। ਅਗਲੇ ਮਹੀਨੇ ਕੰਮ ਅਲਾਟ ਹੋਣ ਪਿੱਛੋਂ ਇਸ ਦੇ ਬਣਨ ਲਈ ਛੇ ਮਹੀਨੇ ਦਾ ਸਮਾਂ ਤੈਅ ਹੋਇਆ ਹੈ।

# ਆਪੋਜ਼ੀਸ਼ਨ ਨੇਤਾ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਪ੍ਰੋਗਰਾਮ ਵਿੱਚ ਸੱਦਾ ਨਾ ਦੇਣਾ ਛੋਟਾਪਣ : ਬਾਜਵਾ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕੱਲ੍ਹ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਮੌਕੇ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਸੱਦਾ ਨਾ ਦੇਣ ਬਾਰੇ ਦਾ ਰੋਸ ਕੀਤਾ ਹੈ। ਉਨ੍ਹਾਦੱਸਿਆ ਕਿ ਉਨ੍ਹਾਂ ਨੂੰ ਕੋਈ ਵੀ ਸੱਦਾ ਸਰਕਾਰ ਨੇ ਨਹੀਂ ਦਿੱਤਾ।

ਬਾਜਵਾ ਨੇ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਛੋਟਾਪਣ ਹੈ। ਉਨ੍ਹਾ ਕਿਹਾ ਕਿ ਇਸ ਕੈਂਸਰ ਹਸਪਤਾਲ ਵਿੱਚ ਕਾਂਗਰਸ ਦੀ ਪਿਛਲੀ ਸਰਕਾਰ ਦਾ ਵੀ ਯੋਗਦਾਨ ਹੈ ਅਤੇ ਇਸ ਦਾ ਨੀਂਹ ਪੱਥਰ ਉਸ ਸਮੇਂ ਦੇ ਪ੍ਰਧਾਨ ਮੰਤਰੀਡਾ: ਮਨਮੋਹਨ ਸਿੰਘ ਨੇ ਰੱਖਿਆ ਸੀ, ਪਰ ਇਹ ਯੋਗਦਾਨ ਵੀ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਬਾਜਵਾ ਨੇ ਕਿਹਾ ਕਿ ਮੇਰਾ ਪਹਿਲਾਂ ਹੀ ਵਿਚਾਰ ਹੈ ਕਿ ਇਸ ਸਰਕਾਰ ਵਿੱਚ ਦੂਰ ਅੰਦੇਸ਼ੀ ਅਤੇ ਫ਼ਰਾਖਦਿਲੀ ਨਹੀਂ ਦਿੱਸਦੀ ਅਤੇ ਇਹ ਸੂਬੇ ਦੇ ਵਿਕਾਸ ਦੇ ਹਿੱਤ ਵਿੱਚ ਨਹੀਂ। ਅਜਿਹੇ ਸਾਂਝੇ ਕੰਮਾਂ ਵਿੱਚ ਸਰਕਾਰ ਨੂੰ ਸਭ ਨੂੰ ਨਾਲ ਲੈ ਕੇ ਚਲਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਵਿੱਚ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੂੰ ਸੱਦਣ ਬਾਰੇ ਬਾਜਵਾ ਦਾ ਕਹਿਣਾ ਹੈ ਕਿ ਉਸ ਨੂੰ ਸ਼ਾਇਦ ਕੇਂਦਰ ਸਰਕਾਰ ਨੇ ਇਲਾਕੇ ਦਾ ਐਮ ਪੀ ਹੋਣ ਕਾਰਨ ਸੱਦਿਆ ਹੋਵੇਗਾ ਪਰ ਜੇ ਭਗਵੰਤ ਮਾਨ ਦੇ ਹੱਥ ਗੱਲ ਹੁੰਦੀ ਤਾਂ ਉਸ ਨੇ ਮਨੀਸ਼ ਤਿਵਾੜੀ ਨੂੰ ਵੀ ਨਹੀਂ ਸੀ ਸੱਦਣਾ।

# ਪੰਜਾਬ ਦੇ ਵਿਧਾਇਕ ਵਿਧਾਨ ਸਭਾ ਦੀ ਲਾਇਬਰੇਰੀ ਦੀਆਂ ਕਿਤਾਬਾਂ ਦੇ ਪ੍ਰਛਾਵੇਂ ਤੋਂ ਦੂਰ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਪੜ੍ਹਾਈ-ਲਿਖਾਈ ਵਿੱਚ ਝੰਡੀ ਹੈ, ਪਰ ਅੱਜਕੱਲ੍ਹ ਇਸ ਪਾਰਟੀ ਦੇ ਵੱਡੀ ਗਿਣਤੀ ਵਿਧਾਇਕ ਵਿਧਾਨ ਸਭਾ ਲਾਇਬਰੇਰੀ ਤੋਂ ਪਾਸਾ ਵੱਟ ਕੇ ਲੰਘ ਜਾਂਦੇ ਹਨ। ਮੌਜੂਦਾ ਸਰਕਾਰ ਦੇ ਪੜ੍ਹਨ ਲਿਖਣ ਦਾ ਰਿਪੋਰਟ ਕਾਰਡਵੇਖੀਏ ਤਾਂ ਬਹੁਤੇ ਵਿਧਾਇਕਾਂ ਨੇ ਵਿਧਾਨ ਸਭਾ ਦੀ ਲਾਇਬਰੇਰੀ ਵਿੱਚ ਪੈਰ ਵੀ ਨਹੀਂ ਪਾਇਆ। ਪੰਜਾਬ ਦੇ ਪੰਦਰਾਂ ਕੈਬਨਿਟ ਵਜ਼ੀਰਾਂ ਵਿੱਚੋਂ ਫੌਜਾ ਸਿੰਘ ਸਰਾਰੀ ਇਕਲੌਤੇ ਮੰਤਰੀ ਹਨ, ਜਿਨ੍ਹਾਂ ਨੇ ਵਿਧਾਨ ਸਭਾ ਲਾਇਬਰੇਰੀ ਵਿੱਚੋਂ ਪੰਜ ਪੁਸਤਕਾਂ ਜਾਰੀ ਕਰਵਾਈਆਂ ਹਨ ਅਤੇ ਇਸ ਦੇ ਨਾਲ ਸਭ ਤੋਂ ਵੱਧ ਪੁਸਤਕਾਂ ਜਾਰੀ ਕਰਵਾਉਣ ਵਾਲੇ ਵਜ਼ੀਰ ਜਾਂ ਵਿਧਾਇਕ ਵੀ ਫੌਜਾ ਸਿੰਘ ਸਰਾਰੀ ਹੀ ਹਨ।

ਮਿਲੀ ਜਾਣਕਾਰੀ ਅਨੁਸਾਰ ਵਿਧਾਨ ਸਭਾ ਦੀ ਲਾਇਬਰੇਰੀ ਦਾ ਅਨਮੋਲ ਬੌਧਿਕ ਭੰਡਾਰ ਹੈ। ਉਮੀਦ ਸੀ ਕਿ ਆਮਆਦਮੀ ਪਾਰਟੀ ਦੇ ਨਵੇਂ ਵਿਧਾਇਕਾਂ ਨੂੰ ਲਾਇਬਰੇਰੀ ਦਾ ਚਾਅ ਹੋਵੇਗਾ, ਪਰ ਪੰਜ ਮਹੀਨਿਆਂ ਵਿੱਚ ਕਿਤਾਬਾਂ ਪ੍ਰਤੀ ਇਨ੍ਹਾਂ ਵਿਧਾਇਕਾਂ ਦੀ ਰੁਚੀ ਬਹੁਤੀ ਦਿਖਾਈ ਨਹੀਂ ਦਿੱਤੀ ਅਤੇ ਇਸ ਪਾਰਟੀ ਦੇ 92 ਵਿਧਾਇਕਾਂ, ਵਜ਼ੀਰਾਂ ਵਿੱਚੋਂ ਸਿਰਫ ਇੱਕ ਮੰਤਰੀ ਤੇ ਸੱਤ ਵਿਧਾਇਕਾਂ ਨੇ ਹੀ ਲਾਇਬਰੇਰੀਤੋਂ ਕਿਤਾਬਾਂ ਲਈਆਂ ਹਨ। ਕਾਂਗਰਸ ਦੇ ਡੇਢ ਦਰਜਨ ਵਿਧਾਇਕਾਂ ਵਿੱਚੋਂ ਸਿਰਫ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਰਾਣਾ ਗੁਰਜੀਤ ਸਿੰਘ ਨੇ ਇੱਕ-ਇੱਕ ਕਿਤਾਬ ਲਈ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵਿੱਚੋਂ ਨਰਿੰਦਰ ਕੌਰ ਭਰਾਜ ਨੇ ਤਿੰਨ ਪੁਸਤਕਾਂ ਲਈਆਂ ਹਨ, ਜਿਨ੍ਹਾਂ ਵਿੱਚ 'ਅਗਨਿ ਪੰਥ', 'ਮਾਸਟਰ ਤਾਰਾ ਸਿੰਘ' ਤੇ ਵਿਧਾਨ ਸਭਾ ਦੀਆਂ ਡਿਬੇਟਸ ਸ਼ਾਮਲ ਹਨ। ਪ੍ਰੋਫੈਸਰ ਬਲਜਿੰਦਰ ਕੌਰ ਨੇ 'ਪੰਚਾਇਤੀ ਰਾਜ ਐਕਟ 1994' ਇਸ਼ੂ ਕਰਵਾਇਆ ਹੈ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ, ਗੁਰਵਿੰ-ਦਰ ਸਿੰਘ ਗੈਰੀ ਵੜਿੰਗ, ਦਿਨੇਸ਼ ਕੁਮਾਰ ਚੱਢਾ ਅਤੇ ਰੁਪਿੰਦਰ ਸਿੰਘ ਬੱਸੀ ਪਠਾਣਾਂ ਨੇ ਲਾਇਬਰੇਰੀ ਵਿੱਚੋਂ ਕਿਤਾਬਾਂ ਲੈਣ ਦਾ ਮਹੂਰਤ ਕੀਤਾ ਹੈ। ਇਨ੍ਹਾਂ ਪੰਜਾਂ ਵਿਧਾਇਕਾਂ ਨੇ ਵੀ ਕਿਤਾਬਾਂ ਲਈਆਂ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚਾਰ ਕਿਤਾਬਾਂ ਲਈਆਂ ਸਨ। ਮੰਤਰੀਆਂ ਵਿੱਚੋਂ ਅਮਨ ਅਰੋੜਾ, ਮੀਤ ਹੇਅਰ, ਹਰਪਾਲ ਚੀਮਾ ਅਤੇ ਹਰਜੋਤ ਸਿੰਘ ਬੈਂਸ ਪੁਸਤਕ ਪ੍ਰੇਮੀ ਜਾਪਦੇ ਹਨ, ਪ੍ਰੰਤੂ ਇਨ੍ਹਾਂ ਨੇ ਕੋਈ ਕਿਤਾਬ ਹਾਲੇ ਤਕ ਈਸ਼ੂ ਨਹੀਂ ਕਰਾਈ।ਪੰਜਾਬ ਦੇ 117 ਵਿਧਾਨ ਸਭਾ ਮੈਂਬਰਾਂ ਵਿੱਚੋਂ 1.71 ਫੀਸਦੀ ਪੀ ਐਚ ਡੀ ਅਤੇ 17.95 ਫੀਸਦੀ ਪੋਸਟ ਗਰੈਜੂਏਟ ਅਤੇ 19.66 ਫੀਸਦੀ ਗਰੈਜੂਏਟ ਹਨ। 19.66 ਫੀਸਦੀ ਗਰੈਜੂਏਟ ਪ੍ਰੋਫੈਸ਼ਨਲ ਅਤੇ 17.95 ਫੀਸਦੀ ਗਰੈਜੂਏਟ ਹਨ। ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਦੀ ਵਿਦਿਅਕ ਪ੍ਰੋਫਾਈਲ ਮੁਤਾਬਕ 18.48 ਫੀਸਦੀ ਪੋਸਟ ਗਰੈਜੂਏਟ ਅਤੇ 23.91 ਫੀਸਦੀ ਗਰੈਜੂਏਟ ਪ੍ਰੋਫੈਸ਼ਨਲ ਹਨ। ਇਸੇ ਤਰ੍ਹਾਂ 13.04 ਫੀਸਦੀ ਗਰੈਜੂਏਟ ਅਤੇ 2.17 ਫੀਸਦੀ ਪੀ ਐਚ ਡੀ ਹਨ। ਇਸ ਪਾਰਟੀ ਦੇ ਦਸ ਵਿਧਾਇਕ ਜਦੋਂ ਡਾਕਟਰ ਹੀ ਹਨ ਤਾਂ ਕਈ ਵਕੀਲ ਹਨ।ਪੰਜਾਬ ਵਿਧਾਨ ਸਭਾ ਦੀ ਲਾਇਬਰੇਰੀ ਕਮੇਟੀ ਦੇ ਚੇਅਰਮੈਨ ਜਗਦੀਪ ਸਿੰਘ ਗੋਲਡੀ ਅਤੇ ਅੱਠ ਮੈਂਬਰ ਹਨ। ਦਿਲਚਸਪ ਗੱਲ ਇਹ ਹੈ ਕਿ ਲਾਇਬਰੇਰੀ ਕਮੇਟੀ ਦੇ ਚੇਅਰਮੈਨ ਅਤੇ ਕਿਸੇ ਮੈਂਬਰ ਨੇ ਹਾਲੇ ਤਕ ਕੋਈ ਕਿਤਾਬ ਜਾਰੀ ਨਹੀਂ ਕਰਵਾਈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਿਧਾਨ ਸਭਾ ਦੀਆਂ ਪੁਰਾਣੀਆਂ ਡਿਬੇਟਸ ਪੜ੍ਹ ਰਹੇ ਹਨ।

# ਲੁਟੇਰਿਆਂ ਦੀ ਸ਼ਿਕਾਰ ਔਰਤ ਦੀ ਸੜਕ ਵਿਚਾਲੇ ਡਿੱਗਣ ਨਾਲ ਮੌਤ

### * ਵਾਲੀਆਂ ਝਪਟ ਕੇ ਲੁਟੇਰੇ ਫ਼ਰਾਰ



ਜਲੰਧਰ, 25 ਅਗਸਤ (ਪੋਸਟ ਬਿਊਰੋ)- ਜਲੰਧਰ-ਜੰਡਿਆਲਾ ਰੋਡ ਉੱਤੇ ਥਾਬਲਕੇ ਪੁਲੀ ਨੇੜੇ ਕੱਲ੍ਹ ਸਵੇਰੇ ਹਾਦਸੇ ਵਿੱਚ 61 ਸਾਲਾ ਇੱਕ ਔਰਤ ਦੀ ਮੌਤ ਹੋ ਗਈ। ਮ੍ਰਿਤਕ ਔਰਤ ਗੁਰਬਖ਼ਸ਼ ਕੌਰ ਪਤਨੀ ਜੋਗਿੰਦਰ ਸਿੰਘ ਪੱਤੀ ਜੋਧਾਂ ਦੀ, ਪਿੰਡ ਬੁੰਡਾਲਾ ਜ਼ਿਲ੍ਹਾ ਜਲੰਧਰ ਆਪਣੇ ਬੇਟੇ ਗੁਰਅਵਤਾਰ ਸਿੰਘ (27) ਨਾਲ ਬਾਈਕ ਉੱਤੇ ਜਲੰਧਰ ਸ਼ਹਿਰ ਵੱਲ ਆ ਰਹੀ ਸੀ। ਮਾਂ-ਬੇਟਾ ਜਦੋਂ ਥਾਬਲਕੇ ਪੁਲੀ ਤੋਂ ਥੋੜ੍ਹਾ ਅੱਗੇ ਜਲੰਧਰ ਵੱਲ ਪਹੁੰਚੇ ਤਾਂ ਇੱਕ ਤੇਜ਼ ਰਫ਼ਤਾਰ ਮੋਟਰਸਾਈਕਲ ਉੱਤੇ ਦੋ ਨੌਜਵਾਨਾਂ ਨੇ ਔਰਤ ਗੁਰਬਖ਼ਸ਼ ਕੌਰ ਦੇ ਕੰਨਾਂ ਵਿੱਚੋਂ ਵਾਲੀਆਂ ਝਪਟ ਲਈਆਂ ਅਤੇ ਫ਼ਰਾਰ ਹੋ ਗਏ।ਲੁਟੇਰਿਆਂ ਵੱਲੋਂ ਕੀਤੀ ਗਈ ਲੁੱਟ-ਖੋਹ ਸਮੇਂ ਔਰਤ ਸੜਕ ਵਿਚਕਾਰ ਡਿੱਗੀ ਅਤੇ ਸਿਰ ਉੱਤੇ ਬਹੁਤ ਜ਼ਿਆਦਾ ਸੱਟ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਈ। ਬੇਟੇ ਗੁਰਅਵਤਾਰ ਸਿੰਘ ਨੇ ਹਾਦਸੇ ਦੀ ਸੂਚਨਾ ਆਪਣੇ ਪਰਵਾਰ ਨੂੰ ਦਿੱਤੀ ਤੇ ਲੋਕਾਂ ਦੀ ਮਦਦ ਨਾਲ ਖ਼ੂਨ ਨਾਲ ਲਥਪਥ ਮਾਂ ਨੂੰ ਫਗਵਾੜੇ ਦੇ ਗਾਂਧੀ ਹਸਪਤਾਲ ਲੈ ਕੇ ਪਹੁੰਚਿਆ,ਜਿਥੇ ਡਾਕਟਰਾਂ ਨੇ ਚੈਕ ਕਰਨ ਤੋਂ ਬਾਅਦ ਗੁਰਬਖ਼ਸ਼ ਕੌਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਹਾਦਸੇ ਦੀ ਸੂਚਨਾ ਮਿਲਦੇ ਸਾਰ ਏ ਸੀ ਪੀ ਜਲੰਧਰ ਕੈਂਟ ਬਬਨਦੀਪ ਸਿੰਘਮੌਕੇ ਉੱਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਆਪਣੀਆਂ ਅੱਖਾਂ ਸਾਹ-ਮਣੇ ਮਾਂ ਦੀ ਮੌਤ ਦੇਖਣ ਵਾਲੇ ਗੁਰਅਵਤਾਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਲੁਟੇਰਿਆਂ ਨੇ ਜਦੋਂ ਮਾਂ ਦੀ ਵਾਲੀਆਂ ਝਪਟੀਆਂ ਤਾਂ ਉਹ ਘਬਰਾ ਕੇ ਬਾਈਕ ਤੋਂ ਹੇਠਾਂ ਡਿੱਗ ਗਈ। ਲੁਟੇਰੇ ਫ਼ਰਾਰ ਹੋ ਗਏ।ਜੰਡਿਆਲਾ ਚੌਕੀ ਦੇ ਮੁੱਖੀ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਔਰਤ ਦੇ ਬੇਟੇ ਗੁਰਅਵਤਾਰ ਸਿੰਘ ਦੇ ਬਿਆਨਾਂ ਉੱਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਅਤੇ ਲੁਟੇਰਿਆਂ ਨੂੰ ਫੜਨ ਲਈ ਵੱਖ-ਵੱਖ ਟੀਮਾਂ ਬਣਾਈਆਂ ਹਨ।

# ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਬਾਰੇ ਪਾਕਿਸਤਾਨ ਨੇ ਸ਼੍ਰੋਮਣੀ ਕਮੇਟੀ ਨੂੰ ਹੁੰਗਾਰਾ ਨਹੀਂ ਭਰਿਆ



ਅੰਮ੍ਰਿਤਸਰ, 25 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਕਾ ਪੰਜਾ ਸਾਹਿਬ ਦੀ ਪਹਿਲੀ ਸ਼ਤਾਬਦੀ ਤੀਹ ਅਕਤੂਬਰ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਮਨਾਉਣ ਦੀਆਂ ਤਿਆਰੀ ਆਰੰਭੀ ਸੀ, ਪਰ ਪਾਕਿਸਤਾਨ ਵੱਲੋਂ ਇਸ ਬਾਰੇ ਅਜੇ ਤਕ ਕੋਈ ਹੁੰਗਾਰਾ ਨਾ ਭਰੇ ਜਾਣ ਕਾਰਨ ਭੰਬਲਭੂਸਾ ਹੈ।

ਇਸ ਸਬੰਧ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ ਅਤੇ ਹੋਰਨਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸਾਕਾ ਪੰਜਾ ਸਾਹਿਬ ਦੀ ਪਹਿਲੀ ਸ਼ਤਾਬਦੀ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਮਨਾਉਣ ਦੀਆਂ ਤਿਆਰੀਆਂ ਲਈ ਛੇ ਮੈਂਬਰੀ ਵਫਦ ਪਾਕਿਸਤਾਨ ਭੇਜਣ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਠ ਜੁਲਾਈ ਨੂੰ ਚੱਠੀ ਲਿਖੀ ਸੀ, ਪਰ ਉਸ ਦਾ ਜਵਾਬ ਨਾ ਆਉਣ ਕਾਰਨ ਭੰਬਲਭੂਸਾ ਹੈ। ਤੀਹ ਅਕਤੂਬਰ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਸਾਕੇ ਦੀ ਪਹਿਲੀ ਸ਼ਤਾਬਦੀ ਮਨਾਉਣ ਬਾਰੇ ਵਿਚਾਰ ਲਈ ਇਹ ਵਿਸ਼ੇਸ਼ ਜਥਾ 28 ਅਕਤੂਬਰ ਤੋਂ ਦੋ ਨਵੰਬਰ ਤਕ ਪੰਜ ਦਿਨਾਂ ਪਾਕਿ-ਸਤਾਨ ਲਈ ਜਾਣਾ ਸੀ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਜਥੇਦਾਰ ਤੇ ਡਾਕਟਰ ਸਮਰਾ ਦੀ ਸੁਣਵਾਈ 11 ਸਤੰਬਰ ਨੂੰ 'ਤੇ ਪਈ

* ਮਾਮਲਾ ਤਖਤ ਪਟਨਾ ਸਾਹਿਬ ਵਿੱਚ ਦਾਨ ਕੀਤੀਆਂ ਕੀਮਤੀ ਵਸਤਾਂ ਦਾ * ਪੰਜ ਪਿਆਰੇ ਦੋਵਾਂ ਧਿਰਾਂ ਨੂੰ ਤਿੰਨ ਘੰਟੇ ਉਡੀਕਦੇ ਰਹੇ

ਪਟਨਾ ਸਿਟੀ, 25 ਅਗਸਤ (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿੱਚ ਕੀਮਤੀ ਪੱਥਰ ਤੇ ਸੋਨੇ-ਚਾਂਦੀ ਤੋਂ ਬਣੀਆਂ ਪੰਜ ਕਰੋੜ ਰੁਪਏ ਦੀਆਂ ਵਸਤਾਂ ਦਾਨ ਕਰਨ ਦੇ ਮਾਮਲੇ ਵਿੱਚ ਆਪਣਾ ਪੱਖ ਰੱਖਣ ਲਈ ਕੱਲ੍ਹ ਦਾਨੀ ਪੰਜਾਬ ਦੇ ਕਰਤਾਰਪੁਰ ਦੇ ਡਾ: ਗੁਰਵਿੰਦਰ ਸਿੰਘ ਸਮਰਾ ਹਾਜ਼ਰ ਨਹੀਂ ਹੋਏ। ਇਸ ਕੇਸ ਵਿੱਚ ਏਥੇ ਪੰਜ ਪਿਆਰਿਆਂ ਨੇ ਦਾਨੀ ਡਾ: ਸਮਰਾ ਅਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਇ-ਮਸਕੀਨ ਨੂੰ ਦੋਬਾਰਾ 11 ਸਤੰਬਰ ਨੂੰ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦਾ ਹੁਕਮ ਨਵੇਂ ਸਿਰਿਉਂ ਜਾਰੀ ਕਰ ਦਿੱਤਾ ਹੈ।



ਕੱਲ੍ਹ ਬੁੱਧਵਾਰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਦਰਬਾਰ ਸਾਹਿਬ ਦੇ ਪੰਜ ਪਿਆਰੇ ਅਡੀਸ਼ਨਲ ਹੈਡ ਗ੍ਰੰਥੀ ਭਾਈ ਬਲਦੇਵ ਸਿੰਘ, ਸੀਨੀਅਰ ਗ੍ਰੰਥੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ, ਗ੍ਰੰਥੀ ਪਸ਼ੂਰਾਮ ਸਿੰਘ ਅਤੇ ਭਾਈ ਸੁਖਦੇਵ ਸਿੰਘ ਦਿਨ ਦੇ 11 ਵਜੇ ਤੋਂ ਦੋ ਵਜੇ ਤਕ ਦਾਨੀ ਡਾਕਟਰ ਸਮਰਾ ਤੇ ਜਥੇਦਾਰ ਦੀ ਉਡੀਕ ਕਰਦੇ ਰਹੇ। ਦੋਵੇਂ ਧਿਰਾਂ ਤਖਤ ਸ੍ਰੀ ਹਰਿ-ਮੰਦਰ ਸਾਹਿਬ ਦੇ ਦਰਬਾਰ ਸਾਹਿਬ ਵਿੱਚ ਪੇਸ਼ ਨਹੀਂ ਹੋਈਆ। ਦੁਪਹਿਰੇ ਦੋ ਵਜੇ ਤੋਂ ਬਾਅਦ ਅਡੀਸ਼ਨਲ ਹੈਡ ਗ੍ਰੰਥੀ ਭਾਈ ਬਲਦੇਵ ਸਿੰਘ ਨੇ ਦੱਸਿਆ ਕਿ ਦਾਨੀ ਡਾ: ਗੁਰਵਿੰਦਰ ਸਿੰਘ ਸਮਰਾ ਨੇ ਦੋ ਸਫੇ ਦੀ ਚਿੱਠੀ ਵਿੱਚ ਆਪਣੀ ਮਜਬੂਰੀ ਦੱਸ ਕੇ ਇੱਕ ਹੋਰ ਮੌਕਾ ਦੇਣ ਦੀ ਗੁਹਾਰ ਲਾਈ ਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਚਿੱਠੀ ਭੇਜ ਕੇ ਸਿਹਤ ਖਰਾਬ ਹੋਣ ਕਾਰਨ ਪੰਜ ਪਿਆਰਿਆਂ ਅੱਗੇ ਪੇਸ਼ ਨਾ ਹੋ ਸਕਣ ਦੀ ਗੱਲ ਕਹੀ ਹੈ। ਇਸ ਦੌਰਾਨ ਤਖਤ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਦਾਨ ਦੀਆਂ ਵਸਤਾਂ ਨਾਲ ਜੁੜਿਆ ਵਿਵਾਦ ਵਧਦਾ ਦੇਖ ਕੇ ਪੰਜ ਮੈਂਬਰੀ ਜਾਂਚ ਟੀਮ ਵਿੱਚ ਦਿੱਲੀ ਹਾਈ ਕੋਰਟ ਦੇ ਰਿਟਾਇਰਡ ਜਸਟਿਸ ਆਰ ਐਸ ਸੋਢੀ ਨੂੰ ਚੇਅਰਮੈਨ, ਤਖਤ ਪ੍ਰਬੰਧਕੀ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਨੂੰ ਕਨਵੀਨਰ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਕੇਸਗੜ੍ਹ ਸਾਹਿਬ ਦੇ ਹੈਡ ਗਰੰਥੀ ਗਿਆਨੀ ਹਰਦੀਪ ਸਿੰਘ ਅਤੇ ਘੱਟਗਿਣਤੀ ਸੈਲ ਦੇ ਮੀਤ ਪ੍ਰਧਾਨ ਅਜੀਤ ਸਿੰਘ ਬਿੰਦਰਾ ਨੂੰ ਮੈਂਬਰ ਬਣਾਇਆ ਹੈ। ਦਾਨੀ ਤੇ ਜਥੇਦਾਰ ਨੂੰ 31 ਅਗਸਤ ਨੂੰ ਜਾਂਚ ਕਮੇਟੀ ਸਾਹਮਣੇ ਦਿੱਲੀ ਵਿੱਚ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਹੈ।

# ਐਨ ਡੀ ਟੀ ਵੀ ਵਿੱਚ ਅਡਾਨੀ ਗਰੁੱਪ ਦੇ ਹਿੱਸੇ ਐਕੁਆਇਰ ਕਰਨ ਦਾ ਮਾਮਲਾ ਭਖਿਆ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਅਰਬਪਤੀ ਕਾਰੋਬਾਰੀ ਗੌਤਮ ਅਡਾਨੀ ਵੱਲੋਂ ਐਨ ਡੀ ਟੀ ਵੀ ਵਿੱਚ ਹਿੱਸੇ ਐਕੁਆਇਰ ਕਰਨ ਦੀਆਂ ਰਿਪੋਰਟਾਂ ਦੌਰਾਨ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੇ ਖਾਸ ਦੋਸਤ ਦੀ ਮਾਲਕੀ ਵਾਲੀ ਕੰਪਨੀ ਦੀ ਇਹ ਕੋਸ਼ਿਸ਼ ਆਜ਼ਾਦ ਮੀਡੀਆ ਨੂੰ ਕੰਟਰੋਲ ਕਰਨ ਅਤੇ ਉਸ ਨੂੰ ਦਬਾਉਣ ਲਈ ਉਠਾਇਆ ਗਿਆ ਕਦਮ ਹੈ, ਜਿਸ ਤੋਂ ਕਈ ਸੰਕੇਤ ਮਿਲਦੇ ਹਨ।

ਇਸ ਬਾਰੇ ਕਾਂਗਰਸ ਦੇ ਜਨਰਲ ਸੈਕਟਰੀ ਜੈਰਾਮ ਰਮੇਸ਼ ਨੇ ਟਵੀਟ ਕਰ ਕੇ ਕਿਹਾ ਹੈ, 'ਪ੍ਰਧਾਨ ਮੰਤਰੀ ਦੇ ਖਾਸ ਦੋਸਤ ਦੀ ਕਰਜ਼ੇ ਵਿੱਚ ਡੁੱਬੀ ਕੰਪਨੀ ਵੱਲੋਂ ਇੱਕ ਮਸ਼ਹੂਰ ਟੀ ਵੀ ਨਿਊਜ਼ ਨੈਟਵਰਕ ਉੱਤੇ ਕਬਜ਼ੇ ਦੀ ਖਬਰ




ਆਰਥਿਕ ਤੇ ਸਿਆਸੀ ਤਾਕਤ ਦਾ ਕੇਂਦਰੀਕਰਨ ਹੈ। ਇਹ ਆਜ਼ਾਦ ਮੀਡੀਆ ਨੂੰ ਕੰਟਰੋਲ ਕਰਨ ਅਤੇ ਦਬਾਉਣ ਲਈ ਉਠਾਇਆ ਗਿਆ ਬੇਸ਼ਰਮੀ ਭਰਿਆ ਕਦਮ ਹੈ।'' ਇੱਕ ਹੋਰ ਟਵੀਟ ਵਿੱਚ ਉਨ੍ਹਾਂ ਕਿਹਾ, ''ਕਿੰਨੀ ਰਹੱਸਮਈ ਗੱਲ ਹੈ ਕਿ 'ਹਮਾਰੇ ਦੋ' ਵਿੱਚੋਂ ਇੱਕ ਨੇ ਕਰਜ਼ਾ ਦਿੱਤਾ ਤੇ ਦੂਜੇ ਨੇ ਹਥਿਆਰ ਵਜੋਂ ਇਸ ਦੀ ਵਰਤੋਂ ਕੀਤੀ ਤਾਂ ਜੋ ਟੀ ਵੀ ਨੈਟਵਰਕ ਕਬਜ਼ੇ ਵਿੱਚ ਲਿਆ ਜਾ ਸਕੇ। ਹੈਰਾਨੀ ਦੀ ਗੱਲ ਹੈ ਕਿ ਜਿਸ ਨੂੰ ਵਿਸ਼ਵ ਪ੍ਰਧਾਨ ਕਿਹਾ ਜਾਂਦਾ ਹੈ, ਉਹ ਇਸ ਵਿੱਚ ਨੇੜਿਉਂ ਸ਼ਾਮਲ ਹੈ।''ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਵੀ ਟਵਿੱਟਰ ਉੱਤੇ ਕਿਹਾ ਕਿ ਆਜ਼ਾਦ ਪੱਤਰਕਾਰੀ ਦੇ ਇੱਕ ਆਖਰੀ ਥੰਮ੍ਹ ਉੱਤੇ ਵੀ ਸਨਅਤ ਦਾ ਕਬਜ਼ਾ ਹੋਣ ਲੱਗਾ ਹੈ। ਸਾਨੂੰ ਚਿੰਤਾ ਕਰਨੀ ਚਾਹੀਦੀ ਹੈ।''

ਵਰਨਣ ਯੋਗ ਹੈ ਕਿ ਅਡਾਨੀ ਗਰੁੱਪ ਦੀ ਕੰਪਨੀ ਨੇ ਸਭ ਤੋਂ ਪਹਿਲਾਂ ਆਪਣੇ ਵਿਰੋਧੀ ਅਰਬਪਤੀ ਮੁਕੇਸ਼ ਅੰਬਾਨੀ ਨਾਲ ਜੁੜੀ ਕੰਪਨੀ ਐਕੁਆਇਰ ਕੀਤੀ ਸੀ। ਇਸ ਕੰਪਨੀ ਨੇ 2008-09 ਵਿੱਚ ਐਨ ਡੀ ਟੀ ਵੀ ਨੂੰ 250 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ ਤੇ ਅਡਾਨੀ ਗਰੁੱਪ ਦੀ ਕੰਪਨੀ ਨੇ ਇਸ ਕਰਜ਼ੇ ਦੇ ਬਦਲੇ ਚੈਨਲ ਦੀ ਕੰਪਨੀ ਵਿੱਚੋਂ 29.18 ਫੀਸਦੀ ਹਿੱਸੇਦਾਰੀ ਲੈਣ ਦਾ ਫੈਸਲਾ ਲਿਆ ਹੈ। ਗਰੁੱਪ ਨੇ ਬਿਆਨ ਵਿੱਚ ਕਿਹਾ ਹੈ ਕਿ ਕੰਪਨੀ ਨੇ 26 ਫੀਸਦੀ ਹੋਰ ਹਿੱਸੇਦਾਰੀ ਦੀ ਖੁੱਲ੍ਹੀ ਪੇਸ਼ਕਸ਼ ਵੀ ਦਿੱਤੀ ਹੈ। ਇਸ ਦੌਰਾਨ ਚੰਡੀਗੜ੍ਹ ਤੋਂ ਉਘੇ ਐਂਕਰ ਰਵੀਸ਼ ਕੁਮਾਰ ਨੇ ਐਨ ਡੀ ਟੀ ਤੋਂ ਅਸਤੀਫਾ ਦੇਣ ਦੀਆਂ ਖਬਰਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਟਵੀਟ ਰਾਹੀਂ ਇਹ ਸਪੱਸ਼ਟੀਕਰਨ ਦਿੱਤਾ ਹੈ ਕਿ ''ਮੇਰੇ ਅਸਤੀਫੇ ਦੀ ਗੱਲ ਸਿਰਫ ਅਫਵਾਹ ਹੈ। ਇਹ ਅਫਵਾਹ ਉਸੇ ਤਰ੍ਹਾਂ ਦੀ ਹੈ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੈਨੂੰ ਇੰਟਰਵਿਊ ਦੇਣ ਦੀ ਸਹਿਮਤੀ ਦੇਣਾ ਅਤੇ ਅਕਸ਼ੈ ਕੁਮਾਰ ਵੱਲੋਂ ਬੰਬਈ ਦੇ ਅੰਬਾਂ ਨਾਲ ਗੇਟ ਉੱਤੇ ਮੇਰੀ ਉਡੀਕ ਕਰਨਾ। ਤੁਹ-ਾਡਾ ਰਵੀਸ਼ ਕੁਮਾਰ ਦੁਨੀਆ ਦਾ ਪਹਿਲਾ ਅਤੇ ਸਭ ਤੋਂ ਮਹਿੰਗਾ ਜ਼ੀਰੋ ਟੀ ਆਰ ਪੀ ਐਂਕਰ।''

## ਭਾਜਪਾ ਨੇ ਮੈਨੂੰ ਆਪ ਤੋਂ ਤੋੜਨ ਲਈ ਮੁੱਖ ਮੰਤਰੀ ਅਹੁਦਾ ਪੇਸ਼ ਕੀਤੈ: ਸਿਸੋਦੀਆ

ਅਹਿਮਦਾਬਾਦ, 25 ਅਗਸਤ (ਪੋਸਟ ਬਿਊਰੋ)- ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਨੇ ਉਨ੍ਹਾਂ ਨੂੰ ਤੋੜਨ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਉੱਤੇ ਮੁੱਖ ਮੰਤਰੀ ਦਾ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਓਦੋਂ ਉਹ ਹੈਰਾਨ ਰਹਿ ਗਏ ਜਦੋਂ ਇੱਕ ਵਿਅਕਤੀ ਉਨ੍ਹਾਂ ਕੋਲ ਇਹ ਸੰਦੇਸ਼ ਲਿਆਇਆ ਕਿ ਉਨ੍ਹਾਂ ਲਈ ਭਾਜਪਾ ਵੱਲੋਂ ਦੋ ਪ੍ਰਸਤਾਵ ਹਨ, ਇੱਕ ਇਹ ਕਿ ਸੀ ਬੀ ਆਈ-ਈ ਡੀ ਵੱਲੋਂ ਤੁਹਾਡੇ ਖਿਲਾਫ ਦਰਜ ਸਾਰੇ ਵੱਡੇ ਕੇਸ ਵਾਪਸ ਲੈ ਲਏ ਜਾਣਗੇ। ਦੂਸਰੀ ਪੇਸ਼ਕਸ਼ ਇਹ ਸੀ ਕਿ ਮੈਂ ਆਮ ਆਦਮੀ ਪਾਰਟੀ ਨੂੰ ਤੋੜ ਦੇਵਾਂ ਅਤੇ ਉਹ ਮੈਨੂੰ ਮੁੱਖ ਮੰਤਰੀ ਬਣਾਉਣਗੇ।



ਮਨੀਸ਼ ਸਿਸੋਦੀਆ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਸਾਫਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਮੇਰੇ ਸਿਆਸੀ ਗੁਰੂ ਹਨ ਅਤੇ ਮੈਂ ਉਨ੍ਹਾਂ ਤੋਂ ਰਾਜਨੀਤੀ ਸਿੱਖੀ ਹੈ। ਮੈਂ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਬਣਨ ਲਈ ਸਿਆਸਤ ਵਿੱਚ ਨਹੀਂ ਆਇਆ। ਇਸ ਮੌਕੇ ਸਿਸੋਦੀਆ ਨੇ ਹਿੰਦੀ ਵਿੱਚ ਟਵੀਟ ਕਰ ਕੇ ਕਿਹਾ ਕਿ ਮੈਂ ਮਹਾਰ-ਾਣਾ ਪ੍ਰਤਾਪ ਦਾ ਵੰਸ਼ਜ਼ ਤੇ ਰਾਜਪੂਤ ਹਾਂ। ਮੈਂ ਸਿਰ ਕਟਾਉਣ ਲਈ ਤਿਆਰ ਹਾਂ, ਪਰ ਸਾਜ਼ਿਸ਼ਕਾਰਾਂ ਅਤੇ ਭ੍ਰਿਸ਼ਟ ਲੋਕਾਂ ਅੱਗੇ ਨਹੀਂ ਝੁਕਾਂਗਾ। ਮੇਰੇ ਖਿਲਾਫ ਦਰਜ ਕੇਸ ਝੂਠੇ ਹਨ, ਤੁਸੀਂ ਜੋ ਕਰਨਾ ਹੈ, ਕਰ ਲਵੋ।

ਆਮ ਆਦਮੀ ਪਾਰਟੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਭਾਜਪਾ ਵੱਲੋਂ ਸਿਸੋਦੀਆ ਨੂੰ ਦਿੱਤੀ ਮੁੱਖ ਮੰਤਰੀ ਦੀ ਪੇਸ਼ਕਸ਼ ਦੀ ਆਡੀਓ ਰਿਕਾਰਡਿੰਗ ਹੈ ਅਤੇ ਜਦੋਂ ਸਮਾਂ ਆਵੇਗਾ ਤਾਂ ਇਸ ਆਡੀਓ ਰਿਕ-ਾਰਡਿੰਗ ਨੂੰ ਜਨਤਕ ਕਰ ਦੇਣਗੇ। ਸੂਤਰਾਂ ਨੇ ਕਿਹਾ ਕਿ ਸਮਾਂ ਆਉਣ ਉੱਤੇ ਭਾਜਪਾ ਦੀ ਪੋਲ ਖੋਲ੍ਹਣ ਲਈ ਇਹ ਰਿਕਾਰਡਿੰਗ ਜਨਤਕ ਕਰ ਦਿੱਤੀ ਜਾਵੇਗੀ। ਦੂਜੇ ਪਾਸੇ ਭਾਜਪਾ ਦੇ ਕੌਮੀ ਬੁਲਾਰੇ ਗੌਰਵ ਭਾਟੀਆ ਨੇ ਜਵਾਬੀ ਹਮਲਾ ਕਰਦਿਆਂ ਪਾਰਟੀ ਹੈਡਕੁਆਰਟਰ ਵਿੱਚ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਕੇਜਰੀਵਾਲ ਨਿਰਾਸ਼ ਹੈ ਤੇ ਦੋਸ਼ੀ ਨੰਬਰ 1 ਮਨੀਸ਼ ਸਿਸੋਦੀਆ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਉਨ੍ਹਾਂ ਨੂੰ ਸੰਦੇਸ਼ ਮਿਲਿਆ ਹੈ। ਭਾਟੀਆ ਨੇ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਕਿ ਜਿਨ੍ਹਾਂ ਦੇ ਇਰਾਦੇ ਖੋਟੇ ਤੇ ਸੋਚ ਛੋਟੀ ਹੈ, ਉਨ੍ਹਾਂ ਨੂੰ ਕੌਣ ਤੋੜ ਸਕਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਨੇਤਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਧਿਆਨ ਹਟਾਉਣ ਲਈ ਅਜਿਹੇ ਬਿਆਨ ਦੇ ਰਹੇ ਹਨ।

# ਕੇਂਦਰੀ ਮੰਤਰੀ ਮਿਸ਼ਰਾ ਨੇ ਟਿਕੈਤ ਨੂੰ 'ਦੋ ਕੌਡੀ ਦਾ ਆਦਮੀ' ਕਿਹਾ

* ਮੰਤਰੀ ਨੇ ਪੱਤਰਕਾਰਾਂ ਨੂੰ ਵੀ ਬੇਵਕੂਫ ਆਖਿਆ

ਲਖੀਮਪੁਰ, 25 ਅਗਸਤ (ਪੋਸਟ ਬਿਊਰੋ)- ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ, ਜਿਨ੍ਹਾਂ ਨੂੰ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਆਪਣੇ ਪੁੱਤਰ ਦੀ ਭੂਮਿਕਾ ਕਰ ਕੇ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ, ਨੇ ਕੱਲ੍ਹ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ 'ਦੋ ਕੌਡੀ ਦਾ ਆਦਮੀ' ਕਹਿ ਕੇ ਸੰਬੋਧਨ ਕੀਤਾ। ਉਸ ਦੀ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਦੀ ਇੱਕ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਉਹ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਨਕਾਰ ਰਿਹਾ ਹੈ।

ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਕਿਹਾ, ''ਮੰਨ ਲਓ ਮੈਂ ਚੰਗੀ ਰਫਤਾਰ ਉਤੇ ਕਾਰ ਵਿੱਚ ਲਖਨਊ ਜਾ ਰਿਹਾ ਹਾਂ, ਰਾਹ ਵਿੱਚ ਕੁੱਤੇ ਭੌਂਕਦੇ ਹਨ ਤੇ ਗੱਡੀ ਦਾ ਪਿੱਛਾ ਕਰਦੇ ਹਨ, ਇਹ ਉਨ੍ਹਾਂ ਦਾ ਸੁਭਾਅ ਹੈ, ਮੈਂ ਉਸ ਬਾਰੇ ਕੁਝ ਨਹੀਂ ਕਹਾਂਗਾ, ਕਿਉਂਕਿ ਸਾਡਾ ਸੁਭਾਅ ਅਜਿਹਾ ਨਹੀਂ ਹੈ। ਜਦ ਚੀਜ਼ਾਂ ਸਾਹਮਣੇ ਆਉਣਗੀਆਂ, ਮੈਂ ਸਾਰਿਆਂ ਨੂੰ ਜਵਾਬ ਦੇਵਾਂਗੇ। ਮੈਨੂੰ ਤੁਹਾਡੇ ਤੋਂ ਸਮਰਥਨ ਮਿਲਦੇ ਰਹਿਣ ਦਾ ਪੂਰਾ ਭਰੋਸਾ ਹੈ।''

ਵਰਨਣ ਯੋਗ ਹੈ ਕਿ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਇੱਥੋਂ



ਨੇੜਲੇ ਤਿਕੁਨੀਆ ਪਿੰਡ ਵਿੱਚ ਹਿੰਸਾ ਦੌਰਾਨ ਚਾਰ ਕਿਸਾਨਾਂ ਸਣੇ ਅੱਠ ਜਣੇ ਮਾਰੇ ਗਏ ਸਨ। ਉਥੇ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ ਤੇ ਕਿਸਾਨਾਂ ਤੇ ਹੋਰਾਂ ਉਤੇ ਕਾਰ ਚੜ੍ਹਾ ਦਿੱਤੀ ਗਈ ਸੀ। ਇਸ ਕੇਸ ਵਿੱਚ ਮੰਤਰੀ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੁੱਖ ਦੋਸ਼ੀ ਹੈ। ਮੰਤਰੀ ਨੇ ਕਿਹਾ, ''ਲੋਕ ਸਵਾਲ ਉਠਾਉਂਦੇ ਰਹਿਣਗੇ। ਕੁਝ ਬੇਵਕੂਫ ਪੱਤਰਕਾਰ ਵੀ ਹਨ, ਜਿਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਤੇ ਪੁੱਠੀਆਂ ਸਿੱਧੀਆਂ ਗੱਲਾਂ ਕਰ ਕੇ ਸਿਰਫ ਭੰਬਲਭੂਸਾ ਪੈਦਾ ਕਰਨਾ ਚਾਹੁੰਦੇ ਹਨ।'' ਮਿਸ਼ਰਾ ਨੇ ਕਿਹਾ, ''ਮੈਂ ਰਾਕੇਸ਼ ਟਿਕੈਤ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਹ ਦੋ ਕੌਡੀ ਦਾ ਆਦਮੀ ਹੈ। ਉਸ ਨੇ ਦੋ ਵਾਰ ਚੋਣ ਲੜੀ ਤੇ ਜ਼ਮਾਨਤ ਤਕ ਜ਼ਬਤ ਹੋ ਗਈ। ਜੇ ਅਜਿਹਾ ਵਿਅਕਤੀ ਕਿਸੇ ਦਾ ਵਿਰੋਧ ਕਰਦਾ ਹੈ ਤਾਂ ਉਸ ਦਾ ਕੋਈ ਮੁੱਲ ਨਹੀਂ, ਤੇ ਇਸੇ ਲਈ ਮੈਂ ਅਜਿਹੇ ਲੋਕਾਂ ਨੂੰ ਜਵਾਬ ਨਹੀਂ ਦਿੰਦਾ, ਕਿਉਂਕਿ ਇਸ ਦੀ ਕੋਈ ਤੁਕ ਨਹੀਂ। ਉਹ (ਟਿਕੈਤ) ਇਸੇ ਢੰਗ ਨਾਲ ਆਪਣੀ ਸਿਆਸਤ ਕਰਦਾ ਹੈ ਤੇ ਆਪਣਾ ਗੁਜ਼ਾਰਾ ਕਰਦਾ ਹੈ। ਉਸ ਨੂੰ ਸਮਾਂ ਆਉਣ ਉੱਤੇ ਜਵਾਬ ਦਿੱਤਾ ਜਾਵੇਗਾ।ਦੂਜੇ ਪਾਸੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੀਆਂ ਟਿੱਪਣੀਆਂਬਾਰੇ ਕਿਹਾ ਕਿ 'ਉਸ ਦਾ ਗੁੱਸੇ ਹੋਣਾ ਸੁਭਾਵਿਕ ਹੈ, ਉਸ ਦਾ ਪੁੱਤਰ ਪਿਛਲੇ ਇੱਕ ਸਾਲ ਤੋਂ ਜੇਲ੍ਹ ਵਿੱਚ ਹੈ।'

ਵਰਨਣ ਯੋਗ ਹੈ ਕਿ ਮਿਸ਼ਰਾ ਵਿਵਾਦਤ ਬਿਆਨਬਾਜ਼ੀ ਲਈ ਜਾਣਿ-ਆ ਜਾਂਦਾ ਹੈ। ਵੀਡੀਓ ਭਾਸ਼ਣ ਵਿੱਚ ਮਿਸ਼ਰਾ ਸਫਾਈ ਦਿੰਦਾ ਨਜ਼ਰ ਆਇਆ ਤੇ ਕਿਹਾ, ''ਮੈਂ ਕਦੇ ਜ਼ਿੰਦਗੀ ਵਿੱਚ ਕੁਝ ਗਲਤ ਨਹੀਂ ਕੀਤਾ। ਮੈਂ ਸਹੀ ਚੀਜ਼ ਲਈ ਲੜ ਰਿਹਾ ਹਾਂ। ਜੇ ਮੈਂ ਕੁਝ ਗਲਤ ਕੀਤਾ ਹੈ ਤਾਂ ਕੋਈ ਵੀ ਆ ਕੇ ਕਹਿ ਸਕਦਾ ਹੈ।'' ਮਿਸ਼ਰਾ ਭਾਜਪਾ ਦੀ ਟਿਕਟ ਉੱਤੇ ਖੀਰੀ ਤੋਂ ਲਗਾਤਾਰ ਦੂਜੀ ਵਾਰ ਲੋਕ ਸਭਾ ਮੈਂਬਰ ਚੁਣਿਆ ਗਿਆ। ਉਸ ਨੇ ਕਿਹਾ ਉਸ ਦੇ ਸਮਰਥਕਾਂ ਨੂੰ ਕੋਈ ਪ੍ਰੇਸ਼ਾਨ ਨਹੀਂ ਕਰ ਸਕਦਾ, ਚਾਹੇ ਜਿੰਨੇ ਮਰਜ਼ੀ ਰਾਕੇਸ਼ ਟਿਕੈਤ ਆਈ ਜਾਣ।' ਟਿਕੈਤ ਨੇ ਦੋਸ਼ ਲਾਇਆ ਕਿ ਮਿਸ਼ਰਾ ਨੇ ਲਖੀਮਪੁਰ ਵਿੱਚ ਗੁੰਡਾ ਰਾਜ ਲਾਗੂ ਕੀਤਾ ਹੋਇਆ ਹੈ ਤੇ ਉਹ ਜਲਦੀ ਹੀ ਇਸ ਵਿਰੁੱਧ ਮੁਕਤੀ ਅਭਿਆਨ ਸ਼ੁਰੂ ਕਰਨਗੇ। ਉਨ੍ਹਾ ਨੇ ਕਿਹਾ ਕਿ ਕੇਂਦਰੀ ਮੰਤਰੀ ਦੀਆਂ ਇਨ੍ਹਾਂ ਧਮਕੀਆਂ ਨਾਲ ਲਖੀਮਪੁਰ ਕੇਸ ਦੀ ਜਾਂਚ ਪ੍ਰਭਾਵਤ ਹੋ ਸਕਦੀ ਹੈ। ਅਦਾਲਤ ਤੇ ਪੁਲਸ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ ਤੇ ਮਿਸ਼ਰਾ ਨੂੰ ਜ਼ਿਲ੍ਹੇ ਜਾਂ ਰਾਜ ਵਿੱਚੋਂ ਬਾਹਰ ਕਰ ਦੇਣਾ ਚਾਹੀਦਾ ਹੈ।

## ਪੈਗ਼ੰਬਰ ਮੁਹੰਮਦ ਵਿਰੁੱਧ ਟਿੱਪਣੀ: ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਗ੍ਰਿਫ਼ਤਾਰੀ ਦੇ ਕੁਝ ਘੰਟਿਆਂ ਬਾਅਦ ਜ਼ਮਾਨਤ

ਹੈਦਰਾਬਾਦ, 25 ਅਗਸਤ (ਪੋਸਟ ਬਿਊਰੋ)- ਪੈਗ਼ੰਬਰ ਮੁਹੰਮਦ ਖ਼ਿਲਾਫ਼ ਅਪਮਾਨਜਨਕ ਟਿੱਪਣੀ ਲਈ ਪੁਲਸ ਵੱਲੋਂ ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਹੈਦਰਾਬਾਦ ਵਿੱਚ ਗ੍ਰਿਫ਼ਤਾਰ ਕਰਨਪਿੱਛੋਂ ਉਸ ਨੂੰ ਹੈਦਰਾਬਾਦ ਦੀ ਨਾਮਪੱਲੀ ਕੋਰਟਨੇ ਚੇਤਾਵਨੀ ਦਿੰਦੇ ਹੋਏ ਗ੍ਰਿਫ਼ਤਾਰੀ ਦੇ ਕੁਝ ਘੰਟਿਆਂ ਬਾਅਦ ਹੀ ਜਮਾਨਤ ਦੇ ਦਿੱਤੀ। ਅਦਾਲਤ ਨੇ ਪਹਿਲਾਂ ਭਾਜਪਾ ਆਗੂ ਨੂੰ 14 ਦਿਨਾਂ ਲਈ ਜੇਲ੍ਹ ਵਿੱਚ ਭੇਜਣ ਦਾ ਹੁਕਮ ਦਿੱਤਾ, ਪਰ ਬਾਅਦ ਵਿੱਚ ਰਿਮਾਂਡ ਦਾ ਹੁਕਮ ਵਾਪਸ ਲੈ ਕੇ ਉਸ ਨੂੰ ਜਮਾਨਤ ਦੇ ਦਿੱਤੀ। ਇਸ ਤੋਂ ਪਹਿਲਾਂ ਪੈਗ਼ੰਬਰ ਮੁਹੰਮਦ ਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਭਾਜਪਾ ਵਿਧਾਇਕ ਰਾਜਾ ਸਿੰਘ ਨੂੰ ਕੱਲ੍ਹ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਗਿਆ ਸੀ।



ਹੈਦਰਾਬਾਦ ਦੱਖਣੀ ਜੋਨ ਦੇ ਪੁਲਸ ਡਿਪਟੀ ਕਮਿਸ਼ਨਰ ਪੀ ਸਾਈ ਚੈਤੰਨਿਆ ਨੇ ਕਿਹਾ ਕਿ ਧਾਰਮਿਕ ਆਸਥਾ ਦੇ ਅਪਮਾਨ ਨਾਲ ਸਬੰਧਤ ਕਾਨੂੰਨ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।ਭਾਜਪਾ ਵਿਧਾਇਕ ਨੇ ਸਟੈਂਡ-ਅੱਪ ਕਾਮੇਡੀਅਨ ਮੁਨੱਵਰ ਫਾਰੂਕੀ ਦੀ ਆਲੋਚਨਾ ਕਰਦੇ ਹੋਏ ਕੱਲ੍ਹ ਇੱਕ ਵੀਡੀਓ ਜਾਰੀ ਕੀਤਾ ਸੀ। ਇਸ ਵੀਡੀਓ ਵਿੱਚ ਉਹ ਇੱਕ ਧਰਮ ਵਿਸ਼ੇਸ਼ ਦੇ ਖ਼ਿਲਾਫ਼ ਵਿਵਾਦਤ ਟਿੱਪਣੀ ਕਰਦੇ ਨਜ਼ਰ ਆ ਰਹੇ ਹਨ। ਫਾਰੂਕੀ ਨੇ ਪਿੱਛੇ ਜਿਹੇ ਸ਼ਹਿਰ ਵਿੱਚ ਇੱਕ ਪ੍ਰੋਗਰਾਮ ਕੀਤਾ ਸੀ। ਭਾਜਪਾ ਨੇਤਾ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ ਭਾਈਚਾਰੇ ਦੇ ਕਈ ਲੋਕਾਂ ਨੇ ਕੱਲ੍ਹ ਰਾਤ ਹੈਦਰਾਬਾਦ ਦੇ ਕਈ ਹਿੱਸਿਆਂ ਵਿੱਚ ਪ੍ਰਦਰਸ਼ਨ ਕੀਤਾ। ਸ਼ਹਿਰ ਦੇ ਪੁਲਸ ਕਮਿਸ਼ਨਰ ਸੀਵੀ ਆਨੰਦ ਦੇ ਦਫ਼ਤਰ ਅਤੇ ਹੈਦਰਾਬਾਦ ਦੇ ਹੋਰ ਥਾਂਈਂ ਵੀ ਵਿਰੋਧ ਪ੍ਰਦਰਸ਼ਨ ਹੋਏ, ਜਿਸ ਪਿੱਛੋਂ ਕੇਸ ਦਰਜ ਕਰ ਕੇ ਇਹ ਕਾਰਵਾਈ ਹੋਈ ਹੈ। ਲੋਕਾਂ ਨੇ ਕਿਹਾ ਕਿ ਰਾਜਾ ਸਿੰਘ ਨੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਹੈ ਅਤੇ ਉਸ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ। ਇਸ ਮਗਰੋਂ ਭਾਜਪਾ ਵਿਧਾਇਕ ਨੂੰ ਗ੍ਰਿਫ਼ਤਾਰ ਕੀਤਾ ਗਿਆ।ਗੋਸ਼ਮਹਿਲ ਤੋਂ ਵਿਧਾਇਕ ਸਿੰਘ ਨੇ ਗ੍ਰਿਫ਼ਤਾਰੀ ਦੇ ਵਕਤ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੇ ਜਿਸ ਸੋਸ਼ਲ ਮੀਡੀਆ ਸਾਈਟ ਉੱਤੇ ਆਪਣਾ ਵੀਡੀਓ ਸਾਂਝਾ ਕੀਤਾ ਸੀ, ਉਸ ਨੇ ਉਸ ਨੂੰ ਹਟਾ ਦਿੱਤਾ ਹੈ ਤੇ ਉਹ ਰਿਹਾਅ ਹੋਣ ਦੇ ਬਾਅਦ ਇਸ ਵੀਡੀਓ ਕਲਿੱਪ ਦਾ 'ਦੂਜਾ ਹਿੱਸਾ' ਅਪਲੋਡ ਕਰਨਗੇ। ਸਿੰਘ ਨੇ ਕਿਹਾ,''ਮੈਂ ਇਹ ਧਰਮ ਦੇ ਲਈ ਕਰ ਰਿਹਾ ਹਾਂ। ਮੈਂ ਧਰਮ ਦੇ ਲਈ ਮਰਨ ਨੂੰ ਵੀ ਤਿਆਰ ਹਾਂ।''

# ਹਰਿਆਣਾ ਵਿੱਚ ਅਕਾਲੀ ਦਲ ਦੋਫਾੜ, ਆਗੂਆਂ ਤੇ ਅਹੁਦੇਦਾਰਾਂ ਵੱਲੋਂ ਅਸਤੀਫੇ

* ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਬਣਾਉਣ ਦਾ ਐਲਾਨ * ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਤੋਂ ਅਸਤੀਫਾ ਮੰਗਿਆ

ਕਰਨਾਲ, 25 ਅਗਸਤ (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਦੀ ਕੌਮੀ ਕਾਰਜਕਾਰਨੀ ਦੇਹਰਿਆਣਾ ਸੂਬੇ ਨਾਲ ਸਬੰਧ ਰੱਖਦੇ ਸੂਬਾਈ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਸਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਇਸ ਦੇ ਨਾਲ ਇਨ੍ਹਾਂ ਆਗੂਆਂ ਨੇ ਨਵੇਂ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਦੇ ਗਠਨ ਦਾ ਐਲਾਨ ਵੀ ਕੀਤਾ ਅਤੇ ਬਾਦਲ ਪਰਵਾਰ ਨਾਲ ਤਿੱਖਾ ਵਿਰੋਧ ਜਤਾਇਆ ਹੈ।

ਡੇਰਾ ਕਾਰ ਸੇਵਾ ਕਲੰਦਰੀ ਗੇਟ ਵਿੱਚ ਕੱਲ੍ਹ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚਲੋਕਲ ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਅਸੰਧ, ਸਿਰਸਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਤਿਲੋਕੇਵਾਲਾ, ਪਾਰਟੀ ਮਹਿਲਾ ਵਿੰਗ ਦੀ ਹਰਿਆਣਾ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਤੋਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਕੌਰ, ਪਾਰਟੀ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਅੰਬਾਲੇ ਤੋਂ ਸਾਬਕਾ ਸ਼੍ਰੋਮਣੀ ਕਮੇਟੀ



ਮੈਂਬਰ ਸੁਖਦੇਵ ਸਿੰਘ ਗੋਬਿੰਦਗੜ੍ਹ ਅਤੇ ਪਾਰਟੀ ਦੇ ਪੀ ਏ ਸੀ ਮੈਂਬਰ ਅਤੇ ਹਰਿਆਣਾ ਦੇ ਸੂਬਾਈ ਬੁਲਾਰੇ ਕੰਵਲਜੀਤ ਸਿੰਘ ਅਜਰਾਣ ਸਣੇ ਹਰਿਆਣਾ ਦੇ ਕਰੀਬ 10 ਜ਼ਿਲ੍ਹਿਆਂ ਦੇ ਪ੍ਰਧਾਨ, ਮੀਤ ਪ੍ਰਧਾਨ, ਹਲਕਾ ਪ੍ਰਧਾਨ ਤੇ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਵਿੱਚ ਸ਼ਾਮਲ ਹੋ ਗਏਹਨ। ਨਵੀਂ ਪਾਰਟੀ ਦੇ ਸੂਬਾਈ ਬੁਲਾਰੇ ਕੰਵਲਜੀਤ ਸਿੰਘ ਅਜਰਾਣ ਨੇ ਹਰਿਆਣੇ ਦੇ ਸਾਰੇ ਸਿੱਖਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਤੇ ਕਿਹਾ ਕਿ ਅਗਲੇ ਦੋ ਮਹੀਨਿਆਂ ਵਿੱਚ ਉਹ ਸੂਬੇ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕਰ ਕੇ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਨਾਲ ਜੋੜਨਗੇ। ਉਸ ਮਗਰੋਂ ਕਰਨਾਲ ਵਿੱਚ ਵੱਡੀ ਰੈਲੀ ਕਰ ਕੇ ਸੂਬਾ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਐਲਾਨੇ ਜਾਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਦੇ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਭੁਪਿੰਦਰ ਸਿੰਘ ਅਸੰਧ, ਸੁਖਦੇਵ ਸਿੰਘ ਗੋਬਿੰਦਗੜ੍ਹ, ਇੰਦਰਪਾਲ ਸਿੰਘ ਕਰਨਾਲ ਤੇ ਉਹ ਖੁਦ ਸ਼ਾਮਲ ਹਨ।

ਇਸ ਦੌਰਾਨ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭੁਪਿੰਦਰ ਸਿੰਘ ਅਸੰਧ ਨੇ ਬਾਦਲ ਪਰਵਾਰ ਉੱਤੇ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ ਨੇ ਪਰਵਾਰ ਨੂੰ ਵੱਧ ਅਹਿਮੀਅਤ ਦੇ ਕੇ ਪਾਰਟੀ ਨੂੰ ਜ਼ਮੀਨ ਉੱਤੇ ਲਿਆਂਦਾ ਹੈ।

## ਮੰਦਰ ਵਿੱਚ ਮੁਸਲਿਮ ਮੰਤਰੀ ਦੇ ਜਾਣ ਤੋਂ ਭਾਜਪਾ ਨਾਰਾਜ਼

ਪਟਨਾ, 25 ਅਗਸਤ (ਪੋਸਟ ਬਿਊਰੋ)- ਭਾਜਪਾ ਨੇ ਕੱਲ੍ਹ ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੇ ਖ਼ਿਲਾਫ਼ ਕਿਸੇ ਹੋਰ ਧਰਮ ਦੇ ਮੰਤਰੀ ਨੂੰ ਇੱਕ ਪ੍ਰਾਚੀਨ ਮੰਦਰ ਵਿੱਚ ਲਿਜਾ ਕੇ ਹਿੰਦੂ ਸੰਵੇਦਨਾਵਾਂ ਦਾ ਅਪਮਾਨ ਕਰਨ ਦਾ ਦੋਸ਼ ਲਾਇਆ। ਇਸ ਮੰਦਰ ਵਿੱਚ ਹੋਰ ਧਰਮਾਂ ਦੇ ਲੋਕਾਂ ਦਾ ਪ੍ਰਵੇਸ਼ ਵਰਜਿਤ ਹੈ। ਵਰਨਣ ਯੋਗ ਹੈ ਕਿ ਨਿਤੀਸ਼ ਕੁਮਾਰ ਨੇ ਕੱਲ੍ਹ ਗਯਾ ਦੇ ਵਿਸ਼ਣੂਪਦ ਮੰਦਰ ਵਿੱਚ ਪੂਜਾ ਕੀਤੀ ਸੀ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਨਵੇਂ ਸਹਿਯੋਗੀ ਰਾਸ਼ਟਰੀ ਜਨਤਾ ਦਲ ਦੇ ਮੰਤਰੀ ਮੁਹੰਮਦ ਇਸਰਾਈਲ ਮੰਸੂਰੀ ਵੀ ਸਨ। ਬਿਹਾਰ ਭਾਜਪਾ ਦੇ ਆਗੂ ਸੰਜੈ ਜੈਸਵਾਲ ਨੇ ਕਿਹਾ,''ਅਸੀਂ ਮੁੱਖ ਮੰਤਰੀ ਤੋਂ ਸਰਵਜਨਕ ਮਾਫ਼ੀ ਦੀ ਮੰਗ ਕਰਦੇ ਹਾਂ। ਕੀ ਉਹ ਮੱਕੇ ਅੰਦਰ ਪ੍ਰਵੇਸ਼ ਬਾਰੇ ਸੋਚ ਸਕਦੇ ਹਨ।'' ਮੰਦਰ ਦੇ ਪ੍ਰਬੰਧਕੀ ਟ੍ਰਸਟ ਦੇ ਕਾਰਜਕਾਰੀ ਮੁਖੀ ਅਤੇ ਸੈਕਟਰੀ ਸ਼ੰਭੂ ਵਿਟਲ ਅਤੇ ਗਜਧਰ ਲਾਲ ਪਾਠਕ ਨੇ ਕਿਹਾ ਕਿ ਉਨ੍ਹਾਂ ਨੂੰ ਮੰਸੂਰੀ ਦੇ ਪ੍ਰਵੇਸ਼ ਦੀ ਜਾਣਕਾਰੀ ਨਹੀਂ ਸੀ, ਪਰ ਉਨ੍ਹਾਂ ਨੂੰ ਇਸ ਤੋਂ ਬਚਣਾ ਚਾਹੀਦਾ ਸੀ। ਉਪਮੁੱਖ ਮੰਤਰੀ ਤੇਜੱਸਵੀ ਯਾਦਵ ਨੇ ਕਿਹਾ,''ਕੋਈ ਵੀ ਭਾਜਪਾ ਦੀ ਗੱਲ ਉੱਤੇ ਧਿਆਨ ਨਹੀਂ ਦਿੰਦਾ ਜੋ ਕਿ ''ਬੜਕਾ ਝੂਠਾ ਪਾਰਟੀ' ਹੈ।''

# ਕੋਰਟ ਵਿੱਚ ਪੇਸ਼ ਨਾ ਹੋਣ ਉੱਤੇ ਰੂਬੀਆ ਦੇ ਜ਼ਮਾਨਤੀ ਵਾਰੰਟ ਜਾਰੀ



ਜੰਮੂ, 25 ਅਗਸਤ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਮੁਫਤੀ ਮੁਹੰਮਦ ਸਈਦ ਦੀ ਛੋਟੀ ਧੀ ਅਤੇ ਪੀ ਡੀ ਪੀ ਪਾਰਟੀ ਦੀ ਮੁਖੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਭੈਣ ਰੂਬੀਆ ਸਈਦ ਖਿਲਾਫ ਜੰਮੂ ਦੀ ਟਾਡਾ ਕੋਰਟ ਨੂੰ ਕੱਲ੍ਹ ਜ਼ਮਾਨਤੀ ਵਾਰੰਟ ਜਾਰੀ ਕੀਤਾ। ਅੱਠ ਦਸੰਬਰ 1989 ਨੂੰ ਹੋਏ ਆਪਣੇ ਅਗਵਾ ਦੇ ਕੇਸ ਵਿੱਚ ਕੱਲ੍ਹ ਰੂਬੀਆ ਨੇ ਕੋਰਟ ਵਿੱਚ ਪੇਸ਼ ਹੋਣ ਸੀ, ਪਰ ਉਹ ਨਹੀਂ ਆਈ। ਇਸ ਉੱਤੇ ਕੋਰਟ ਨੇ ਉਨ੍ਹਾਂ ਖਿਲਾਫ ਵਰੰਟ ਜਾਰੀ ਕੀਤਾ ਤੇ ਅਗਲੀ ਸੁਣਵਾਈ 21 ਸਤੰਬਰ ਨੂੰ ਤੈਅ ਕੀਤੀ ਹੈ।ਅਗਵਾ ਦੇ ਇਸ ਬਹੁਚਰਚਿਤ ਮਾਮਲੇ ਵਿੱਚ ਪਿਛਲੇ ਮਹੀਨੇ ਸੁਣਵਾਈ ਦੌਰਾਨ ਰੂਬੀਆ ਸਈਦ ਪਹਿਲੀ ਵਾਰ ਕੋਰਟ ਵਿੱਚਆਈ ਸੀ ਤੇ ਉਨ੍ਹਾਂ ਨੇ ਕਸ਼ਮੀਰੀ ਵੱਖਵਾਦੀ ਤੇ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐਲ ਐਫ) ਦੇ ਚੇਅਰਮੈਨ ਯਾਸੀਨ ਮਲਿਕ ਸਣੇ ਚਾਰ ਮੁਲਜ਼ਮਾਂ ਦੀ ਪਛਾਣਿਆ ਸੀ।

ਕੱਲ੍ਹ ਸੁਣਵਾਈ ਦੌਰਾਨ ਯਾਸੀਨ ਮਲਿਕ ਵੀਡੀਓ ਕਾਨਫਰੰਸਿੰਗ ਰਾਹੀਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੇਸ਼ ਹੋਇਆ। ਉਹ ਟੈਰਰ ਫੰਡਿੰਗ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਸੁਣਵਾਈ ਦੌਰਾਨ ਕੋਰਟ ਨੇ ਯਾਸੀਨ ਮਲਿਕ ਸਾਹਮਣੇ ਕਾਨੂੰਨੀ ਸਹਾਇਤਾ ਦੀ ਪੇਸ਼ਕਸ਼ ਰੱਖੀ, ਜਿਸ ਨੂੰ ਮਲਿਕ ਨੇ ਠੁਕਰਾ ਕੇ ਇਸ ਗੱਲਉੱਤੇ ਜ਼ੋਰ ਦਿੱਤਾ ਕਿ ਉਹ ਖੁਦ ਪੇਸ਼ ਹੋ ਕੇ ਆਪਣੀਆਂ ਦਲੀਲਾਂ ਦੇਣਾ ਚਾਹੁੰਦਾ ਹੈ। ਟਾਡਾ ਕੋਰਟ ਨੇ ਉਸ ਦੀ ਖੁਦ ਪੇਸ਼ ਹੋਣ ਦੀ ਮੰਗ ਠੁਕਰਾ ਕੇ ਕਿਹਾ ਕਿ ਹਾਈ ਕੋਰਟ ਦਾ ਸਪੱਸ਼ਟ ਨਿਰਦੇਸ਼ ਹੈ ਕਿ ਸਾਰੇ ਕੇਸਾਂ ਵਿੱਚ ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਜਾਵੇ। ਵਰਨਣ ਯੋਗ ਹੈ ਕਿ ਯਾਸੀਨ ਮਲਿਕ ਉੱਤੇ ਸਾਥੀਆਂ ਸਮੇਤ ਅੱਠ ਦਸੰਬਰ 1989 ਨੂੰ ਰੂਬੀਆ ਸਈਦ ਨੂੰ ਅਗਵਾ ਕਰਨ ਦਾ ਦੋਸ਼ ਹੈ। ਯਾਸੀਨ ਤੋਂ ਇਲਾਵਾ ਇਸ ਕੇਸ ਵਿੱਚ ਅਲੀ ਮੁਹੰਮਦ ਮੀਰ, ਮੁਹੰਮਦ ਜਮਾਂ ਮੀਰ, ਇਕਬਾਲ ਅਹਿਮਦ, ਜਾਵੇਦ ਅਹਿਮਦ ਮੀਰ, ਮੁਹੰਮਦ ਰਫੀਕ, ਮੰਜ਼ੂਰ ਅਹਿਮਦ ਸੋਫ਼ੀ, ਵਜ਼ਾਹਤ ਬਸ਼ੀਰ, ਮੇਹਰਾਜ-ਉਦ-ਦੀਨ ਸ਼ੇਖ਼ ਤੇ ਸ਼ੌਕਤ ਅਹਿਮਦ ਬਖਸ਼ੀ ਵੀ ਮੁਲਜ਼ਮ ਹਨ। ਜੰਮੂ ਦੀ ਟਾਡਾ ਕੋਰਟ ਨੇ 29 ਜਨਵਰੀ 2021 ਨੂੰ ਇਸ ਮਾਮਲੇ ਵਿੱਚ ਯਾਸੀਨ ਮਲਿਕ ਤੇ ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ।

## ਛੇੜਖਾਨੀ ਤੋਂ ਤੰਗ ਆਈਆਂ ਚਾਰ ਭੈਣਾਂ ਨੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ



ਫਿਰੋਜ਼ਾਬਾਦ, 25 ਅਗਸਤ (ਪੋਸਟ ਬਿਊਰੋ)- ਯੂ ਪੀ ਦੇ ਫਿਰੋਜ਼ਬਾਦ ਵਿੱਚ ਛੇੜਖਾਨੀ ਤੋਂ ਪ੍ਰੇਸ਼ਾਨ ਚਾਰ ਭੈਣਾਂ ਨੇ ਆਪਣੇ ਚਚੇਰੇ ਭਰਾਵਾਂ ਨਾਲ ਮਿਲ ਕੇ ਨੌਜਵਾਨ ਨੂੰ ਡਾਂਗਾਂ ਅਤੇ ਸਰੀਏ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਪੂਰੀ ਰਾਤ ਲਾਸ਼ ਗਲੀ ਵਿੱਚ ਪਈ ਰਹੀ। ਪੁਲਸ ਨੇ ਚਾਰਾਂ ਭੈਣਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਤਿੰਨੇ ਭਰਾ ਫਰਾਰ ਹਨ।

ਪਤਾ ਲੱਗਾ ਹੈ ਕਿ ਮ੍ਰਿਤਕ ਰਾਮ-ਗੋਪਾਲ ਬਘੇਲ (40) ਕੁਆਰਾ ਸੀ ਅਤੇ ਆਪਣੀ ਵਿਧਵਾ ਭਰਜਾਈ ਤੇ ਉਸ ਦੇ ਤਿੰਨ ਨਾਬਾਲਗ ਬੱਚਿਆਂ ਨਾਲ ਰਹਿੰਦਾ ਸੀ। ਦੋਸ਼ ਇਹ ਹੈ ਕਿ ਰਾਮ-ਗੋਪਾਲ ਪਿਛਲੇ ਕਈ ਸਾਲਾਂ ਤੋਂ ਮੁਹੱਲੇ ਵਿੱਚ ਇੱਕ ਪਰਵਾਰ ਦੀਆਂ ਧੀਆਂ ਨੂੰ ਛੇੜਦਾ ਸੀ। ਧੀਆਂ ਦੇ ਪਿਤਾ ਦੀ ਪਿਛਲੇ ਸਾਲ ਮੌਤ ਹੋ ਚੁੱਕੀ ਹੈ। ਉਸ ਦੀਆਂ ਸੱਤ ਧੀਆਂ ਵਿੱਚੋਂ ਤਿੰਨਾਂ ਦਾ ਵਿਆਹ ਹੋ ਚੁੱਕਾ ਹੈ ਅਤੇ4 ਧੀਆਂ ਤੇ ਛੋਟਾ ਭਰਾ ਮਾਂ ਨਾਲ ਰਹਿੰਦੇ ਸਨ। ਸੋਮਵਾਰ ਰਾਤ ਅੱਠ ਵਜੇ ਬੀ ਐਸ ਸੀ ਵਿੱਚ ਪੜ੍ਹਦੀ ਉਨ੍ਹਾਂ ਦੀ ਇੱਕ ਭੈਣ ਘਰ ਪਰਤ ਰਹੀ ਸੀ। ਘਰ ਦੇ ਬਾਹਰ ਮੰਜੀ ਉੱਤੇ ਬੈਠੇ ਰਾਮਗੋਪਾਲ ਨੇ ਉਸ ਨਾਲ ਛੇੜਛਾੜ ਕੀਤੀ। ਉਹ ਰੋਂਦੇ ਹੋਏ ਘਰ ਪੁੱਜੀ ਅਤੇ ਭੈਣਾਂ ਨੂੰ ਪੂਰੀ ਘਟਨਾ ਦੱਸੀ। ਫਿਰ ਚਾਰੇ ਭੈਣਾਂ ਚਚੇਰੇ ਭਰਾਵਾਂ ਨਾਲ ਰਾਮਗੋਪਾਲ ਦੇ ਘਰ ਪੁੱਜੀਆਂ, ਪਰ ਉਹ ਨਹੀਂ ਮਿਲਿਆ। ਉਨ੍ਹਾਂ ਨੇ ਘਰ ਦੇ ਬਾਹਰ ਪਈ ਰਾਮਗੋਪਾਲ ਦੀ ਮੰਜੀਨੂੰ ਅੱਗ ਲਾ ਦਿੱਤੀ। ਰਾਤ ਨੌਂ ਵਜੇ ਰਾਮਗੋਪਾਲ ਘਰ ਪਰਤਿਆ ਤਾਂ ਉਹ ਉਸ ਨੂੰ ਖਿੱਚ ਕੇ ਘਰ ਤੋਂ ਪੰਜਾਹ ਮੀਟਰ ਦੂਰ ਲੈ ਗਏ ਅਤੇ ਉਥੇ ਡਾਂਗਾਂ ਨਾਲ ਕੁੱਟ-ਕੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਚੀਕਾਂ ਸੁਣਨ ਤੋਂ ਬਾਅਦ ਵੀ ਕੋਈ ਮੁਹੱਲੇ ਵਾਲਾ ਉਸ ਨੂੰ ਬਚਾਉਣ ਨਹੀਂ ਆਇਆ ਅਤੇ ਪੂਰੀ ਰਾਤ ਲਾਸ਼ ਗਲੀ ਵਿੱਚ ਪਈ ਰਹੀ।




# ਭਾਰਤ ਵਿੱਚ ਜੱਗੀ ਜੌਹਲ ਦੀ ਗ੍ਰਿਫ਼ਤਾਰੀ ਕਰਨ ਲਈ ਸੂਚਨਾ ਬ੍ਰਿਟਿਸ਼ ਇੰਟੈਲੀਜੈਂਸ ਨੇ ਦਿੱਤੀ ਸੀ



ਲੰਡਨ, 25 ਅਗਸਤ (ਪੋਸਟ ਬਿਊਰੋ)- ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਬ੍ਰਿਟਿਸ਼ ਖੁਫੀਆ ਏਜੰਸੀਆਂ ਐਮ ਆਈ ਛੇ ਅਤੇ ਐਮ ਆਈ ਪੰਜ ਵੱਲੋਂ ਸੂਹਦੇਣ ਉੱਤੇਭਾਰਤੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਸੀ।

ਪੰਜਾਬ ਵਿੱਚ ਖਾੜਕੂਵਾਦ ਤੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਜਗਤਾਰ ਸਿੰਘ ਉਰਫ਼ ਜੱਗੀ ਜੌਹਲ, ਜੋ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹੈ, ਦੇ ਵਕੀਲਾਂ ਨੇ ਬ੍ਰਿਟਿਸ਼ ਮੀਡੀਆ ਨੂੰ ਦੱਸਿਆ ਕਿ ਜੱਗੀ ਜੌਹਲ ਨੂੰ ਖੁਫੀਆ ਏਜੰਸੀਆਂ ਦੀ ਆਪਸੀ ਜਾਣਕਾਰੀ ਦੇਣ-ਦੇਣ ਤੋਂ ਬਾਅਦ ਭਾਰਤ ਵਿੱਚ ਬੰਦੀ ਬਣਾਇਆ ਅਤੇ ਤਸੀਹੇ ਦਿੱਤੇ ਗਏ ਸਨ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਜੌਹਲ ਦੇ ਵਕੀਲਾਂ ਨੇ ਯੂ ਕੇ ਦੀਆਂ ਜਾਂਚ ਸ਼ਕਤੀਆਂ ਦੇ ਬਾਰੇ ਕਮਿਸ਼ਨਰ ਵੱਲੋਂ ਸਾਲਾਨਾ ਰਿਪੋਰਟ ਵਿੱਚ ਪ੍ਰਕਾਸ਼ਤ ਬੇਨਾਮ ਵੇਰਵਿਆਂ ਵਿੱਚ ਉਸ ਦੇ ਕੇਸ ਦੀ ਪਛਾਣ ਪਿੱਛੋਂ ਲੰਡਨ ਵਿੱਚ ਹਾਈ ਕੋਰਟ ਆਫ਼ ਜਸਟਿਸ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਕੇਸ ਦੇ ਵੇਰਵੇ ਜੌਹਲ ਦੇ ਵੇਰਵੇ ਨਾਲ ਬਿਲਕੁੱਲ ਮੇਲ ਖਾਂਦੇ ਹਨ। ਬ੍ਰਿਟਿਸ਼ ਸਰਕਾਰ ਦਾ ਦਾਅਵਾ ਹੈ ਕਿ ਜੌਹਲ ਨੂੰ ਪੰਜ ਸਾਲਾਂ ਤੋਂ ਭਾਰਤ ਵਿੱਚ 'ਮਨਮਰਜ਼ੀ ਨਾਲ ਨਜ਼ਰਬੰਦ' ਕੀਤਾ ਗਿਆ ਹੈ ਅਤੇ ਖਾਲਿਸਤਾਨੀ ਕੱਟੜਪੰਥੀ ਵਰਗ ਵਿੱਚ ਉਸ ਦੀ ਭੂਮਿਕਾ ਲਈ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਸ ਨੂੰ 2017 ਵਿੱਚ ਪੰਜਾਬ ਫੇਰੀ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ।

ਬੀਤੇ ਮਈ ਵਿੱਚ ਜੌਹਲ ਉੱਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਖਾੜਕੂ ਗਰੁੱਪ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਗਿਆ ਹੈ। ਵਕੀਲਾਂ ਮੁਤਾਬਕ ਜੌਹਲ ਕਹਿੰਦਾ ਹੈ ਕਿ ਉਸ ਦੀ ਗ੍ਰਿਫ਼ਤਾਰੀ ਪਿੱਛੋਂ ਉਸ ਨੂੰ ਬੇਰਹਿਮੀ ਨਾਲ ਰੱਖਿਆ ਗਿਆ ਸੀ ਤੇ ਘੰਟਿਆਂ ਤਕ ਪੁੱਛਗਿੱਛ ਕੀਤੀ ਗਈ ਸੀ ਅਤੇ ਉਸ ਨੂੰ ਖਾਲੀ ਕਾਗਜ਼ਾਂ ਉੱਤੇ ਦਸਖ਼ਤ ਕਰਨ ਨੂੰ ਕਿਹਾ ਗਿਆ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਜੁਲਾਈ ਵਿੱਚ ਲੇਬਰ ਪਾਰਟੀ ਦੇ ਇੱਕ ਨੇਤਾ ਤੇ ਪਾਰਲੀਮੈਂਟ ਮੈਂਬਰ ਕੀਰ ਸਟਾਰਮਰ ਨੂੰ ਲਿਖੇ ਪੱਤਰ ਵਿੱਚ ਖੁਲਾਸਾ ਕੀਤਾ ਸੀ ਕਿ ਉਹ ਮੰਨਦਾ ਹੈ ਕਿ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਨੂੰ ਭਾਰਤ ਵਿੱਚ 'ਮਨਮਾਨੇ ਢੰਗ ਨਾਲ' ਨਜ਼ਰਬੰਦ ਕੀਤਾ ਗਿਆ ਹੈ ਤੇ ਉਸ ਦਾ ਮੁੱਦਾ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾਇਆ ਗਿਆ ਹੈ। ਜੱਗੀ ਜੌਹਲ ਦੇ ਕੇਸਾਂ ਨੂੰ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ), ਜੋ ਕਿ ਅੱਤਵਾਦ ਨਾਲ ਸਬੰਧਤ ਮਾਮਲਿਆਂ ਨਾਲ ਨਜਿੱਠਦੀ ਹੈ, ਦੁਆਰਾ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪਾਕਿਸਤਾਨ ਵਿੱਚ ਅਹਿਮਦੀ ਫਿਰਕੇ ਦੀਆਂ 16 ਕਬਰਾਂ ਦੀ ਬੇਅਦਬੀ



ਲਾਹੌਰ, 25 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਵਿੱਚ ਕਬਰ ਉਤੇ ਲੱਗੇ ਪੱਥਰ ਉੱਤੇ ਇਸਲਾਮੀ ਪ੍ਰਤੀਕਾਂ ਦੀ ਵਰਤੋਂ ਕਰਨ ਬਾਰੇ ਕੱਟੜਪੰਥੀਆਂ ਨੇ ਅਹਿਮਦੀ ਭਾਈਚਾਰੇ ਦੀਆਂ 16 ਕਬਰਾਂ ਦੀ ਬੇਅਦਬੀ ਕੀਤੀ ਹੈ।

ਜਮਾਤ ਅਹਿਮਦੀਆ ਪੰਜਾਬ ਦੇ ਬੁਲਾਰੇ ਆਮਿਰ ਮਹਿਮੂਦ ਨੇ ਦੱਸਿਆ ਕਿ ਫੈਸਲਾਬਾਦ ਜ਼ਿਲ੍ਹੇ ਵਿੱਚ ਚੱਕ 203 ਆਰ ਬੀ ਮਾਨਾਵਾਲਾ ਵਿੱਚ ਇੱਕ ਕਬਰਸਤਾਨ ਵਿੱਚ ਅਣਪਛਾਤੇ ਲੋਕਾਂ ਨੇ ਅਹਿਮਦੀ ਭਾਈਚਾਰੇ ਦੀਆਂ 16 ਕਬਰਾਂ ਦੀ ਬੇਅਦਬੀ ਕੀਤੀ ਹੈ। ਇਹ ਘਟਨਾ ਸਥਾਨ ਸੂਬੇ ਦੀ ਰਾਜਧਾਨੀ ਲਾਹੌਰ ਤੋਂ ਲੱਗਭਗ 150 ਕਿਲੋਮੀਟਰ ਦੂਰ ਦੀ ਦੱਸੀ ਗਈ ਹੈ। ਅਹਿਮਦੀਆ ਭਾਈਚਾਰੇ ਦੇ ਕਬਰਸਤਾਨ ਦੀਆਂ ਕਈ ਕਬਰਾਂ ਉੱਤੇ ਲੱਗੇ ਪੱਥਰਾਂ ਉੱਤੇ ਆਇਤਾਂ ਲਿੱਖੀਆਂ ਸਨ। ਇਹ ਕਬਰਸਤਾਨ 75 ਸਾਲ ਪੁਰਾਣਾ ਹੈ ਤੇ ਇਸ ਤੋਂ ਪਹਿਲਾਂ ਅਜਿਹੀ ਘਟਨਾ ਨਹੀਂ ਵਾਪਰੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਖੇਤਰ ਦੇ ਮੁਸਲਿਮ ਮੌਲਵੀ ਅਹਿਮਦੀਆਂ ਭਾਈਚਾਰੇ ਖ਼ਿਲਾਫ਼ ਨਫ਼ਰਤ ਫੈਲਾਅ ਰਹੇ ਹਨ ਤੇ ਇਸੇ ਕਾਰਨ ਕੱਟੜਪੰਥੀਆਂ ਨੇ ਭਾਈਚਾਰੇ ਦੀਆਂ ਕਬਰਾਂ ਦੀ ਬੇਅਦਬੀ ਕੀਤੀ ਹੈ।ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹਿਲਾਂ ਵੀ ਅਹਿਮਦੀ ਭਾਈਚਾਰੇ ਦੇ ਮੈਂਬਰਾਂ ਦੀਆਂ ਕਬਰਾਂ ਨੂੰ ਕੱਟੜਪੰਥੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ। ਮਹਿਮੂਦ ਮੁਤਾ-ਬਕ ਸਿਰਫ਼ ਇਸ ਸਾਲ ਹੀ 185 ਕਬਰਾਂ ਦੀ ਬੇਅਦਬੀ ਕੀਤੀ ਜਾ ਚੁੱਕੀ ਹੈ। ਪਾਕਿਸਤਾਨ ਦੀ ਪਾਰਲੀਮੈਂਟ ਨੇ 1974 ਵਿੱਚ ਅਹਿਮਦੀ ਭਾਈਚਾਰੇ ਨੂੰ ਗ਼ੈਰ-ਮੁਸਲਿਮ ਐਲਾਨ ਕਰ ਦਿੱਤਾ ਸੀ। ਇੱਕ ਦਹਾਕੇ ਬਾਅਦ ਭਾਈਚਾਰੇ ਉੱਤੇ ਖੁਦ ਨੂੰ ਮੁਸਲਿਮ ਕਹਿਣ ਉੱਤੇ ਵੀ ਪਾਬੰਦੀ ਲਾ ਦਿੱਤੀ ਸੀ। ਉਨ੍ਹਾਂ ਉੱਤੇ ਉਪਦੇਸ਼ ਦੇਣ ਅਤੇ ਹੱਜ ਤੇ ਉਮਰਾ ਲਈ ਸਾਊਦੀ ਅਰਬ ਜਾਣ ਉੱਤੇ ਵੀ ਰੋਕ ਹੈ। ਪਾਕਿਸਤਾਨ ਦੀ 22 ਕਰੋੜ ਦੀ ਆਬਾਦੀ ਵਿੱਚੋਂ ਲੱਗਭਗ ਇੱਕ ਕਰੋੜ ਲੋਕ ਗੈਰ-ਮੁਸਲਿਮ ਹਨ।

# ਇਮਰਾਨ ਖ਼ਾਨ ਨੂੰ ਦੋ ਸੀਟਾਂ ਉੱਤੇ ਉਪ ਚੋਣਾਂ ਲੜਨ ਦੀ ਇਜਾਜ਼ਤ

ਲਾਹੌਰ, 25 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕਅਦਾਲਤ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਨੈਸ਼ਨਲ ਅਸੈਂਬਲੀ ਦੀਆਂ ਦੋ ਸੀਟਾਂ ਉੱਤੇ ਉਪ ਚੋਣਾਂ ਲੜਨ ਦੀ ਇਜਾਜ਼ਤ ਦੇ ਦਿੱਤੀ ਅਤੇ ਖ਼ਾਨ ਦੇ ਨਾਮਜ਼ਦਗੀ ਪੱਤਰ ਸਵੀਕਾਰ ਕੀਤੇ ਜਾਣ ਨੂੰ ਚੁਣੌਤੀ ਦੇਣ ਵਾਲੀ ਪੀ ਐਮ ਐਲ-ਐਨ ਦੇ ਇੱਕ ਉਮੀਦਵਾਰ ਦੀ ਪਟੀਸ਼ਨ ਅਤੇ ਚੋਣ ਕਮਿਸ਼ਨ ਦੀਆਂ ਕਿੰਤੂਆਂ-ਪ੍ਰੰਤੂਆਂ ਨੂੰ ਖ਼ਾਰਜ ਕਰ ਦਿੱਤਾ ਹੈ। ਡਾਨ ਦੀ ਖ਼ਬਰ ਮੁਤਾਬਕ ਲਾਹੌਰ ਹਾਈ ਕੋਰਟ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਪ੍ਰਧਾਨ ਇਮਰਾਨ ਖਾਨ ਨੂੰ ਸੀਟ ਗਿਣਤੀ 108 (ਫ਼ੈਸਲਾਬਾਦ) ਅਤੇ 118 (ਨਨਕਾਣਾ ਸਾਹਿਬ) ਵਿੱਚ ਉਪ ਚੋਣਾਂ ਲੜਨ ਦੇ ਲਈ ਇਜਾਜ਼ਤ ਦੇ ਦਿੱਤੀ ਗਈ ਹੈ।ਅਦਾਲਤ ਦੇ ਅਪੀਲੀ ਚੋਣ ਟ੍ਰਿਬਿਊਨਲ ਦੇ ਜਸਟਿਸ ਸ਼ਾਹਿਦ ਵਾਹਿਦ ਨੇ ਦੋ ਵੱਖ-ਵੱਖ ਪਟੀਸ਼ਨਾਂ ਉੱਤੇ ਹੁਕਮ ਜਾਰੀ ਕੀਤੇ। ਪਾਕਿਸਤਾਨ ਦੇ ਚੋਣ ਕਮਿਸ਼ਨਰ ਨੇ 17 ਅਗਸਤ ਨੂੰ ਫ਼ੈਸਲਾਬਾਦ ਸੀਟ ਅਤੇ 25 ਸਤੰਬਰ ਨੂੰ ਨਨਕਾਣਾ ਸਾਹਿਬ ਸੀਟ ਉਤੇ ਹੋ ਰਹੀਆਂ ਉਪ ਚੋਣਾਂ ਲਈ ਇਮਰਾਨ ਖ਼ਾਨ ਦੀ ਨਾਮਜ਼ਦਗੀ ਰੱਦ ਕਰ ਦਿੱਤੀ ਸੀ। ਚੋਣ ਕਮਿਸ਼ਨ ਨੇ ਨਾਮਜ਼ਦਗੀ ਰੱਦ ਕਰਨ ਪਿੱਛੇ ਪ੍ਰੀਜ਼ਾਈਡਿੰਗ ਅਫ਼ਸਰ ਅਧਿਕਾਰੀ ਦੇ ਤਰਕ ਦੇ ਹਵਾਲੇ ਨਾਲ ਇੱਕ ਬਿਆਨ ਵਿੱਚ ਕਿਹਾ ਸੀ ਕਿ ਇਮਰਾਨ ਖ਼ਾਨ ਦੇ ਨਾਮਜ਼ਦਗੀ ਪੱਤਰ ਦਸਤਖਤਾਂ ਦੀ ਤਸਦੀਕ ਦੇ ਮੁੱਦੇ ਕਾਰਨ ਖ਼ਾਰਜ ਨਹੀਂ ਕੀਤੇ ਗਏ ਸਨ। ਜਾਇਦਾਦਾਂ ਦਾ ਪੂਰਾ ਬਿਊਰਾ ਨਾ ਹੋਣ ਕਾਰਨ ਕਾਗ਼ਜ਼ ਰੱਦ ਕੀਤੇ ਗਏ।

## 16 ਸਾਲ ਤੋਂ ਆਸਟ੍ਰੇਲੀਆ ਵੱਸਦਾ ਸਿੱਖ ਜੋੜਾ ਡਿਪੋਰਟ ਕੀਤਾ ਜਾਵੇਗਾ

ਐਡੀਲੇਡ, 25 ਅਗਸਤ (ਪੋਸਟ ਬਿਊਰੋ)- ਬੀਤੇ 16 ਸਾਲਾਂ ਤੋਂ ਆਸਟ੍ਰੇਲੀਆ ਵੱਸਦੇ ਇੱਕ ਸਿੱਖ ਜੋੜੇ ਨੂੰ ਸਰਕਾਰ ਨੇ ਡਿਪੋਰਟ ਕਰਨ ਲਈ 30 ਸਤੰਬਰ ਤਕ ਆਸਟ੍ਰੇਲੀਆ ਛੱਡਣ ਦਾ ਹੁਕਮ ਕੀਤਾ ਹੈ। ਇਸ ਪਿੱਛੋਂ ਗੁਰਿੰਦਰਜੀਤ ਸਿੰਘ ਜੱਸੜ ਖ਼ਾਲਸਾ ਏਡ ਵੱਲੋਂ ਆਪਣੇ ਸਾਥੀਆਂ ਅਤੇ ਹੋਰਨਾਂ ਧਾਰਮਿਕ-ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਪਟੀਸ਼ਨ ਦਾਇਰ ਕਰਨ ਲਈ ਦਸਤਖ਼ਤੀ ਮੁਹਿੰਮ ਚਲਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਜਲੰਧਰ ਦੇ ਨੇੜਲੇ ਪਿੰਡ ਕੰਬੋਆ ਦੀ ਵਸਨੀਕ ਨਵਨਿੰਦਰ ਕੌਰ 2007 ਵਿੱਚ ਸਟੱਡੀ ਵੀਜ਼ੇ ਉੱਤੇ ਸਿਡਨੀ ਪੁੱਜੀ ਅਤੇ ਉਸ ਦਾ ਵਿਆਹ 2008 ਵਿੱਚ ਵਿਕਰਮਜੀਤ ਸਿੰਘ ਨਾਲ ਹੋਇਆ ਤੇ ਉਹ 2017 ਤਕ ਸਿਡਨੀ ਵਿੱਚ ਪੱਕੇ ਹੋਣ ਲਈ ਧੋਖੇਬਾਜ਼ ਵਕੀਲਾਂ ਦੇ ਚੁੰਗਲ ਵਿੱਚ ਫਸਦੇ ਗਏ। ਮੈਡੀਕਲ ਮੁਸ਼ਕਲਾਂ ਕਰਕੇ ਇਹ ਜੋੜਾ ਸੰਤਾਨ ਪ੍ਰਾਪਤੀ ਤੋਂ ਵਾਂਝਾ ਰਿਹਾ ਪਰ 19 ਪਾਲਤੂ ਜਾਨਵਰਾਂ ਦੀ ਦੇਖ-ਰੇਖ ਘਰ ਵਿੱਚ ਆਪਣੇ ਬੱਚਿਆਂ ਵਾਂਗ ਕਰ ਰਿਹਾ ਹੈ। ਇਸ ਜੋੜੇ ਵੱਲੋਂ ਸਮਾਜ ਭਲਾਈ ਦੇ ਕੀਤੇ ਜਾ ਰਹੇ ਹੋਰਨਾਂ ਕੰਮਾਂ ਦੀ ਵੀ ਸਮਾਜ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

# ਟਰੰਪ ਵੱਲੋਂ ਵਿਸ਼ੇਸ਼ ਮਾਸਟਰ ਨਿਯੁਕਤ ਕਰਨ ਦੀ ਅਪੀਲ

ਵਾਸ਼ਿੰਗਟਨ, 25 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੇ ਅਦਾਲਤ ਨੂੰ ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਵੱਲੋਂ ਟਰੰਪ ਦੀ ਰਿਹਾਇਸ਼ ਮਾਰ-ਏ-ਲਾਗੋ ਉੱਤੇ ਮਾਰੇ ਛਾਪੇ ਵੇਲੇ ਜ਼ਬਤ ਦਸਤਾਵੇਜ਼ਾਂ ਦੀ ਘੋਖ ਲਈ ਨਿਰਪੱਖ 'ਵਿਸ਼ੇਸ਼ ਮਾਸਟਰ' ਨਿਯੁਕਤ ਕਰਨ ਨੂੰ ਕਿਹਾ ਹੈ।

ਇਨ੍ਹਾਂ ਵਕੀਲਾਂ ਨੇ ਫੈਡਰਲ ਕੋਰਟ ਨੂੰ ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਨੂੰ ਡੋਨਾਲਡ ਟਰੰਪ ਦੀ ਰਿਹਾਇਸ਼ ਤੋਂ ਬਰਾਮਦ ਦਸਤਾਵੇਜ਼ਾਂ ਦੀ ਸਮੀਖਿਆ ਤੋਂ ਉਦੋਂ ਤਕ ਰੋਕਣ ਦੀ ਅਪੀਲ ਕੀਤੀ ਹੈ, ਜਦੋਂ ਤਕ ਇਨ੍ਹਾਂ ਦੀ ਜਾਂਚ ਲਈ ਵਿਸ਼ੇਸ਼ ਮਾਸਟਰ ਦੀ ਨਿਯੁਕਤੀ ਨਹੀਂ ਹੋ ਜਾਂਦੀ। ਡੋਨਾਲਡ ਟਰੰਪ ਨੇ ਇਹ ਅਰਜ਼ੀ ਓਦੋਂਪੇਸ਼ ਕੀਤੀ, ਜਦੋਂ ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਅੱਠ ਅਗਸਤ ਨੂੰ ਫਲੋਰੀਡਾ ਦੀ ਟਰੰਪ ਦੀ ਰਿਹਾਇਸ਼ ਉੱਤੇ ਮਾਰੇ ਛਾਪੇ ਦੌਰਾਨ 300 ਤੋਂ ਜ਼ਿਆਦਾ ਗੁਪਤ ਦਸਤਾਵੇਜ਼ ਬਰਾਮਦ ਹੋਏ ਸਨ। ਸਾਬਕਾ ਰਾਸ਼ਟਰਪਤੀ ਦੇ ਵਕੀਲਾਂ ਨੇ ਕੱਲ੍ਹ ਪਹਿਲੀ ਵਾਰ ਵੈਸਟ ਪਾਮ ਬੀਚ ਦੇ ਫੈਡਰਲ ਕੋਰਟ ਵਿੱਚ ਅਰਜ਼ੀ ਦਿਤੀ, ਜਿਸ ਵਿੱਚ ਛਾਪੇ ਦੌਰਾਨ ਮਿਲੇ ਦਸਤਾਵੇਜ਼ਾਂ ਬਾਰੇ ਨਿਆਂ ਵਿਭਾਗ ਨੂੰ ਜ਼ਿਆਦਾ ਵੇਰਵੇ ਦੇਣ ਦੀ ਅਪੀਲ ਕੀਤੀ ਗਈ ਹੈ। ਆਮ ਤੌਰ ਉੱਤੇ ਵਿਸ਼ੇਸ਼ ਮਾਸਟਰ ਸੁਬਾਰਡੀਨੇਟ ਅਧਿਕਾਰੀ ਹੁੰਦਾ ਹੈ ਜਿਸ ਨੂੰ ਇੱਕ ਜੱਜ ਵੱਲੋਂ ਅਦਾਲਤੀ ਹੁਕਮਾਂ ਦੀ ਪਾਲਣਾਂ ਦੀ ਅਸਲੀਅਤ ਜਾਨਣ ਅਤੇ ਉਸ ਨੂੰ ਯਕੀਨੀ ਬਣਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ। ਟਰੰਪ ਦੇ ਵਕੀਲਾਂ ਨੇ ਕੋਰਟ ਵਿੱਚ ਸੋਮਵਾਰ ਨੂੰ ਦਲੀਲ ਦਿੰਦੇ ਹੋਏ ਦੋਸ਼ ਲਾਇਆ ਕਿ ਐਫ ਬੀ ਆਈ ਤੇ ਨਿਆਂ ਵਿਭਾਗ ਉਨ੍ਹਾਂ ਨਾਲ ਲੰਬੇ ਸਮੇਂ ਤੋਂ ਗਲਤ ਵਿਹਾਰ ਕਰ ਰਹੇ ਹਨ ਅਤੇ ਕਾਨੂੰਨੀ ਏਜੰਸੀਆਂ ਸਿਆਸੀ ਮਕਸਦਾਂ ਦੀ ਪੂਰਤੀ ਲਈ ਇਸ ਦਾ ਇੱਕ ਹਥਿਆਰ ਵਜੋਂ ਇਸਤੇਮਾਲ ਕਰ ਰਹੀਆਂ ਹਨ।

ਵਰਣ ਯੋਗ ਹੈ ਕਿ ਓਦੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਜਨਵਰੀ 2021 ਵਿੱਚ ਵ੍ਹਾਈਟ ਹਾਊਸ ਛੱਡਦੇ ਸਮੇਂ ਆਪਣੇ ਨਾਲ ਗੁਪਤ ਦਸਤਾਵੇਜ਼ ਲਿਜਾਣ ਦੇ ਦੋਸ਼ ਸਨ।

# ਅਸਮਾਨ 'ਚ ਜਹਾਜ਼ ਦਾ ਬਾਲਣ ਖਤਮ ਹੋਣ ਕਾਰਨ ਸੜਕ ਉਤੇ ਕਰੈਸ਼



ਫਲੋਰੀਡਾ, 25 ਅਗਸਤ (ਪੋਸਟ ਬਿਊਰੋ)- ਅਸਮਾਨ ਵਿੱਚ ਉਡਦੇ ਜਹਾਜ਼ ਦਾ ਤੇਲ ਅਚਾਨਕ ਮੁੱਕ ਗਿਆ। ਜਦੋਂ ਤਕ ਪਾਇਲਟ ਕੁਝ ਸਮਝ ਸਕਦਾ, ਜਹਾਜ਼ ਬੇਕਾਬੂ ਹੋ ਗਿਆ ਅਤੇ ਹਵਾ ਨਾਲ ਝੂਲਦਾ ਮਿੰਨੀ ਜਹਾਜ਼ ਇਕਦਮ ਜ਼ਮੀਨ ਵੱਲ ਵਧਣ ਲੱਗਾ। ਹੇਠਾਂ ਖੜ੍ਹੇ ਲੋਕ ਇਹ ਦੇਖ ਕੇ ਦਹਿਸ਼ਤ ਵਿੱਚ ਆ ਗਏ। ਦੇਖਦੇ ਹੀ ਦੇਖਦੇ ਜਹਾਜ਼ ਇੱਕ ਬਿਜ਼ੀ ਸੜਕ ਉੱਤੇ ਕਰੈਸ਼ ਹੋ ਗਿਆ। ਇਸ ਹਾਦਸੇ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ।

ਇਹ ਮਾਮਲਾ ਅਮਰੀਕਾ ਦੇ ਫਲੋਰੀਡਾ ਦਾ ਹੈ ਜਿੱਥੇ ਓਰਲੈਂਡੋ ਸ਼ਹਿਰ ਵਿੱਚ ਇੱਕ ਮਿਨੀ ਪਲੇਨ ਕਰੈਸ਼ ਹੋ ਗਿਆ। ਇਹ ਜਹਾਜ਼ ਕਰੈਸ਼ ਹੋ ਕੇ ਇੱਕ ਬਿਜ਼ੀ ਸੜਕ ਉੱਤੇ ਡਿੱਗਿਆ। ਚੰਗੀ ਗੱਲ ਇਹ ਰਹੀ ਕਿ ਇਸ ਹਾਦਸੇ ਵਿੱਚ ਕੋਈ ਵੱਡਾ ਨੁਕਸਾਨ ਨਹੀਂ ਹੋਇਆ। ਪਾਇਲਟ ਨੂੰ ਵੀ ਮਾਮੂਲੀ ਸੱਟਾਂ ਹਨ।ਰਿਪੋਰਟ ਮੁਤਾਬਕ ਇਹ ਜਹਾਜ਼ ਓਰਲੈਂਡੋ ਦੇ ਅਸਮਾਨ ਵਿੱਚ ਉਡ ਰਿਹਾ ਸੀ ਕਿ ਅਚਾਨਕ ਉਸ ਦਾ ਤੇਲ ਖਤਮ ਹੋ ਗਿਆ। ਜਦੋਂ ਤਕ ਪਾਇਲਟ ਦਾ ਧਿਆਨ ਇਸ ਪਾਸੇ ਜਾਂਦਾ ਉਦੋਂ ਤਕ ਜਹਾਜ਼ ਤੇਜ਼ੀ ਨਾਲ ਹੇਠਾਂ ਡਿੱਗਣ ਲੱਗਾ। ਕੁਝ ਸਕਿੰਟਾਂ ਵਿੱਚ ਇਹ ਜਹਾਜ਼ ਸੜਕ ਵਿਚਾਲੇ ਕਰੈਸ਼ ਹੋ ਗਿਆ। ਇਸੇ ਦੌਰਾਨ ਕਾਰ ਸਵਾਰ ਇੱਕ ਵਿਅਕਤੀ ਨੇ ਇਸ ਘਟਨਾ ਦਾ ਵੀਡੀਓ ਰਿਕਾਰਡ ਕਰ ਲਿਆ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਜਹਾਜ਼ ਹਵਾ ਵਿੱਚ ਗੋਤੇ ਲਗਾਉਂਦਾ ਹੋਇਆ ਸੜਕ ਉੱਤੇ ਡਿੱਗਦਾ ਹੈ।

# ਦੋ ਸਾਲ ਬਾਅਦ ਫਿਰ ਚੀਨ ਭਾਰਤੀ ਵਿਦਿਆਰਥੀਆਂ ਨੂੰ ਵੀਜ਼ੇ ਦੇਵੇਗਾ



ਬੀਜਿੰਗ, 25 ਅਗਸਤ (ਪੋਸਟ ਬਿਊਰੋ)- ਚੀਨ ਨੇ ਕੋਵਿਡ ਪਾਬੰਦੀਆਂ ਕਾਰਨ ਫਸੇ ਸੈਂਕੜੇ ਭਾਰਤੀ ਵਿਦਿਆਰਥੀਆਂ ਦੇ ਲਈ ਦੋ ਸਾਲ ਤੋਂ ਵੱਧ ਸਮੇਂ ਪਿੱਛੋਂ ਕੱਲ੍ਹ ਵੀਜ਼ੇ ਜਾਰੀ ਕਰਨ ਦੀ ਯੋਜਨਾ ਦਾ ਐਲਾਨ ਕੀਤਾ। ਇਸ ਦੇ ਇਲਾਵਾ ਭਾਰਤੀਆਂ ਲਈ ਵਪਾਰ ਵੀਜ਼ੇ ਸਮੇਤ ਵੱਖ-ਵੱਖ ਸ਼੍ਰੇਣੀਆਂ ਲਈ ਵੀ ਵੀਜ਼ੇ ਦੇਣ ਦਾ ਐਲਾਨ ਕੀਤਾ ਹੈ।

ਇਸ ਸੰਬੰਧ ਵਿੱਚ ਚੀਨੀ ਵਿਦੇਸ਼ ਮੰਤਰਾਲੇ ਵਿੱਚ ਏਸ਼ੀਆਈ ਮਾਮਲਿਆਂ ਦੇ ਵਿਭਾਗ ਵਿੱਚ ਕੌਂਸਲਰ ਜੀ ਰੋਂਗ ਨੇ ਟਵੀਟ ਕੀਤਾ, "ਭਾਰਤੀ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ। ਤੁਹਾਡਾ ਧੀਰਜ ਸਾਰਥਕ ਸਾਬਤ ਹੋਇਆ। ਮੈਂ ਅਸਲ ਵਿੱਚ ਤੁਹਾਡੇ ਉਤਸ਼ਾਹ ਤੇ ਖੁਸ਼ੀ ਨੂੰ ਸਾਂਝਾ ਕਰ ਸਕਦੀ ਹਾਂ। ਚੀਨ ਵਿੱਚ ਤੁਹਾਡਾ ਸਵਾਗਤ ਹੈ।" ਉਨ੍ਹਾਂ ਦੇ ਟਵੀਟ ਨੇ ਨਵੀਂ ਦਿੱਲੀ ਵਿੱਚ ਚੀਨੀ ਦੂਤਘਰ ਵੱਲੋਂ ਵਿਦਿਆਰਥੀਆਂ, ਵਪਾਰੀਆਂ ਅਤੇ ਚੀਨ ਵਿੱਚ ਕੰਮ ਕਰਨ ਵਾਲਿਆਂ ਦੇ ਪਰਵਾਰਾਂ ਲਈ ਵੀਜ਼ੇ ਸ਼ੁਰੂ ਕਰਨ ਦਾ ਵਿਸਥਾਰਪੂਰਨ ਐਲਾਨ ਦਾ ਹਵਾਲਾ ਦਿੱਤਾ ਹੈ। ਇਸ ਐਲਾਨ ਦੇ ਅਨੁਸਾਰ ਐਕਸ-1ਵੀਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਏਗਾ, ਜੋ ਉਚੇਰੀ ਵਿਦਿਆ ਲਈ ਲੰਬੇ ਸਮੇਂ ਵਾਸਤੇ ਚੀਨ ਜਾਣਾ ਚਾਹੁੰਦੇ ਹਨ। ਇਨ੍ਹਾਂ ਵਿੱਚ ਨਵੇਂ ਵਿਦਿਆਰਥੀਆਂ ਦੇ ਇਲਾਵਾ ਉਹ ਵੀ ਸ਼ਾਮਲ ਹਨ, ਜੋ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਚੀਨ ਮੁੜਨਾ ਚਾਹੁੰਦੇ ਹਨ। ਕੋਵਿਡ ਦੀਆਂ ਪਾਬੰਦੀਆਂ ਕਾਰਨ 23000 ਤੋਂ ਵੱਧ ਭਾਰਤੀ ਵਿਦਿਆਰਥੀ ਘਰ ਆ ਗਏ ਸਨ। ਉਨ੍ਹਾਂ ਵਿੱਚੋਂ ਬਹੁਤੇ ਮੈਡੀਕਲ ਦੇ ਵਿਦਿਆਰਥੀ ਸਨ। ਚੀਨ ਨੇ ਆਪਣੀ ਪੜ੍ਹਾਈ ਲਈ ਤੁਰੰਤ ਮੁੜਨ ਦੇ ਇਛੁੱਕ ਲੋਕਾਂ ਦੇ ਨਾਂਅ ਮੰਗੇ ਸਨ ਅਤੇ ਉਸ ਪਿੱਛੋਂ ਭਾਰਤ ਨੇ ਕੋਈ 100 ਵਿਦਿਆਰਥੀਆਂ ਦੀ ਸੂਚੀ ਸੌਂਪੀ ਸੀ। ਸ੍ਰੀਲੰਕਾ, ਪਾਕਿਸਤਾਨ, ਰੂਸ ਤੇ ਕਈ ਹੋਰ ਦੇਸ਼ਾਂ ਦੇ ਕੁਝ ਵਿਦਿਆਰਥੀ ਹਾਲ ਦੇ ਹਫਤਿਆਂ ਵਿੱਚ ਚਾਰਟਰਡ ਉਡਾਣਾਂ ਨਾਲ ਪਹਿਲਾਂ ਹੀ ਚੀਨ ਪਹੁੰਚ ਚੁੱਕੇ ਹਨ।




## ਤਿੰਨ ਭਾਰਤੀਆਂ ਦੀ ਜਾਨ ਲੈਣ ਵਾਲੀ ਦੁਰਘਟਨਾ ਬਾਰੇ ਸਕਾਟਲੈਂਡ ਦੀ ਪੁਲਸ ਨੇ ਜਾਣਕਾਰੀ ਮੰਗੀ



ਲੰਡਨ, 25 ਅਗਸਤ (ਪੋਸਟ ਬਿਊਰੋ)- ਸਕਾਟਲੈਂਡ ਪੁਲਸ ਨੇ ਤਿੰਨ ਭਾਰਤੀ ਵਿਦਿਆਰਥਆਂ ਦੀ ਮੌਤ ਦਾ ਕਾਰਨ ਬਣੇ ਇੱਕ ਸੜਕ ਹਾਦਸੇ ਬਾਰੇ ਪ੍ਰਸਾਸ਼ਨ ਤੋਂ ਜਾਣਕਾਰੀ ਮੰਗੀ ਹੈ। ਇਸ ਹਾਦਸੇ ਵਿੱਚ ਇੱਕ ਭਾਰਤੀ ਵਿਦਿਆਰਥਣ ਗੰਭੀਰ ਜ਼ਖ਼ਮੀ ਹੋ ਗਈ ਸੀ, ਜਿਸ ਦਾ ਹਸਪਤਾਲ ਵਿੱਚ ਇਲਾਜ ਜਾਰੀ ਹੈ।

ਕੱਲ੍ਹ ਦੁਪਹਿਰੇ ਸਕਾਟਲੈਂਡ ਵਿੱਚ ਕੈਸਲ ਸਟੋਕਰ ਦੇ ਕੋਲ ਏ-828 ਹਾਈਵੇ ਉੱਤੇ ਹੋਈ ਦੁਰਘਟਨਾ ਵਿੱਚ ਹੈਦਰਾਬਾਦ ਦੇ ਪਵਨ ਬਾਸ਼ੇਟੀ (23), ਬੈਂਗਲੁਰੂ ਦੇ ਗਿਰੀਸ਼ ਸਬਰਾਮਨੀਅਮ (23) ਅਤੇ ਆਂਧਰਾ ਪ੍ਰਦੇਸ਼ ਦੇ ਸੁਧਾਕਰ ਮੋਡੇਪਲੀ (30) ਦੀ ਮੌਤ ਹੋ ਗਈ ਸੀ। ਬਾਸ਼ੇਟੀ ਅਤੇ ਸੁਬਰਾਮਨੀਅਮ ਲੀਸੇਸਟਰ ਯੂਨੀਵਰਸਿਟੀ ਤੋਂ ਐਰੋਨਾਟਿਕਲ ਇੰਜੀਨਿਅਰਿੰਗ ਵਿੱਚ ਗ੍ਰੈਜੂਏਸ਼ਨ ਦੀ ਪੜ੍ਹਾਈ ਕਰ ਰਹੇ ਸਨ ਅਤੇ ਮੋਡੇਪਲੀ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਅਤੇ ਉਨ੍ਹਾਂ ਦਾ ਦੋਸਤ ਸੀ। ਉਹ ਹੌਂਡਾ ਸਿਟੀ ਕਾਰ ਵਿੱਚ ਜਾ ਰਹੇ ਸਨ, ਜਿਸ ਦੀ ਮਾਲ ਢੋਣ ਵਾਲੇ ਭਾਰੀ ਵਾਹਨ ਨਾਲ ਟੱਕਰ ਹੋ ਗਈ ਸੀ।ਦੁਰਘਟਨਾ ਵਿੱਚ ਜ਼ਖ਼ਮੀ ਹੋਈ ਹੈਦਰਾਬਾਦ ਦੀ ਸਾਈ ਵਰਮਾ (24) ਗੰਭੀਰ ਹਾਲਤ ਵਿੱਚ ਗਲਾ-ਸਗੋ ਦੇ ਹਸਪਤਾਲ ਵਿੱਚ ਭਰਤੀ ਹੈ। ਉਹ ਵੀ ਲੀਸੇਸਟਰ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਸਕਾਟਲੈਂਡ ਪੁਲਸ ਦੇ ਇੱਕ ਸਾਰਜੈਂਟ ਕੇਵਿਨ ਕ੍ਰੈਗ ਨੇ ਕਿਹਾ ਕਿ ਅਸੀਂ ਦੁਰਘਟਨਾ ਵਿੱਚ ਸਬੰਧਤ ਹਾਲਾਤ ਦੀ ਜਾਂਚ ਕਰ ਰਹੇ ਹਾਂ ਤੇ ਸਾਡੀ ਅਪੀਲ ਹੈ ਕਿ ਜੇ ਕਿਸੇ ਨੇ ਇਸ ਘਟਨਾ ਨੂੰ ਦੇਖਿਆ ਹੋਵੇ ਤਾਂ ਉਹ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਦੇਵੇ।

## ਇਸਲਾਮਾਬਾਦ ਹਾਈ ਕੋਰਟ ਤੋਂ ਇਮਰਾਨ ਨੂੰ ਪੇਸ਼ਗੀ ਜ਼ਮਾਨਤ ਮਿਲੀ

ਇਸਲਾਮਾਬਾਦ, 25 ਅਗਸਤ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅੱਤਵਾਦ ਵਿਰੋਧੀ ਐਕਟ ਤਹਿਤ ਦਰਜ ਕੇਸ ਵਿੱਚ ਵੀਰਵਾਰ ਤਕ ਪੇਸ਼ਗੀ ਜ਼ਮਾਨਤ ਦੇ ਦਿੱਤੀ ਹੈ। ਬੀਤੇ ਸ਼ਨੀਵਾਰ ਇਸਲਾਮਾਬਾਦ ਵਿੱਚ ਕੀਤੀ ਰੈਲੀ ਦੌਰਾਨ ਪੁਲਸ, ਨਿਆਂ ਪਾਲਿਕਾ ਤੇ ਹੋਰਨਾਂ ਸਰਕਾਰੀ ਅਦਾਰਿਆਂ ਨੂੰ ਧਮਕਾਉਣ ਦੇ ਦੋਸ਼ ਹੇਠ ਖਾਨ ਖਿਲਾਫ ਅੱਤਵਾਦ ਵਿਰੋਧੀ ਐਕਟ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਕੱਲ੍ਹ ਤਰੀਕ ਏ ਇਨਸਾਫ ਪਾਰਟੀ ਦੇ ਚੇਅਰਮੈਨ ਇਮਰਾਨ ਖਾਨ ਨੇ ਹਾਈ ਕੋਰਟ ਨੂੰ ਅਗਾਊਂ ਜ਼ਮਾਨਤ ਦੀ ਅਪੀਲ ਕੀਤੀ ਸੀ। ਡਾਨ ਅਖਬਾਰ ਦੀ ਖਬਰ ਮੁਤਾਬਕ ਖਾਨ ਦੇ ਵਕੀਲਾਂ ਬਾਬਰ ਅਵਾਨ ਅਤੇ ਫੈਸਲ ਚੌਧਰੀ ਨੇ ਪਟੀਸ਼ਨ ਵਿੱਚ ਕਿਹਾ ਕਿ ਸੱਤਾਧਾਰੀ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਵੱਲੋਂ ਇਮਰਾਨ ਖਾਨ ਨੂੰ ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟ ਨੇਤਾਵਾਂ ਦੀ ਨਿਡਰ ਆਲੋਚਨਾ ਅਤੇ ਹਮਲਾਵਰ ਰੁਖ਼ ਅਪਨਾਉਣ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਟੀਸ਼ਨ ਵਿੱਚ ਕਿਹਾ ਗਿਆ, "ਇਸ ਮੰਦਭਾਵਨਾ ਵਾਲੇ ਏਜੰਡੇ ਤਹਿਤ ਮੌਜੂਦਾ ਸਰਕਾਰ ਦੇ ਇਸ਼ਾਰੇ ਉੱਤੇ ਇਸਲਾਮਾਬਾਦ ਰਾਜਧਾਨੀ ਖੇਤਰ (ਆਈ ਸੀ ਟੀ) ਪੁਲਸ ਨੇ ਉਨ੍ਹਾਂ ਖਿਲਾਫ ਝੂਠਾ ਅਤੇ ਬੇਬੁਨਿਆਦ ਕੇਸ ਦਰਜ ਕੀਤਾ ਹੈ।"


# ਭਾਰਤ ਵਿੱਚ ਅੱਤਵਾਦੀ ਹਮਲੇ ਦੀ ਸਾਜ਼ਿਸ਼ ਦਾਰੂਸ ਵੱਲੋਂ ਪਰਦਾਫਾਸ਼




ਮਾਸਕੋ, 25 ਅਗਸਤ (ਪੋਸਟ ਬਿਊਰੋ)- ਰੂਸ ਦੀ ਮੁੱਖ ਖੁਫੀਆ ਏਜੰਸੀ ਨੇ ਮੁਹੰਮਦ ਪੈਗੰਬਰ ਬਾਰੇ ਵਿਵਾਦਤ ਆਗੂਆਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਸਾਜ਼ਿਸ਼ ਬੇਪਰਦਕਰ ਕੇ ਕੱਲ੍ਹ ਇਸਲਾਮਕ ਸਟੇਟ ਦਾ ਇੱਕ ਅੱਤਵਾਦੀ ਗ੍ਰਿਫਤਾਰਕੀਤਾ ਹੈ। ਰੂਸ ਦੀ ਫੈਡਰਲ ਸਕਿਓਰਿਟੀ ਸਰਵਿਸ (ਐਫ ਐਸ ਬੀ) ਦਾ ਦਾਅਵਾ ਹੈ ਕਿ ਕੇਂਦਰੀ ਏਸ਼ਿਆਈ ਦੇਸ਼ ਦਾ ਇਹ ਨਾਗਰਿਕ ਭਾਰਤ ਵਿੱਚ ਆਤਮਘਾਤੀ ਹਮਲੇ ਕਰਨ ਦੀ ਤਾੜ ਵਿੱਚ ਸੀ।

ਸਰਕਾਰੀ ਖਬਰ ਏਜੰਸੀ 'ਤਾਸ' (ਟੀ ਏ ਐਸ ਐਸ) ਨੇ ਰੂਸ ਦੀ ਖੁਫੀਆ ਏਜੰਸੀ ਐਫ ਐਸ ਬੀ ਦੇ ਹਵਾਲੇ ਨਾਲ ਦੱਸਿਆ ਕਿ ਪਾਬੰਦੀਸ਼ੁਦਾ ਇਸਲਾਮਕ ਸਟੇਟ ਦੇ ਇੱਕ ਪ੍ਰਮੁੱਖ ਆਗੂ ਨੇ ਤੁਰਕੀ ਵਿੱਚ ਪਿਛਲੇ ਅਪ੍ਰੈਲ ਤੋਂ ਜੂਨ ਵਿਚਾਲੇ ਇੱਕ ਵਿਦੇਸ਼ੀ ਨਾਗਰਿਕ ਨੂੰ ਫਿਦਾਈਨ ਤਿਆਰ ਕੀਤਾ ਸੀ। ਐਫ ਐਸ ਬੀ ਨੇ ਕਿਹਾ, "ਫੈਡਰਲ ਸਕਿਓਰਿਟੀ ਸਰਵਿਸ ਨੇ ਕੌਮਾਂਤਰੀ ਅੱਤਵਾਦੀ ਜਥੇਬੰਦੀ ਇਸਲਾਮਕ ਸਟੇਟ ਦੇ ਮੈਂਬਰ ਦੀ ਰੂਸ ਵਿੱਚ ਪਛਾਣ ਕਰ ਕੇ ਉਸ ਨੂੰ ਫੜ ਲਿਆ ਹੈ। ਇਹ ਵਿਅਕਤੀ ਕੇਂਦਰੀ ਏਸ਼ਿਆਈ ਦੇਸ਼ ਦਾ ਨਾਗਰਿਕ ਹੈ।" ਐਫ ਐਸ ਬੀ ਦੇ ਲੋਕ ਸੰਪਰਕ ਕੇਂਦਰ ਨੇ ਦੱਸਿਆ,"ਸੋਸ਼ਲ ਮੀਡੀਆ ਮੰਚ ਟੈਲੀਗ੍ਰਾਮ ਰਾਹੀਂ ਇੱਕ ਪ੍ਰਤੀਨਿਧੀ ਨਾਲ ਨਿੱਜੀ ਮੁਲਾਕਾਤਾਂ ਵਿੱਚ ਉਸ ਨੂੰ ਫਿਦਾਈਨ ਬਣਾਇਆ ਗਿਆ।" ਐਫ ਐਸ ਬੀ ਨੇ ਨੋਟ ਕੀਤਾ ਕਿ ਇਸ ਫਿਦਾਈਨ ਨੇ ਆਈ ਐਸ ਅਮੀਰ (ਮੁਖੀ) ਦੀ ਵਫ਼ਾਦਾਰੀ ਦੀ ਸਹੁੰ ਖਾਧੀ ਸੀ। ਇਸ ਪਿੱਛੋਂ ਉਸ ਨੂੰ ਰੂਸ ਜਾਣ ਅਤੇ ਉਥੇ ਲੋੜੀਂਦੀ ਕਾਗਜ਼ੀ ਕਾਰਵਾਈ ਪੂਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਤਾਂ ਕਿ ਉਹ ਭਾਰਤ ਜਾ ਕੇ ਅੱਤਵਾਦੀ ਕਾਰਵਾਈ ਨੂੰ ਨੇਪਰੇ ਚਾੜ੍ਹ ਸਕੇ। ਰੂਸੀ ਖੁਫੀਆ ਏਜੰਸੀ ਨੇ ਇਸ ਅੱਤਵਾਦੀ ਦੀ ਪਛਾਣ ਨਹੀਂ ਦੀ। ਚੇਤੇ ਰਹੇ ਕਿ ਭਾਜਪਾ ਦੀ ਸਾਬਕਾ ਤਰਜਮਾਨ ਨੂਪੁਰ ਸ਼ਰਮਾ ਤੇ ਪਾਰਟੀ ਦੇ ਦਿੱਲੀ ਮੀਡੀਆ ਇੰਚਾਰਜ ਨਵੀਨ ਕੁਮਾਰ ਜਿੰਦਲ ਨੇ ਮੁਹੰਮਦ ਪੈਗੰਬਰ ਬਾਰੇ ਵਿਵਾਦਤ ਟਿੱਪਣੀਆਂ ਕੀਤੀਆਂ ਸਨ।

# ਡਾ. ਗਿਆਨ ਸਿੰਘ ਘਈ ਦੀ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ' ਬਾਰੇ ਹੋਈ ਵਿਚਾਰ-ਚਰਚਾ









ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 21 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 'ਪੰਜਾਬੀ ਭਵਨ ਟੋਰਾਂਟੋ' ਵਿਚ ਆਯੋਜਿਤ ਕੀਤੇ ਗਏ ਮਹੀਨੇਵਾਰ ਸਮਾਗ਼ਮ ਵਿਚ ਡਾ. ਗਿਆਨ ਸਿੰਘ ਘਈ ਦੀ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ' ਬਾਰੇ ਵਿਚਾਰ-ਚਰਚਾ ਕਰਵਾਈ ਗਈ। ਪੁਸਤਕ ਬਾਰੇ ਮੁੱਖ-ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਅਤੇ ਹਰਚੰਦ ਸਿੰਘ ਬਾਸੀ ਸਨ, ਜਦਕਿ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਸਮਾਗ਼ਮ 'ਚ ਮੰਚ-ਸੰਚਾਲਕ ਦੀ ਭੂਮਿਕਾ ਨਿਭਾਅ ਰਹੇ ਮਲੂਕ ਸਿੰਘ ਕਾਹਲੋਂ ਨੇ ਵੀ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰ ਪਰਸਨ ਕਰਨ ਅਜਾਇਬ ਸਿੰਘ ਸੰਘਾ, ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਆਸ਼ਿਕ ਰਹੀਲ ਅਤੇ ਕਵਿੱਤਰੀ ਹਰਭਜਨ ਕੌਰ ਗਿੱਲ ਸੁਸ਼ੋਭਿਤ ਸਨ। ਸਭਾ ਦੇ ਚੇਅਰ ਪਰਸਨ ਕਰਨ ਅਜਾਇਬ ਸੰਘਾ ਵੱਲੋਂ ਸਮਾਗ਼ਮ ਵਿਚ ਪਹੁੰਚੇ ਮਹਿਮਾਨਾਂ ਅਤੇ ਸਾਹਿਤ-ਪ੍ਰੇਮੀਆਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਡਾ. ਗਿਆਨ ਸਿੰਘ ਘਈ ਦੀ ਨਵ-ਪ੍ਰਕਾਸ਼ਿਤ ਪੁਸਤਕ 'ਮਨੁੱਖਤਾ ਦੇ ਰਹਿਬਰ: ਗੁਰੂ ਨਾਨਕ ਬਾਰੇ ਆਪਣੇ ਵਿਚਾਰ ਪੇਸ ਕਰਨ ਲਈ ਕਿਹਾ ਗਿਆ ਜਿਨ੍ਹਾਂ ਨੇ ਇਸ ਦੇ ਬਾਰੇ ਬੋਲਦਿਆਂ ਕਿਹਾ ਕਿ ਕਿਸੇ ਵੀ ਪੁਸਤਕ ਜਾਂ ਰਚਨਾ ਬਾਰੇ ਗੱਲ ਕਰਦਿਆਂ ਉਸ ਦਾ ਵਿਸ਼ਾ-ਵਸਤੂ, ਤਰਤੀਬ ਅਤੇ ਇਨ੍ਹਾਂ ਸਬੰਧੀ ਕੀਤੀ ਜਾਣ ਵਾਲੀ ਟਿੱਪਣੀ ਪ੍ਰਮੁੱਖ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਦਾ ਵਿਸ਼ਾ-ਵਸਤੂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਪ੍ਰਚੱਲਤ ਜਨਮ-ਸਾਖੀਆਂ ਦੇ ਆਧਾਰਿਤ ਹੈ ਅਤੇ ਉਨ੍ਹਾਂ ਵਿਚ ਦਰਜ ਜਾਣਕਾਰੀ ਸਕੂਲ ਪੱਧਰ ਦੇ ਵਿਦਿਆਰਥੀਆਂ ਲਈ ਸਰਲ ਸ਼ਬਦਾਂ ਵਿਚ ਵਾਰਤਕ ਰੂਪ ਵਿਚ ਦੇਣ ਤੋਂ ਬਾਦ ਉਨਾਂ ਸਬੰਧੀ ਆਪਣੀਆਂ ਕਵਿਤਾਵਾਂ ਅਤੇ ਕੁਝ ਤਸਵੀਰਾਂ ਦੇਣ ਦੀ ਤਰਤੀਬ ਅਪਨਾਈ ਗਈ ਹੈ। ਇਸ ਸਬੰਧੀ ਟਿੱਪਣੀ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਸਾਖੀਆਂ ਦੇ ਹਵਾਲੇ ਦਿੰਦਿਆਂ ਡਾ. ਝੰਡ ਨੇ ਕਿਹਾ ਜਨਮ-ਸਾਖ਼ੀਆਂ ਗੁਰੂ ਨਾਨਕ ਦੇਵ ਜੀ ਨੇ ਜਨਮ ਤੋਂ ਦੋ ਸੌ ਤੋਂ ਤਿੰਨ ਸੌ ਸਾਲ ਬਾਅਦ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਵਿਚਲੀਆਂ ਬਹੁਤ ਸਾਰੀਆਂ ਸਾਖੀਆਂ ਵਿਚ ਗੁਰੂ ਜੀ ਨੂੰ 'ਚਮਤਕਾਰੀ ਅਤੇ ਕਰਾਮਾਤੀ ਮਹਾਂਪੁਰਖ' ਦਰਸਾਇਆ ਗਿਆ ਹੈ ਜੋ ਸਹੀ ਨਹੀਂ ਹੈ, ਕਿਉਂਕਿ ਗੁਰੂ ਸਾਹਿਬ ਨੇ ਤਾਂ ਆਪਣੀ ਚੌਹਾਂ ਉਦਾਸੀਆਂ ਦੌਰਾਨ ਹਜ਼ਾਰਾਂ ਮੀਲ ਪੈਂਡਾ ਤੈਅ ਕਰਕੇ ਖ਼ੁਦ ਧਾਰਮਿਕ ਪਾਖੰਡਾਂ ਦਾ ਪਰਦਾ ਫ਼ਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੇ ਵਿਦਵਾਨਾਂ ਨੂੰ ਅਜਿਹੀਆਂ ਸਾਖੀਆਂ ਤੋਂ ਉੱਪਰ ਉੱਠ ਕੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ, ਸਿਧਾਤਾਂ ਅਤੇ ਮਨੁੱਖਤਾ ਦੇ ਭਲੇ ਲਈ ਕੀਤੇ ਗਏ ਕਾਰਜਾਂ ਨੂੰ ਪ੍ਰਚਾਰਨਾ ਚਾਹੀਦਾ ਹੈ।

ਸਮਾਗ਼ਮ ਦੇ ਦੂਸਰੇ ਬੁਲਾਰੇ ਹਰਚੰਦ ਸਿੰਘ ਬਾਸੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬੜੀ ਸਰਲ ਭਾਸ਼ਾ ਵਿਚ ਲਿਖੀ ਗਈ ਡਾ. ਘਈ ਦੀ ਇਹ ਪੁਸਤਕ ਸਕੂਲੀ ਵਿਦਿਆਰਥੀਆਂ ਲਈ ਬੜੀ ਲਾਭਕਾਰੀ ਸਾਬਤ ਹੋਏਗੀ । ਪੁਸਤਕ ਵਿਚ ਵਾਰਤਕ ਦੇ ਨਾਲ ਨਾਲ ਲੇਖਕ ਵੱਲੋਂ ਦਿੱਤੀਆਂ ਗਈਆਂ ਕਵਿਤਾਵਾਂ ਅਤੇ ਤਸਵੀਰਾਂ ਇਸ ਨੂੰ ਵਿਦਿਆਰਥੀਆਂ ਲਈ ਹੋਰ ਵੀ ਦਿਲਚਸਪ ਬਣਾਉਂਦੀਆਂ ਹਨ ਅਤੇ ਉਮੀਦ ਹੈ ਕਿ ਇਹ ਉਨ੍ਹਾਂ ਨੂੰ ਧਾਰਮਿਕਤਾ ਵੱਲ ਪ੍ਰੇਰਨ ਦਾ ਸ਼ੁਭ-ਕਾਰਜ ਕਰਨਗੀਆਂ। ਉਨ੍ਹਾਂ ਹੋਰ ਕਿਹਾ ਕਿ ਪੁਸਤਕ ਵਿਚ ਕਈ ਥਾਵਾਂ 'ਤੇ ਦਰਜ ਕੀਤੀਆਂ ਗਈਆਂ ਗੁਰਬਾਣੀ ਦੀਆਂ ਤੁਕਾਂ ਵੀ ਉਨ੍ਹਾਂ ਦਾ ਧਿਆਨ ਇਸ ਪਾਸੇ ਆਕਰਸ਼ਤ ਕਰਨਗੀਆਂ। ਇਸ ਦੌਰਾਨ ਉਨ੍ਹਾਂ ਨੇ ਪੁਸਤਕ ਦੇ ਮੁੱਖ-ਬੰਦ ਲਿਖਣ ਵਾਲੇ ਵਿਦਵਾਨਾਂ ਡਾ. ਧਰਮ ਸਿੰਘ, ਸਾਬਕਾ ਮੁਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਬਾਰੇ ਵਿਸ਼ੇਸ਼ ਜ਼ਿਕਰ ਕੀਤਾ।

ਸੰਪਾਦਕੀ-ਮੰਡਲ ਵਿਚ ਸ਼ਾਮਲ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ. ਘਈ ਨੇ ਗੁਰੂ ਨਾਨਕ ਦੇਵ ਜੀ ਬਾਰੇ ਵਿਦਿਆਰਥੀ ਪੱਧਰ ਦੀ ਇਹ ਪੁਸਤਕ ਲਿਆ ਕੇ ਵਧੀਆ ਉਪਰਾਲਾ ਕੀਤਾ ਹੈ ਅਤੇ ਇਹ ਸਮੇਂ ਦੀ ਲੋੜ ਵੀ ਹੈ ਪਰ ਸਾਡੇ ਵਿਦਵਾਨਾਂ ਨੂੰ ਜਨਮ-ਸਾਖ਼ੀਆਂ ਤੋਂ ਅੱਗੇ ਜਾ ਕੇ ਸੋਚਣ ਅਤੇ ਵਿਚਾਰਨ ਦੀ ਵੀ ਜ਼ਰੂਰਤ ਹੈ। ਉਨ੍ਹਾਂ ਹੋਰ ਕਿਹਾ ਕਿ ਸਾਡੇ ਧਾਰਮਿਕ ਅਸਥਾਨ ਅੱਜਕੱਲ੍ਹ ਵਿਉਪਾਰਕ-ਅਦਾਰੇ ਬਣਦੇ ਜਾ ਰਹੇ ਹਨ। ਗੁਰੂ ਨਾਨਕ ਕੇ ਸਾਨੂੰ ਬੁੱਤ-ਪ੍ਰਸਤੀ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਸੀ ਪਰ ਅਸੀਂ ਪੱਥਰ ਵਿਚ ਉੱਕਰੇ ਹੋਏ ਪੰਜੇ ਤੇ ਗੁਰੂ ਸਾਹਿਬ ਦੀਆਂ ਤਸਵੀਰਾਂ ਨੂੰ ਮੱਥੇ ਟੇਕਦੇ ਹੋਏ ਉਨ੍ਹਾਂ ਨੂੰ ਪੂਜੀ ਜਾ ਰਹੇ ਹਾਂ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਕੋਈ ਗੱਲ ਨਹੀਂ ਕਰਦੇ, ਉਨ੍ਹਾਂ ਨੂੰ ਮੰਨਣਾ ਤਾਂ ਦੂਰ ਦੀ ਗੱਲ ਹੈ। ਉਨ੍ਹਾਂ ਵਿਦ-ਵਾਨ ਲੇਖਕਾਂ ਨੂੰ ਆਪਣੀ ਖੋਜ ਦੇ ਆਧਾਰਿਤ ਵਡੇਰੇ ਕਾਰਜ ਕਰਕੇ ਇਸ ਨੂੰ ਪੁਸਤਕ ਰੂਪ ਵਿਚ ਲਿਆਉਣਾ ਚਾਹੀਦਾ ਹੈ। ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਨੇ ਵੀ ਇਸ ਦੌਰਾਨ ਵਿਚ-ਵਿਚਾਲੇ ਇਸ ਪੁਸਤਕ ਬਾਰੇ ਆਪਣੀਆਂ ਟਿੱਪਣੀਆਂ ਦਿੱਤੀਆਂ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਵਿਚ ਸੰਜੀਵ ਕਾਫ਼ਿਰ, ਵਿਨੋਦ ਸ਼ਰਮਾ, ਹਰਮੇਸ਼ ਸਿੰਘ, ਹਰਜੀਤ ਬਾਜਵਾ, ਸੁਰਜੀਤ ਕੌਰ, ਹਰਭਜਨ ਕੌਰ ਗਿੱਲ, ਮਲਵਿੰਦਰ, ਹਰਜਿੰਦਰ ਸਿੰਘ ਭਸੀਨ, ਮਕਸੂਦ ਚੌਧਰੀ, ਹਰਜਸਪ੍ਰੀਤ ਗਿੱਲ, ਹਰਦਿਆਲ ਸਿੰਘ ਝੀਤਾ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਪ੍ਰੋ. ਆਸ਼ਿਕ ਰਹੀਲ, ਹਰਚੰਦ ਬਾਸੀ ਅਤੇ ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਲੋਕ-ਗਾਇਕ 'ਔਜਲਾ ਬਦਰਰਜ਼' ਦੇ ਸਾਥੀ ਨੇ ਸੁਰੀਲੀ ਆਵਾਜ਼ ਵਿਚ ਆਪਣੇ ਅੰਦਾਜ਼ 'ਚ ਖ਼ੂਬਸੂਰਤ ਗੀਤ ਗਾ ਕੇ ਸਮਾਗ਼ਮ ਵਿਚ ਵੱਖਰਾ ਰੰਗ ਬਖੇਰ ਦਿੱਤਾ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਆਏ ਮਹਿਮਾਨਾਂ, ਬੁਲਾਰਿਆਂ ਅਤੇ ਕਵੀ-ਕਵਿੱਤਰੀਆਂ ਦਾ ਧੰਨਵਾਦ ਕਰਦਿਆਂ ਹੋਇਆਂ ਸੁਚਾਰੂ ਤੇ ਭਾਵਪੂਰਤ ਕਵਿਤਾ ਸਬੰਧੀ ਕਈ ਮੁਲਵਾਨ ਨੁਕਤੇ ਸਾਂਝੇ ਕੀਤੇ। ਇਸ ਦੌਰਾਨ ਹਾਜ਼ਰੀਨ ਵਿਚ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਦਰਸ਼ਨ ਸਿੰਘ ਦਰਸ਼ਨ, ਬੇਅੰਤ ਸਿੰਘ ਵਿਰਦੀ, ਬਿਕਰਮਜੀਤ ਸਿੰਘ ਗਿੱਲ, ਗਿਆਨ ਸਿੰਘ ਦਰਦੀ, ਸਮੀਉਲ੍ਹਾ ਖ਼ਾਨ, ਉਨ੍ਹਾਂ ਹੋਰ ਕਿਹਾ ਕਿ ਅੰਮ੍ਰਿਤਸਰ ਤੋਂ ਆਏ ਗੁਰਪ੍ਰਤਾਪ ਸਿੰਘ, ਪੱਤਰਕਾਰ ਰਜਿੰਦਰ ਧਾਲੀਵਾਲ, ਸ਼੍ਰੀਮਤੀ ਘਈ ਤੇ ਉਨ੍ਹਾਂ ਦੇ ਪਰਿਵ-ਾਰਿਕ ਮੈਂਬਰ, ਕੁਲਦੀਪ ਸਿੰਘ ਤੇ ਕਈ ਹੋਰ ਸ਼ਾਮਲ ਸਨ।

# ਕਿੰਨਰ (ਹਿਜੜੇ) ਵੀ ਮਨੁੱਖੀ ਅਧਿਕਾਰਾਂ ਦੇ ਬਰਾਬਰ ਹੱਕਦਾਰ ਹਨ !



ਰਾਜਿੰਦਰ ਕੌਰ ਚੋਹਕਾ

ਮਨੁੱਖੀ ਸੰਸਾਰ ਅੰਦਰ ਇਹ ਇਕ ਕੁਦਰਤੀ ਵਰਤਾਰਾ ਹੈ, ਕਿ ਲੱਖਾਂ ਮਨੁੱਖੀ ਦੇਸ਼ਾਂ 'ਚ ਇਕ ਅਜਿਹੀ ਮਨੁੱਖੀ ਹੋਂਦ ਵੀ ਪੈਦਾ ਹੋ ਜਾਂਦੀ ਹੈ, ਜਿਹੜੀ ਲਿੰਗਕ ਵਜੋਂ ਜਨਨ ਅੰਗਾਂ ਅੰਦਰ, ''ਨਾ-ਨਰ, ਨਾ-ਮਾਦਾ'' ਜਾਂ ਦੋਨੋ ਤਰਾਂ ਵਾਲੇ ਅਣ-ਵਿਕਸਤ ਰਿਪਰੋਡਕਟਿਵ ਅੰਗਾਂ ਵਾਲੇ (ਜਨਨ ਅੰਗਾਂ) ਚਿੰਨ੍ਹਾਂ ਅੰਦਰ ਹੁੰਦੀ ਹੈ। ਭਾਵ ! ਟਰਾਂਸਜੈਂਡਰ ਅਜਿਹੇ ਬੱਚੇ ਦੀ ਰਚਨਾ ਦੇ ਸ਼ੁਰੂਆਤ ਵੇਲੇ ਹੀ ਇਹ ਜਨਨ ਅੰਗ (ਜੈਨੇਟੀਕਲੀ) ਅਧੂਰੇ ਵਿਕਸਤ ਰਹਿ ਜਾਂਦੇ ਹਨ। ਮਨੁੱਖੀ ਸੰਸਾਰ ਅੰਦਰ ਇਸ ਵਰਗ ਨੂੰ '' ਕਿੰਨਰ ਜਾਂ ਹਿਜੜੇ'' ਵਜੋਂ ਜਾਣਿਆ ਜਾਂਦਾ ਹੈ, (ਟਰਾਂਸਜੈਂਡਰ) ! ਇਹ ਵੀ ਮਨੁੱਖੀ ਪਰਿਵਾਰ ਦਾ ਇਕ ਅਟੁੱਟ ਅੰਗ ਹਨ। ਪਰ ! ਇਸ ਟਰਾਂਸਜੈਂਡਰ ਵਰਗ ਦਾ ਸਮਾਜਿਕ ਜੀਵਨ ਬਹੁਤ ਹੀ ਪ੍ਰੇਸ਼ਾਨੀਆਂ ਤੇ ਨਮੋਸ਼ੀ ਭਰਿਆ ਬਣਾ ਦਿੱਤਾ ਜਾਂਦਾ ਹੈ। ਕਿੰਨਰ ਦਾ ਸਰੀਰ ਮਰਦਾਂ ਵਰਗਾ, ਪ੍ਰਤੂੰ ਛਾਤੀ ਤੇ ਰੰਗ-ਰੂਪ ਇਸਤਰੀਆਂ ਵਰਗੇ ਹੁੰਦੇ ਹਨ। ਤੁਰਨ-ਫਿਰਨ ਦਾ ਢੰਗ ਅਤੇ ਅਵਾਜ਼ ਵੀ ਮਿਲਵੀਂ ਹੁੰਦੀ ਹੇ। ਬੱਚੇਦਾਨੀ ਦਾ ਨਾ ਹੋਣ ਅਤੇ ਸਰੀਰਕ ਹਾਰਮੋਨਜ਼ ਵੀ ਦੋਨੋ ਤਰ੍ਹਾਂ ਦੇ ਅਣਵਿਕਸਤ ਹੋਣ ਕਰਕੇ ਉਨ੍ਹਾਂ ਦੇ ਸਰੀਰਕ ਅੰਗਾਂ ਦੀ ਬਣਤਰ 'ਤੇ ਮਨ ਵਜੋਂ ਉਹ ''ਇਸਤਰੀ ਲਿੰਗਕ'' ਦਾ ਹੀ ਪ੍ਰਭਾਵ ਦਿੰਦੇ ਹਨ। ਮੂੰਹ ਤੇ ਕਈ ਵਾਰੀ ਮਰਦਾਨੀ ਮੁਛਾਂ ਦਾ ਨਾ ਆਉਣਾ, ਉਹ ਇਸਤਰੀਆਂ ਦੇ ਨਾਲ ਹੀ ਰਹਿਣਾ, ਮਿਲਣਾ ਪਸੰਦ ਕਰਦੇ ਹਨ। ਪੂਰਾ ਮੇਕ-ਅਪ, ਸਜ-ਸੰਵਰ ਕੇ ਰਹਿਣਾ ਵੀ ਉਹਨਾਂ ਦਾ ਇਹ ਇਸਤਰੀ ਪੱਖ ਹੀ ਦਰਸਾਉਂਦਾ ਹੈ। ਭਾਵੇਂ ! ਉਹ ਇਸਤਰੀ ਜਾਂ ਮਰਦ ਦੇ ਰੂਪ ਵਿੱਚ ਹੀ ਰਹਿਣ, ਪਰ ! ਉਹਨਾਂ ਨੂੰ ਸਮਾਜ ਅੰਦਰ ਸਨਮਾਨਤ ਸਥਾਨ ਮਿਲਣਾ ਚਾਹੀਦਾ ਹੈ। ਕਿਉਂਕਿ ਉਹ ਵੀ ਮਨੁੱਖੀ ਸਮਾਜ ਦਾ ਇਕ ਅੰਗ ਹਨ ?

ਕਿੰਨਰ (ਹਿਜੜੇ) ਲੋਕਾਂ ਦਾ ਵੀ ਆਪਣਾ ਇਕ ਸਮਾਜ ਹੈ। ਉਹ ਚਾਰ ਫਿਰਕਿਆਂ (ਸ਼ਾਖਾਵਾਂ) 'ਚ ਵੰਡੇ ਹੋਏ ਹਨ। ਪਹਿਲਾ ਫਿਰਕਾ 'ਬਚਰਾ' ਜੋ ਜਨਮ ਤੋਂ ਹੀ ਕਿੰਨਰ ਹੁੰਦੇ ਹਨ, ਭਾਵ ! (ਟਰਾਂਸਜੈਂਡਰ) ਦੂਸਰਾ ਫਿਰਕਾ ''ਨੀਲਿਮਾਂ'' ਜੋ ਖੁਦ ਕਿੰਨਰ ਬਣ ਜਾਂਦੇ ਹਨ। ਤੀਸਰੇ ਫਿਰਕੇ ਵਾਲੇ ''ਮਨਸਾਂ ਲੋਕ'' ਜੋ ਸਵੈ-ਇਛਤ ਨਾਲ ਸ਼ਾਮਲ ਹੁੰਦੇ ਹਨ। ਚੌਥੇ ਵਰਗ ਵਿੱਚ ''ਹੰਸਾਂ'' ਜੋ ਲਿੰਗਕ (ਸਰੀਰਕ) ਅੰਗਾਂ ਦੀ ਘਾਟ ਜਾਂ ਨਿਪੁੰਸਕਤਾ ਦੇ ਕਾਰਨ ਹਿਜੜੇ ਸਮਾਜ 'ਚ ਸ਼ਾਮਲ ਹੋ ਜਾਂਦੇ ਹਨ। ਕਿੰਨਰ ਸਮਾਜ ਸਬੰਧੀ ਅਲਾਹਾਬਦ ਹਾਈ ਕੋਰਟ ਦੇ ਰਜਿਸਟਰਾਰ ਵਲੋਂ ਇਕ ਬਹੁਤ ਹੀ ਖੋਜ-ਭਰਪੂਰ ਰੌਸ਼ਨੀ ਪਾਈ ਹੈ। ਪਿਛਲੇ 25 ਸਾਲਾਂ ਦੇ ਅਰਸੇ ਦੌਰਾਨ ਕੀਤੀ ਖੋਜ ਰਾਹੀਂ ''ਖੋਜਕਾਰ ਮਹਿੰਦਰ ਭੀਸ਼ਮ'' ਨੇ ਦੱਸਿਆ ਹੈ, ''ਕਿ ਜਿਥੇ ਪੁਰਸ਼ ਅਤੇ ਇਸਤਰੀ ਦੇ ਮਿਲਾਪ ਨਾਲ ਮਨੁੱਖੀ ਸਮਾਜ ਅੰਦਰ ਵਾਧਾ ਹੁੰਦਾ ਹੈ, ਉੱਥੇ ਇਕ ''ਤੀਸਰਾ ਜੈਂਡਰ'' ਵੀ ਸਾਡੇ ਸਮਾਜ ਅੰਦਰ ਪੈਦਾ ਹੋ ਕੇ ਸਾਡਾ ਹਿੱਸਾ ਬਣਦਾ ਹੈ। ਪਰ ! ਸਾਡਾ ਸਮਾਜ ਤੀਸਰੇ ਜੈਂਡਰ ਨੂੰ ''ਕਿੰਨਰ'' ਜੋ ਸਾਡੇ ਹੀ ਬੱਚੇ ਹੁੰਦੇ ਹਨ, ਜਦੋਂ ਉਹ ਵੱਡੇ ਹੋ ਜਾਂਦੇ ਹਨ, ਤਾਂ ਉਹਨਾਂ ਦੇ ਸਰੀਰ ਅੰਦਰ ਆ ਰਹੀ ਤਬਦੀਲੀ ਬਾਦ ਉਹ ਸਮਾਜ ਲਈ ਘਿਰਣਾ ਦਾ ਪਾਤਰ ਬਣ ਜਾਂਦੇ ਹਨ ? ਪਰ ! ਇਹ ਨਹੀਂ ਹੋਣਾ ਚਾਹੀਦਾ ਹੈ ?

ਕਿੰਨਰਾਂ ਦੇ ਜਨਮ ਤੋਂ ਬਾਦ ਘਰ ਤੋਂ ਹੀ ਉਨ੍ਹਾਂ ਨਾਲ ਭੇਦ-ਭਾਵ, ਮਾਰ-ਕੁੱਟ, ਨਫ਼ਰਤ, ਵਿਤਕਰਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰੀ ਤਾਂ ਉਨ੍ਹਾਂ ਦੇ ਮਾਂ-ਬਾਪ ਘਰੋਂ ਹੀ ਉਨ੍ਹਾਂ ਨੂੰ ਬਾਹਰ ਕੱਢ ਦਿੰਦੇ ਹਨ। ਕਈ ਮਾਂ-ਬਾਪ ਇਜ਼ਤ ਤੋਂ ਮਾਰੇ ਆਪ ਹੀ ਆਪਣੇ ਬੱਚੇ ਨੂੰ ਕਿੰਨਰ ਪ੍ਰੀਵਾਰਾ ਨੂੰ ਦੇ ਦਿੰਦੇ ਹਨ ਅਤੇ ਕੁਝ ਮਾਤਾ-ਪਿਤਾ ਆਪਣੇ ਇਸ ਤਰ੍ਹਾਂ ਦੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਕਾਬਿਲ ਬਨਾਉਣਾ ਚਾਹੁੰਦੇ ਹਨ। ਸਾਡੇ ਦੇਸ਼ ਦਾ ਸਮਾਜਿਕ ਢਾਚਾਂ ਇਹੋ-ਜਿਹਾ ਹੈ; ਜਿੱਥੇ ਇਹੋ ਜਿਹੇ ਬੱਚੇ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ, ਤਾਂ ! ਉਹ ਇਸ ਅਵਸਥਾ ਵਿੱਚ ਆਪ ਹੀ ਘਰ ਛੱਡ ਦਿੰਦੇ ਹਨ। ਦੇਸ਼ ਦੀ ਪਹਿਲੀ ਕਿੰਨਰ ਜਜ ''ਜਿਓਤਾ ਮੰਡਲ'' ਅਤੇ ਬਿਊਟੀ ਕਿਊਨ (ਸੋਹਣੀ ਦਿੱਖ ਵਾਲੀ) ''ਨਾਜ਼ ਜੋਸ਼ੀ'' ਦੀ ਸਫ਼ਲ ਜ਼ਿੰਦਗੀ ਇਸ ਦੀ ਇਕ ਮਿਸਾਲ ਹੈ। ਘਰਾਂ ਤੋਂ ਬਾਹਰ ਜੇਕਰ ਕਿਤੇ ਜਾਂਦੇ ਹਨ ਜਾਂ ਸਕੂਲ 'ਚ ਜਾਂਦੇ ਹਨ ਤਾਂ ! ਉਥੇ ਵੀ ਉਨ੍ਹਾਂ ਨਾਲ ਵਿਤਕਰਾ, ਕੁੱਟ-ਮਾਰ, ਛੇੜ-ਛਾੜ ਜਾਰੀ ਰਹਿੰਦੀ ਹੈ।

(ਮਹਿੰਦਰ ਭੀਸ਼ਮ, ਲੇਖਕ 'ਕਿੰਨਰ ਕਥਾ ਮੈਂ ਪਾਇਲ ਵਿਚੋਂ')

ਇਕ ਸਰਵੇਖਣ ਮੁਤਾਬਿਕ 29ਫੀ-ਸਦ ਕਿੰਨਰ ਕਦੇ ਸਕੂਲ ਹੀ ਨਹੀਂ ਗਏ, 52ਫੀ-ਸਦ ਕਿੰਨਰਾਂ ਨੂੰ ਕਲਾਸ ਮੇਟਾਂ ਨੇ ਹੀ ਹਰਾਸਮੈਂਟ ਕੀਤਾ (ਛੇੜ-ਛਾੜ) 18ਫੀ-ਸਦ ਕਿੰਨਰਾ ਦਾ ਸੈਕਸੂਅਲ, 62ਫੀ-ਸਦ ਮੈਂਟਲੀ? (ਜਿਸਮਾਨੀ ਦਿਮਾਗੀ ਤੌਰ ਤੇ) ਅਤੇ 13ਫੀ-ਸੱਦ ਨੂੰ ਟੀਚਰਾਂ ਵਲੋਂ ਹੀ ਤੰਗ-ਪ੍ਰੇਸ਼ਾਨ ਕੀਤਾ ਗਿਆ। ਏਨੀ ਹਰਾਸਮੈਂਟ ਹੋਣ ਦੇ ਬਾਵਜੂਦ ਵੀ 5ਫੀ-ਸਦ ਕਿੰਨਰਾਂ ਨੇ ਗਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਤੇ ਜ਼ਿੰਦਗੀ ਵਿੱਚ ਅੱਗੇ ਵਧੇ। (ਸੋਰਸ ਟਰਾਂਸਜੈਂਡਰ ਤੇ ਐਨ.ਐਚ.ਆਰ.ਸੀ.) ਦੀ 2018 ਦੀ ਰਿਪੋਰਟ)

ਜੇ.ਐਨ.ਯੂ. ਦੀ ਵਿਦਿਆਰਥਣ ''ਹਰਿਸ਼ਤਾ ਦਿਵੇਦੀ'' ਜੋ ਕਿੰਨਰਾ ਤੇ ਖੋਜ ਕਰ ਰਹੀ ਹੈ, ਦੇ ਮੁਤਾਬਿਕ ਕਿੰਨਰਾ ਦੇ 7 ਘਰਾਣੇ (ਸੱਤ) ਹਨ ਅਤੇ ਹਜ਼ਾਰਾਂ ਹੀ ਗਦੀਆਂ ਹਨ। ਇਕ (ਖਿੱਤਾ) ਜਗ੍ਹਾ ਜਿਥੇ ਕਿੰਨਰ ਇੱਕਠੇ ਹੋ ਕੇ ਰਹਿੰਦੇ ਹਨ, ਜੋ ਦੂਸਰੇ ਲੱਖਾਂ ਕਿੰਨਰਾ ਨਾਲ ਜੁੜੇ ਹੋਏ ਹਨ। ਕਿੰਨਰ (ਸਮੁਦਾਏ) ਪ੍ਰੀਵਾਰਾਂ ਵਿੱਚ ਗੁਰੂ ਦੀ ਸਿੱਖਿਆ ਦੀ ਪਰੰਪਰਾਂ ਸਭ ਤੋਂ ਉੱਚੀ ਮੰਨੀ ਗਈ ਹੈ।

ਜੇ.ਐਨ.ਯੂ ਦੀ ਵਿਦਿਆਰਥਣ 'ਹਰਿਸ਼ਤਾ ਦਿਵੇਦੀ' ਨੇ ਇਸ ਵਰਗ ਦੀਆਂ ਸਮਾਜਿਕ, ਮਾਨਸਿਕ ਅਤੇ ਬੌਧਿਕ ਪਖੋਂ ਇਨ੍ਹਾਂ ਦੀਆ ਮੁਸ਼ਕਲਾਂ ਜਾਨਣ ਲਈ ਕਿੰਨਰਾ ਦੀ ਜ਼ਿੰਦਗੀ ਨੂੰ ਨੇੜੇ ਤੋਂ ਦੇਖਿਆ, ਉਨ੍ਹਾਂ ਨਾਲ ਰਹਿ ਕੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਗੱਲਾਂ-ਬਾਤਾਂ ਕੀਤੀਆਂ ਅਤੇ ਉਨ੍ਹਾਂ ਦੀਆ ਦੁੱਖਾਂ-ਭਰੀਆ ਜ਼ਿੰਦਗੀ ਦੀਆਂ ਰੀਝਾਂ ਫਰੋਲੀਆਂ ਹਨ। ਉਸ ਦੇ ਦਸਣ ਦੇ ਮੁਤਾਬਿਕ ''ਜਦੋਂ ਵੀ ਕੋਈ ਕਿੰਨਰ, ਕਿੰਨਰਾਂ ਦੇ ਘਰ/ਪਰਿਵਾਰ ਵਿੱਚ ਆਉਂਦਾ ਹੈ, ਤਾਂ ! ਇਸ ਸਮੇਂ ਇਕ ਮੇਲੇ ਵਰਗਾ ਮਹੌਲ ਹੁੰਦਾ ਹੈ। ਇਸ ਸਮੇਂ ਦੂਸਰਿਆਂ ਘਰਾਣਿਆਂ ਦੇ ਗੁਰੂ ਅਤੇ ਗੁਰੂ-ਗੱਦੀਆਂ ਦੇ ਮੁੱਖੀ ਵੀ ਉਸ ਸਮੇਂ ਹਾਜ਼ਰ ਹੁੰਦੇ ਹਨ ਤਾਂ ! ਖੁਸ਼ੀ ਵਿੱਚ ਨੱਚਿਆ-ਟੱਪਿਆ ਤੇ ਗੀਤ ਵੀ ਗਾਏ ਜਾਂਦੇ ਹਨ। ਨਵੇਂ ਆਏ ਕਿੰਨਰ ਦਾ ਨਾਂ ਰੱਖਿਆ ਜਾਂਦਾ ਹੈ। ਕੱਪੜੇ, ਗਹਿਣੇ, ਪੈਸੇ ਤੇ ਗ੍ਰਹਿਸਥੀ ਦਾ ਕੁਝ ਸਮਾਨ ਨਵੇਂ ਕਿੰਨਰ ਨੂੰ ਦਿੱਤਾ ਜਾਂਦਾ ਹੈ। ਇਸ ਦਖਣਾਂ ਤੋਂ ਬਾਦ ਉਸ ਕਿੰਨਰ ਦੇ ਲਈ ਮਾਤਾ-ਪਿਤਾ, ਭਰਾ, ਭੈਣ ਤੇ ਪਰਿਵਾਰ ਦਾ ਮੁੱਖੀਆ ਸਭ ਕੁਝ 'ਗੁਰੂ' ਹੀ ਬਣ ਜਾਂਦਾ ਹੈ। ਕਿੰਨਰ ਗੁਰੂ ਦੇ ਨਾਂ ਦਾ ਸੰਧੂਰ ਮੱਥੇ ਤੇ ਲਗਾਉਂਦੇ ਹਨ। ਕਰਵਾ-ਚੌਥ ਦਾ ਵਰਤ ਵੀ ਰੱਖਿਆ ਜਾਂਦਾ ਹੈ। ਗੁਰੂ ਨੂੰ ਪ੍ਰੀਵਾਰ ਦੇ ਮੁੱਖੀ ਵਾਂਗ ਇਜ਼ਤ, ਸਨਮਾਨ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕ ਕਿੰਨਰਾਂ ਨੂੰ ਹੈਰਾਨੀ ਤੇ ਨਫ਼ਰਤ ਨਾਲ ਦੇਖਦੇ ਹਨ। ਪੁਲੀਸ, ਹੋਟਲਾਂ ਤੇ ਰਾਹਾਂ ਵਿੱਚ ਤੁਰੇ ਜਾ ਰਹੇ ਲੋਕਾਂ ਵਲੋਂ ਵੀ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ।

ਕਿੰਨਰਾਂ ਦਾ ਵੀ ਇਕ ਸੰਸਾਰ ਹੈ ! ਕਿੰਨਰਾ ਨੂੰ ਆਪਣੇ ਘਰਾਣੇ ਵਿੱਚ ਸ਼ਾਮਲ ਕਰਨ ਸਮੇਂ ਜੋ, ਕਿੰਨਰ ਮਰਦਾਂ ਵਾਂਗ ਦਿਖਾਈ ਦਿੰਦੇ ਹਨ ਤਾਂ ਉਨ੍ਹਾਂ ਦੇ ਪ੍ਰਾਈਵੇਟ ਪਾਰਟ ਨੂੰ ਰੀਮੂਵ ਕਰ ਦਿੱਤਾ ਜਾਂਦਾ ਹੈ। ਜਿਸ ਨੂੰ ਸ਼ੁੱਧੀ ਕਰਨ ਕਿਹਾ ਜਾਂਦਾ ਹੈ। ਗੁਰੂ ਦੀ ਸਿੱਖਿਆ ਮਿਲਣ ਤੋਂ ਬਾਦ, ਘਰਾਣੇ ਵਿੱਚ, ਘਰਾਣੇ ਦੀ ਭਾਸ਼ਾ, ਤਾਲੀ ਥਾਮ (ਅਵਾਜ) ਤੇ ਨੱਚਣ ਟਪਣ ਦੀ



ਸਿੱਖਿਆ ਦਿੱਤੀ ਜਾਂਦੀਹੈ। ਫਿਰ ਜਿਹੜੇ ਪਹਿਲਾਂ ਹੀ ਕਿੰਨਰ ਉਸ ਘਰਾਣੇ ਵਿੱਚ ਹੁੰਦੇ ਹਨ ਉਨ੍ਹਾਂ ਨਾਲ ਨਵੇਂ ਆਏ ਕਿੰਨਰਾਂ ਨੂੰ ਵਧਾਈ ਲੈਣ ਭੇਜਿਆ ਜਾਂਦਾ ਹੈ। ਕਿੰਨਰ ਜੋ ਕੁਝ ਵੀ ਕਮਾ ਕੇ ਲਿਆਉਂਦੇ ਹਨ, ਉਸ ਵਿਚੋਂ ਇਕ ਹਿੱਸਾ ਗਦੀ ਦੇ ਗੁਰੂ ਜਾਂ ਉਸ ਘਰਾਣੇ ਨੂੰ ਦਿੱਤੇ ਜਾਂਦੇ ਹਨ। ਕਿੰਨਰ ਘਰਾਣੇ ਦੇ ਲੋਕ, ਘਰਾਣੇ ਦਾ ਗੁਰੂ ਪੰਜਾਂ ਕਿੰਨਰਾਂ ਨੂੰ ਵੀਰਤਾ ਸਾਹਸੀ ਦੇ ਅਧਾਰ ਤੇ ਆਪਣਾ ਉਤਰਾਅਧਿਕਾਰੀ ਚੁਣਦੇ ਹਨ।ਗੁਰੂ ਦੇ ਮਰਨ ਤੋਂ ਬਾਦ ਇਨ੍ਹਾਂ ਪੰਜਾਂ ਵਿਚੋਂ ਜੋ ਸਭ ਤੋਂ ਵੱਡਾ ਹੁੰਦਾ ਹੈ, ਉਸ ਨੂੰ ਘਰਾਣੇ ਦਾ ਗਰੂ ਚੁਣ ਲਿਆ ਜਾਦਾ ਹੈ। ਕਿੰਨਰ ਪ੍ਰੀਵਾਰਾਂ ਲਈ ਗੁਰੂ ਦੀ ਗੱਲ, ''ਪੱਥਰ ਤੇ ਲੀਕ'' ਵਾਲੀ ਹੁੰਦੀ ਹੈ। ਜਿਸ ਨੂੰ ਉਹ ਜ਼ਿੰਦਗੀ ਭਰ ਨਿਭਾਉਂਦੇ ਹਨ। ਕਿੰਨਰ ਵੀ ਇਸ ਧਰਤੀ ਤੇ ਇਨਸਾਨ ਹੀ ਹਨ। ਭਾਂਵੇ ! ਸਰੀਰਕ ਪਖੋਂ ਕੁਝ ਕਮੀਆਂ ਕਾਰਨ ਇਨ੍ਹਾਂ ਦਾ ਸਮਾਜ ਅਲਗ ਬਣ ਜਾਂਦਾ ਹੈ। ਜਿਸ ਪ੍ਰੀਵਾਰ ਵਿਚ ਇਹੋ ਜਿਹਾ ਬੱਚਾ ਪੈਦਾ ਹੁੰਦਾ ਹੈ ਤੇ ਕਈ ਪ੍ਰੀਵਾਰ ਬੱਚੇ ਨੂੰ ਘਰ ਰੱਖਦੇ ਹੀ ਨਹੀਂ ਹਨ। ਜੇਕਰ ਇਹੋ ਜਿਹੇ ਬੱਚੇ ਬਾਰੇ ਕਿੰਨਰਾਂ ਨੂੰ ਪਤਾ ਲੱਗ ਵੀ ਜਾਵੇ, ਤਾਂ! ਉਹ ਜ਼ੋਰ-ਜ਼ਬਰਦਸਤੀ ਨਾਲ ਉਸ ਕਿੰਨਰ ਨੂੰ ਆਪਣੇ ਘਰਾਣੇ ਵਿੱਚ ਸ਼ਾਮਲ ਕਰ ਲੈਂਦੇ ਹਨ।

ਮਾਨਸਿਕ ਤੌਰ ਤੇ ਵੀ ਕਿੰਨਰ ਦੂਸਰੇ ਬੱਚਿਆਂ ਤੋਂ ਪਿੱਛੇ ਨਹੀਂ ਹਨ ? ਕਿੰਨਰਾਂ ਵਿੱਚ ਵੀ ਕਾਫੀ ਯੋਗਤਾਵਾਂ ਹੁੰਦੀਆਂ ਹਨ।ਪਰ ! ਇਹੋ ਜਿਹੇ ਵਰਗ ਦੇ ਲੋਕਾਂ ਨੂੰ ਕੋਈ ਕੰਮ, ਕਿੱਤਾ ਕਰਨ ਲਈ ਯੋਗ ਨਹੀਂ ਬਣਾਇਆ ਜਾਂਦਾ ਹੈ।ਸਰਕਾਰਾਂ ਵੀ ਇਸ ਵਰਗ ਪ੍ਰਤੀ ਸੁਚੇਤ ਨਹੀਂ ਹਨ ਤੇ ਨਾ ਹੀ ਇਸ ਪਾਸੇ ਕੋਈ ਕਦਮ ਪੁੱਟ ਰਹੀਆਂ ਹਨ। ਉਹ ਰੁਜ਼ਗਾਰ ਪਖੋਂ ਬੇ-ਸਹਾਰਾ ਹੀ ਹਨ। ਜ਼ਿੰਦਗੀ ਦਾ ਨਿਰਬਾਹ ਨੱਚ-ਟੱਪ ਕੇ, ਢੋਲਕੀਆਂ, ਤਾੜੀਆ ਵਜਾ ਕੇ ਅਤੇ ਜਿਸ ਘਰ ਲੜਕਾ ਪੈਦਾ ਹੁੰਦਾ ਹੈ ਜਾਂ ਵਿਆਹ ਹੁੰਦਾ ਹੈ ਉਥੋਂ ਵਧਾਈ ਲੈਣ ਲਈ ਜਾਂਦੇ ਹਨ। ਕਈ ਵਾਰੀ ਹਜ਼ਾਰਾਂ ਰੁਪਏ ਦੀ ਨਕਦੀ ਵੀ ਮਿਲਦੀ ਹੈ। ਪ੍ਰੀਵਾਰਾਂ ਦੀ ਹਾਲਤ ਦੇ ਮੁਤਾਬਿਕ ਕਈ ਸੋਨੇ ਦਾ ਗਹਿਣਾ ਲੈਣ ਦੀ ਵੀ ਜਿਦ ਕਰਦੇ ਹਨ। ਜਿਦੀ ਬਹੁਤ ਹਨ। ਜਾਂ ਫਿਰ ਸਰਾਪ ਦੇਣ ਦਾ ਡਰ ਦੇ ਕੇ, ਖਾਸ ਤੌਰ ਤੇ ਘਰ ਦੀਆ ਇਸਤਰੀਆਂ ਉੱਪਰ ਦਬਾਓ ਪਾ ਲੈਂਦੇ ਹਨ। ਅੱਜ ! 92ਫੀ-ਸਦ ਕਿੰਨਰ ਰੁਜ਼ਗਾਰ ਵਿਵਸਥਾ ਤੋਂ ਵਿਰਵੇ ਹਨ, 96ਫੀ-ਸਦ ਕਿੰਨਰ ਕੁਆਲੀਫਾਈਡ ਪੜ੍ਹੇ ਲਿਖੇ ਹਨ, ਪਰ ! ਨੌਕਰੀ ਕੋਈ ਨਹੀਂ ਮਿਲਦੀ ਤੇ ਨਾ ਹੀ ਇਹੋ ਜਿਹਾ ਕੰਮ ਕਰਨ ਦਾ ਮਹੌਲ ਮਿਲਦਾ ਹੈ ਤੇ ਨਾ ਹੀ ਕਰਦੇ ਹਨ। 23ਫੀ-ਸਦ ਕਿੰਨਰ ਆਪਣਾ ਗੁਜ਼ਾਰਾ ਕਰਨ ਲਈ ਅਤੇ ਆਪਣੀਆਂ ਰੋਜ਼ਮਰਾਂ ਜ਼ਿੰਦਗੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੈਕਸੂਅਲ ਧੰਦੇ ਦਾ ਕੰਮ ਵੀ ਕਰਦੇ ਹਨ। ''ਕੌਮੀ ਸਿਹਤ ਰੂਰਲ ਕਮਿਸ਼ਨ, ਸੋਰਸ ਟਰਾਂਸਜੈਂਡਰ (ਟ।.।ਞ।ਙ।) ਦੀ 2018 ਦੀ ਰੀਪੋਰਟ)।

ਇਸ ਟਰਾਂਸਜੈਂਡਰ ਨੂੰ ''ਕਿੰਨਰ' ਵੀ ਕਿਹਾ ਜਾਂਦਾ ਹੈ ਤੇ ''ਹਿਜੜੇ'' ਵੀ। ਜੇਕਰ ਇਨ੍ਹਾਂ ਨੂੰ ਇਕ ਘਰਾਣਾ ਕੱਢ ਦੇਵੇ ਤਾਂ ਦੂਜਾ ਘਰਾਣੇ ਨਹੀ ਰੱਖਦਾ ਹੈ। ਜੇਕਰ ਕਿਸੇ ਦੂਸਰੇ ਘਰਾਣੇ ਨੂੰ ਕੋਈ ਦੂਸਰੇ ਘਰਾਣ ਦਾ ਕਿੰਨਰ ਚੰਗਾ ਲਗੇ, ਤਾਂ ਉਸ ਘਰਾਣੇ ਨੂੰ ਮੂੰਹ ਮੰਗੀ ਕੀਮਤ ਦੇ ਕੇ ਆਪਣੇ ਘਰਾਣੇ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਚੋਰੀ ਛਿਪੇ ਨਹੀਂ ਲਿਜਾਇਆ ਜਾ ਸਕਦਾ। ਕਿੰਨਰਾਂ ਨੂੰ ਆਪਣੇ-ਆਪਣੇ ਘਰਾਣੇ ਦੀਆਂ ਗੱਲਾਂ ਦਾ ਬਾਹਰ ਭੇਤ ਖੋਲਣ ਦੀ ਇਜਾਜ਼ਤ ਨਹੀਂ ਹੁੰਦੀ ਹੈ। ਜਿਹੜੀ ਸੌਂਹ ਚੁੱਕੀ ਹੁੰਦੀ ਹੈ, ਉਸ ਦੀ ਸੌਂਹ ਵਿੱਚ ਹੀ ਰਹਿ ਕੇ ਆਪਣੀ ਦੁੱਖ-ਦਰਦ ਦੀ ਜ਼ਿੰਦਗੀ ਬਿਤਾਉਣੀ ਪੈਂਦੀ ਹੈ। ਕਿਨਰ ਹੈ ਤਾਂ ! ਸਾਡੇ ਸਮਾਜ ਦਾ ਇਕ ਅਟੁੱਟ ਅੰਗ ਹੀ ਹਨ। ਉਹ ਵੀ ਆਪਣੇ ਭੈਣ-ਭਰਾਵਾਂ ਤੇ ਹੋਰ ਰਿਸ਼ਤਿਆਂ ਦੀ ਤਰ੍ਹਾਂ ਰਹਿਣ ਲਈ ਆਪਣੇ-ਆਪਣੇ ਘਰਾਣੇ ਵਿੱਚ ਉਨ੍ਹਾਂ ਦਾ ਇਕ ਅਜੀਬੋ-ਗਰੀਬ ਇਕ ਰਿਵਾਜ ਹੈ, (ਬਹਿਨਾਪਾ) ਭਾਵ ! ਭੈਣ ਦਾ ਰਿਸ਼ਤਾ। ਜਦੋਂ ਕਿੰਨਰ ਦੂਸਰੀ ਨੂੰ ਆਪਣੀ ਭੈਣ ਬਣਾਉਂਦਾ ਹੈ ਤਾਂ ! ਉਹ ਇਕ ਦੂਸਰੇ ਨਾਲ ਭੈਣ ਦਾ ਰਿਸ਼ਤਾ (ਸਤਨਪਾਨ) ਜੋੜਦੀਆਂ ਹਨ, ਤਾਂ ! ਉਸ ਨੂੰ ਭੈਣ ਦਾ ਰਿਸ਼ਤਾ ਕਿਹਾ ਜਾਂਦਾ ਹੈ।

ਕਿੰਨਰ ਸਮਾਜ ਅੰਦਰ ਵੀ ਇਕ ਕਿੰਨਰ ਦੂਸਰੇ ਲਾਲ ਪਿਆਰ ਕਰਨਾ ਚਾਹੁੰਦੇ ਹਨ। ਕਈ ਵਾਰੀ ਇਕੋ ਜਿਹੇ ਕਿੰਨਰਾ ਨੂੰ ਇਕ ਦੂਸਰੇ ਨਾਲ ਪਿਆਰ ਹੋ ਜਾਂਦਾ ਹੈ। ਪਰ ! ਇਹ ਪਿਆਰ ਕੋਈ ਬਹੁਤ ਚਿਰ ਨਹੀਂ ਰਹਿੰਦਾ। ਥੋੜੀ ਦੇਰ ਇਕੱਠੇ ਰਹਿਣ ਤੋਂ ਬਾਦ ਫਿਰ ਇਕ ਦੂਸਰੇ ਨੂੰ ਧੋਖਾ ਦੇ ਕੇ ਛੱਡ ਦਿੱਤਾ ਜਾਂਦਾ ਹੈ। ''ਹਰਿਸ਼ਤਾ ਦਿਵੇਦੀ'' ਦੇ ਮੁਤਾਬਿਕ, ''ਕਿੰਨਰ ਆਪਣੀਆਂ ਧਾਰਮਿਕ ਰਸਮਾ ਮੁਤਾਬਿਕ ਹਰ ਸਾਲ ਹੀ ਵਿਆਹ ਕਰਦੇ ਹਨ। ਤਾਮਿਲਨਾਡੂ ਦੇ ਬਿਲੂਪੁਰਮ ਜ਼ਿਲੇ ਵਿੱਚ 'ਕੁਲਾਗਾਮ' ਪਿੰਡ ਹੈ, ਜਿਥੇ ਤਾਮਿਲ ਨਵੇਂ ਸਾਲ ਦੀ ਪਹਿਲੀ ਪੂਰਨਮਾਸ਼ੀ ਤੋਂ 18-ਦਿਨ ਦਾ ਕਿੰਨਰ ਸਮਾਰੋਹ ਹੁੰਦਾ ਹੈ। ਜਿਥੇ ਦੇਸ਼ ਭਰ ਦੇ ਹਜ਼ਾਰਾਂ ਦੀ ਗਿਣਤੀ ਵਿਚ ਕਿੰਨਰ ਇੱਕਠੇ ਹੁੰਦੇ ਹਨ। ਸਮਾਰੋਹ ਦੇ ਸਤਾਰਵੇਂ ਦਿਨ ਕਿੰਨਰ ਆਪਣੇ ''ਅਰਾਧਿਆਏ ਦੇਵ ਅਰਾਵਨ ਦੀ ਮੂਰਤੀ'' ਨਾਲ ਵਿਆਹ ਰਚਾਉਂਦੇ ਹਨ। ਇਹ ਵਿਆਹ ਸਿਰਫ ਇਕ ਰਾਤ ਦਾ ਹੀ ਹੁੰਦਾ ਹੈ। ਅਠਾਹਰਵੇਂ (18-ਵੇਂ ਦਿਨ) ਅਰਾਵਨ ਦੇਵ ਦਾ ਇਕ ਪੁਤਲਾ ਪੂਰੇ ਸ਼ਹਿਰ ਵਿੱਚ ਗੀਤ-ਸੰਗੀਤ: ਗਾਜੇ-ਬਾਜੇ ਦੇ ਨਾਲ ਘੁੰਮਾਇਆ ਜਾਂਦਾ ਹੈ ਅਤੇ ਅੰਤ ਵਿੱਚ ਉਸ ਪੁਤਲੇ ਦਾ ਸੰਸਕਾਰ ਕਰ ਦਿੱਤਾ ਜਾਂਦਾ ਹੈ। ਉਸ ਤੋਂ ਬਾਦ ਸਾਰੇ ਹੀ ਕਿੰਨਰ ਵਿਧਵਾਵਾਂ ਵਾਲੀਆਂ ਪਰੰਪਰਾਵਾਂ ਕਰਦੇ ਹਨ। ਸ਼ੋਕ ਵਿੱਚ ਡੁੱਬ ਜਾਣ ਤੋਂ ਬਾਦ ਸੰਧੂਰ ਮਿਟਾ ਦੇਣਾ, ਚੂੜੀਆਂ ਤੇ ਹੋਰ ਹਾਰ-ਸ਼ਿੰਗਾਰ ਲਾਹ ਦੇਣਾ, ਭਾਵ! ਵਿਧਵਾ ਦਾ ਸਵਾਂਗ ਰਚਣਾ। ਇਸ ਪਰੰਪਰਾ ਨੂੰ (ਸਾਊਥ ਤੇ ਵੈਸਟ) ਦੱਖਣ-ਪੱਛਮੀ ਦੇ ਕਿੰਨਰ ਬੜੀ ਹੀ ਗੰਭੀਰ ਅਤੇ ਉਸਸੁਕਤਾ ਨਾਲ ਮਨਾਉਂਦੇ ਹਨ। ਭਾਵ! ਆਪਣੇ ਹੋਰ ਸਮਾਜ ਵਾਂਗ ਆਪਣੇ ਹੀ ਘਰਾਣੇ ਵਿੱਚ ਰਹਿ ਕੇ ਆਪਣੀਆਂ ਖੁਸ਼ੀਆਂ, ਗਮੀਆਂ ਤੇ ਆਪਣੀਆਂ ਉਨ੍ਹਾਂ ਪਰੰਪਰਾਵਾਂ ਨੂੰ ਨਿਭਾ ਕੇ ਆਪਣੀ ਜ਼ਿੰਦਗੀ ਨੂੰ ਮੁੜ ਸੁਰਜੀਤ ਕਰਦੇ ਹਨ। ਭਾਂਵੇ ! ਉਹ ਆਪਣੇ ਅਸਲੀ ਸਮਾਜ ਤੋਂ ਟੁੱਟ ਚੁੱਕੇ ਹੁੰਦੇ ਹਨ। ਕਿੰਨੀ ਭਿਆਨਕ ਤੇ ਤਰਾਸਦੀ ਵਾਲੀ ਜ਼ਿੰਦਗੀ 'ਚ ਕਿੰਨਰ ਜੀਵਨ ਬਤੀਤ ਕਰਦੇ ਹਨ। ਆਪਣੀਆਂ ਖੁਸ਼ੀਆਂ ਗਮੀਆਂ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ। ਆਪਣੇ ਜਨਮ ਦੇਣ ਵਾਲੇ ਮਾਂ-ਬਾਪ ਨੂੰ ਛੱਡ ਕੇ ਦੂਸਰੇ ਪਰਿਵਾਰਾਂ ਨੂੰ ਇਕ ਆਪਣੇ ਹੀ ਪਰਿਵਾਰ ਦਾ ਹਿੱਸਾ ਬਣਾ ਲੈਣਾ ਤੇ ਉਥੇ ਹੀ ਜ਼ਿੰਦਗੀ ਬਿਤਾ ਕੇ ਮਰ ਜਾਣਾ ? ਉਨ੍ਹਾਂ ਦਾ ਇਕ ਅਜੀਬ ਸੰਸਾਰ ਹੈ।

ਕਿੰਨਰਾਂ ਦੇ ਮਰਨ ਤੋਂ ਬਾਅਦ ਇਨ੍ਹਾਂ ਦੀਆ ਕੀਤੀਆਂ ਜਾਂਦੀਆਂ ਰਸਮਾਂ ਵਿੱਚ ਨਿਭਾਈ ਜਾਂਦੀ ਦੁੱਖਦਾਈ ਭੂਮਿਕਾ, ਉਨ੍ਹਾਂ ਦੀ ਜ਼ਿੰਦਗੀ ਦੀ ਤਰਾਸਦੀ ਨੂੰ ਹੀ ਦਰਸਾਉਂਦੀ ਹੈ। ਇਨ੍ਹਾਂ ਦੇ ਮਰਨ ਤੋਂ ਬਾਦ ਇਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਵੇਲੇ ਵੀ ਕਈ ਮਨ ਪ੍ਰਚਲਤ ਘਟਨਾਵਾਂ ਦੇ ਵੇਰਵੇ ਮਿਲਦੇ ਹਨ। ''ਸਾਹਿਤਕਾਰ ਮਹੇਂਦਰ ਭੀਸ਼ਮ'' ਜਿਨ੍ਹਾਂ ਨੇ ਲੰਬਾ ਸਮਾਂ ਇਨਾਂ ਨਾਲ ਰਹਿ ਕੇ ਇਨਾਂ ਦੀ ਜ਼ਿੰਦਗੀ ਨੂੰ ਦੇਖਿਆ ਬਾਰੇ ''ਕਿੰਨਰ ਕਥਾ ਮੇਂ ਪਾਇਲ'' ਕਿਤਾਬ ਲਿਖੀ, ਵਿਚ ਦੱਸਿਆ ਗਿਆ ਹੈ ਕਿ, ''ਕਿੰਨਰ ਉਸ ਤਰ੍ਹਾਂ ਆਪਣੇ ਮੁਢਲੇ ਪਰਿਵਾਰਾਂ ਨਾਲ ਹੀ ਜੁੜੇ ਹੁੰਦੇ ਹਨ ਅਤੇ ਉਨਾਂ ਦਾ ਅਤਮ ਸੰਸਕਾਰ ਵੀ ਮੁਢਲੇ ਕਿਸੇ ਪਰਿਵਾਰ ਵਲੋਂ ਹੀ ਕੀਤਾ ਜਾਂਦਾ ਹੈ। ਜੇਕਰ ਕੋਈ ਨਾ ਹੋਵੇ ਤਾਂ ਉਸ ਦਾ ਸੰਸਕਾਰ ਕਿੰਨਰ ਆਪ ਹੀ ਕਰ ਦਿੰਦੇ ਹਨ। ਉਸ ਨੂੰ ਅਗਨਦਾਹ ਕਰਨਾ, ਦਫਨਾਉਣਾ ਹੈ ਜਾਂ ਸਮਾਧੀ ਦੇਣੀ ਹੈ। ਉਹ ਧਰਮ ਗੁਰੂ ਮੁਤਾਬਿਕ ਹੀ ਹੁੰਦਾ ਹੈ।''

''ਹਰਿਸ਼ਤਾ ਦਿਵੇਦੀ ਜੀ.ਐਨ.ਯੂ. ਦੀ ਖੋਜ ਵਿਦਿਆਰਥੀ ਦੇ ਮੁਤਾਬਿਕ, ''ਕਿੰਨਰਾ ਦੇ ਮਰਨ ਤੋਂ ਬਾਦ ਦਾਹ ਸੰਸਕਾਰ ਨਹੀਂ ਕੀਤਾ ਜਾਂਦਾ ਬਲਕਿ ਦਫ਼ਨਾਇਆ ਜਾਂਦਾ ਹੈ। ਦਫ਼ਨਾਉਣ ਦੇ ਸਮੇਂ ਲਾਸ਼ ਨੂੰ ਕਬਰ 'ਚ ਲੰਮਾ ਨਹੀਂ ਪਾਇਆ ਜਾਂਦਾ। ਕਬਰ ਪੱਟ ਕੇ ਸਰੀਰ ਨੂੰ ਸਿੱਧਾ ਖੜਾ ਕਰ ਦਿੱਤਾ ਹੈ। ਉਸ ਦਾ ਸਰੀਰ ਦਫ਼ਨਾਉਣ ਤੋਂ ਪਹਿਲਾਂ ਗੁਰੂ ਵਲੋਂ ਚੁਣੇ ਹੋਏ ਪੰਜ ਲੋਕ ਆਪ ਬੀਤੀ ਸੁਣਾਉਂਦੇ ਹਨ ਅਤੇ ਮ੍ਰਿਤਕ ਦੀ ਆਤਮਾ ਦੀ ਮੁਕਤੀ ਦੀ ਅਰਦਾਸ ਕਰਨ ਤੋਂ ਬਾਦ ਦਫ਼ਨਾ ਦਿੱਤਾ ਜਾਂਦਾ ਹੈ।'' ਇਹ ਵੀ ਚਰਚਾਵਾਂ ਹਨ, ਕਿ ਇਨ੍ਹਾਂ ਦਾ ਵੀ ਅੰਤਿਮ ਸੰਸਕਾਰ ਹੁੰਦਾ ਹੈ। ਪਰ ! ਸੰਸਕਾਰ ਹੁੰਦਾ ਅਜੇ ਕਿਸੇ ਨੇ ਦੇਖਿਆ ਨਹੀ ਹੈ।

''ਕਿੰਨਰ ਤੇ ਹਿਜੜੇ'' ਸ਼ਬਦ ਤੇ ਕਾਫੀ ਵਿਰੋਧ ਹੋ ਰਿਹਾ ਹੈ। ਆਮ ਤੌਰ ਤੇ ਹਿਜੜਿਆਂ ਨੂੰ ''ਕਿੰਨਰ, ਛੱਕਾ, ਕੋਤੀ, ਖੋਜ਼ਵਾ, ਅਰਾਵਨੀ, ਥਿਰੁਨਾਨਗਾਈ, ਖ਼ਵਾਜਾ ਸਰਾਂ ਅਤੇ ਕੋਜਾ ਜਿਹੇ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ ਜਾਂ ਜਾਣਿਆ ਜਾਂਦਾਹੈ। ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿੱਚ ਰਹਿਣ ਵਾਲੀ ਜਨਜਾਤੀ ਨੂੰ ਕਿੰਨਰ ਜਾਂ ਕਿਨੌਰਾ ਕਿਹਾ ਜਾਂਦਾ ਹੈ।'' 1956 ਵਿੱਚ ਭਾਰਤੀ ਸੰਵਿਧਾਨ ਦੀ ਅਨੁਸੂਚੀ ਵਿੱਚ ਇਸ ਜਨਜਾਤੀ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਜਨਜਾਤੀਆਂ ਹਿਜੜਿਆਂ ਨੂੰ ਕਿੰਨਰ ਕਹੇ ਜਾਣ ਦਾ ਵਿਰੋਧ ਕਰਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹਿਜੜਿਆਂ ਨੂੰ ਕਿੰਨਰ ਦੇ ਨਾਂ ਤੇ ਸਦਣਾ ਕਿੰਨਰ ਜਾਤੀ ਦਾ ਅਪਮਾਨ ਹੈ। ਇਸ ਜਨਜਾਤੀ ਦਾ ਦੁੱਖ ਭਰਿਆ ਲੰਬਾ ਸਫ਼ਰ ਹੈ।ਇਕ ਪ੍ਰੀਵਾਰ ਜਨਿ-ਮਆ ! ਕਿੰਨਰ ਜਾਂ ਹਿਜੜਾ ਉਸ ਪ੍ਰੀਵਾਰ ਤੋਂ ਵੱਖ ਹੋ ਕੇ ਹਿਜੜਿਆ ਜਾਂ ਕਿੰਨਰਾ ਦੀ ਜਨਜਾਤੀ ਵਿੱਚ ਰਹਿਣ ਦਾ ਗਹਿਰਾ ਤੇ ਡੂੰਘਾ ਸਦਮਾ ਵੀ ਲਗਦਾ ਹੈ।

ਅੱਜ ! ਦੁਨੀਆਂ ਭਰ ਵਿਚ ਸਜ-ਪਿਛਾਖੜੀ ਤਾਕਤਾਂ ਅਤੇ ਸੱਜੇ ਪੱਖੀ ਪੂੰਜੀਵਾਦੀ ਸਰਕਾਰਾਂ-ਪ੍ਰਭਾਵਤ ਅੰਦੋਲਨ ਅਤੇ ਝੁਕਾਅ ਦਾ ਰੁਝਾਨ ਵੱਧ ਰਿਹਾ ਹੈ ਤੇ ਜਾਰੀ ਹੈ। ਇਸ ਦੇ ਸੰਦਰਭ ਵਿੱਚ ਬਰਾਬਰੀ ਦੀ ਸੰਵਿਧਾਨਿਕ ਗ੍ਰੰਟੀ ਵੱਲ ਵੱਧਣ ਦੀ ਬਜਾਏ ਅਤੇ ਸਮਾਜਿਕ ਨਿਆਂ ਦੇ ਉਦੇਸ਼ ਨੂੰ ਸਾਕਾਰ ਕਰਨ ਦੀ ਥਾਂ ਸਮਾਜਿਕ ਤੌਰ ਤੇ ਦੱਬੇ-ਕੁਚਲੇ ਵਰਗਾਂ ਨਾਲ ਦੁਨੀਆਂ, ਖਾਸ ਕਰਕੇ ਭਾਰਤ ਅੰਦਰ ਵਧੇਰੇ ਬੇ-ਇਨਸਾਫੀ ਅਤੇ ਵਿਤਕਰਾ ਕੀਤਾ ਜਾ ਰਿਹਾ ਹੈ। ਜਿਨਸੀ ਘੱਟ-ਗਿਣਤੀ ਟਰਾਂਸਜੈਂਡਰ ਪਰਸਨਜ਼ (ਮਨੁੱਖ) ਅਧਿਕਾਰਾਂ ਦੀ ਸੁਰੱਖਿਆ ਐਕਟ-2020 ਨੂੰ ਇਸ ਭਾਈਚਾਰੇ ਦੀਆਂ ਇਛਾਵਾਂ ਦੇ ਸੰਦਰਭ ਵਿੱਚ ਸੋਧੇ ਜਾਣ ਦੀ ਲੋੜ ਹੈ। ਉਨ੍ਹਾਂ ਨੂੰ ਓ.ਬੀ.ਸੀ. ਕੋਟੇ ਦੇ ਅੰਦਰੋਂ ਰਾਖਵਾਂਕਰਨ ਦੇਣ ਦਾ ਪ੍ਰਸਤਾਵ ਗਲਤ ਹੈ। ਉਨ੍ਹਾਂ ਨੂੰ ਸਿੱਧੀ ਰੀਜ਼ਰਵੇਸ਼ਨ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ।

ਭਾਵੇਂ -15 ਅਪ੍ਰੈਲ 2014 ਨੂੰ ਮਾਣ-ਯੋਗ ਸੁਪਰੀਮ ਕੋਰਟ ਨੇ ਕਿੰਨਰਾ ਨੂੰ ਥਰਡ ਜੈਂਡਰ ਦੇ ਤੌਰ ਤੇ ਮਾਨਤਾ ਤਾਂ! ਦੇ ਦਿੱਤੀ ਹੈ ? ਤੇ ਇਸ ਤਰ੍ਹਾਂ ਭਾਰਤ ਦੇਸ਼ ਕਿੰਨਰਾਂ ਨੂੰ ਮਾਨਤਾ ਦੇਣ ਵਾਲਾ ਦੁਨੀਆਂ ਭਰ ਵਿੱਚ ਪਹਿਲਾ ਦੇਸ਼ ਬਣ ਗਿਆ ਹੈ। ਪ੍ਰਤੂੰ ! ਅਫਸੋਸ ਹੈ ਕਿ ਐਨੇ ਸਾਲ ਬੀਤਣ ਬਾਦ ਵੀ ਦੇਸ਼ ਭਰ ਵਿੱਚ ਕਿੰਨਰਾਂ ਦੇ ਪ੍ਰਤੀ ਸਮਾਜ ਵਿੱਚ ਕੋਈ ਤਬਦੀਲੀ ਹੀ ਨਹੀਂ ਆਈ ਹੈ। ''ਹਰਿਸ਼ਤਾ ਦਿਵੇਦੀ'' ਨੇ ਦੱਸਿਆ ਹੈ ਕਿ ਜੋ ਕਿੰਨਰ ਪੜੇ-ਲਿਖੇ ਹਨ ਉਨ੍ਹਾਂ ਨੂੰ ਵੀ ਨੌਕਰੀ ਅਸਾਨੀ ਨਾਲ ਨਹੀਂ ਮਿਲਦੀ ਹੈ। ਜੇ ਮਿਲ ਵੀ ਜਾਵੇ ਤਾਂ ਤਨਖਾਹ ਨਿਗੂਣੀ ਮਿਲਦੀ ਹੈ। ਕਈ ਵਾਰੀ ਸੈਕਸੂਅਲ ਪੀੜਾ ਦਾ ਵੀ ਸ਼ਿਕਾਰ ਹੁੰਦੇ ਹਨ ਤੇ ਨੌਕਰੀ ਛੱਡ ਕੇ ਮੁੜ ਕਿੰਨਰਾਂ ਦੀ ਦੁਨੀਆ ਵਿੱਚ ਜਾ ਕੇ ਮੇਕ-ਅਪ-ਥਾਲੀ ਵਜਾਉਂਦੀ ਤੇ ਗਿੱਧਾ ਪਾ ਕੇ ਵਧਾਈ ਲੈ ਕੇ ਹੀ ਜ਼ਿੰਦਗੀ ਬਤੀਤ ਕਰਦੇ ਹਨ।''

ਸਰਗੋਸ਼ੀ (ਰੈਗੂਲੇਸ਼ਨ) ਐਕਟ-2020 ਅਤੇ ਅਸਿਸਟਵ ਰੀਪਰਡੋਕਸ਼ਨ ਤਕਨੌਲੋਜੀ ਰੈਗੂਲੇਸ਼ਨ ਬਿਲ-2021 ਇਹ ਲੀ.ਜੀ.ਬੀ.ਟੀ.ਕਿਯੂ.ਆਈ.ਭਾਈਚਾਰਿਆਂ ਦੇ ਵਿੱਅਕਤੀਆਂ ਨਾਲ ਵਿਤਕਰਾ ਕਰਦਾ ਹੈ। ਸੁਪਰੀਮ ਕੋਰਟ ਦੁਆਰਾ ਸਮਲਿੰਗੀ ਸਬੰਧਾਂ ਨੂੰ ਜੁਰਮ ਨਾ ਮੰਨਣ ਦੇ ਬਾਵਜੂਦ ਵੀ ਭਾਰਤ ਅੰਦਰ ਵਿਤਕਰਾ ਤੇ ਹਿੰਸਾ ਜਾਰੀ ਹੈ। ਇਸ ਵਿਰੁੱਧ ਲੋਕ ਲਹਿਰਾਂ ਤੇ ਜਨਤਕ ਦਬਾਓ ਹੀ ਕੁਝ ਰਾਹਤ ਦੇ ਸਕਦਾ ਹੈ ?

## ਗੁਰਮੇਲ ਮੈਡੀਕਲ ਦੀਆਂ ਲੁਧਿਆਣਾ, ਹਿਮਾਚਲ, ਦਿੱਲੀ ਅਤੇ ਮੁੰਬਈ ਸਣੇ 35 ਥਾਵਾਂ ਉੱਤੇਆਮਦਨ ਟੈਕਸ ਛਾਪੇ

ਲੁਧਿਆਣਾ, 25 ਅਗਸਤ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਦੇ ਜਾਂਚ ਵਿੰਗ ਵੱਲੋਂ ਟੈਕਸ ਚੋਰੀ ਤੇ ਆਮਦਨ ਨੂੰ ਦਬਾਉਣ ਦੇ ਸ਼ੱਕ ਵਿੱਚ ਕੱਲ੍ਹ ਗੁਰਮੇਲ ਮੈਡੀਕਲ ਦੇ ਪੰਜਾਬ ਦੇ ਲੁਧਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਮੁੰਬਈ ਸਮੇਤ 35 ਟਿਕਾਣਿਆਂ ਉੱਤੇ ਛਾਪੇਮਾਰੇ ਗਏ। ਕੱਲ੍ਹ ਤੜਕੇ ਪੰਜ ਵਜੇ ਪੰਜਾਬ, ਚੰਡੀਗੜ੍ਹ ਤੇ ਹੋਰ ਸ਼ਹਿਰਾਂ ਤੋਂ ਆਮਦਨ ਟੈਕਸ ਵਿਭਾਗ ਦੇ ਪੜਤਾਲੀਆ ਵਿੰਗ ਦੀ 150 ਮੈਂਬਰੀ ਟੀਮਾਂ ਵੱਲੋਂ ਅਰਧ ਸੈਨਿਕ ਬਲਾਂ ਤੇ ਸਥਾਨਕ ਪੁਲਸ ਦੇ ਨਾਲ ਗੁਰਮੇਲ ਮੈਡੀਕਲ ਦੀਆਂ ਮੈਡੀਕਲ ਦੁਕਾਨਾਂ, ਦਫ਼ਤਰਾਂ ਤੇ ਘਰਾਂ ਉੱਤੇ ਛਾਪੇਮਾਰੀ ਕੀਤੀ। ਵਰਨਣ ਯੋਗ ਹੈ ਕਿ ਗੁਰਮੇਲ ਪਰਵਾਰ ਦਾ ਦਵਾਈਆਂ ਦੇ ਖੇਤਰ ਵਿੱਚ ਦੇਸ਼ ਵਿਦੇਸ਼ ਵਿੱਚ ਵੱਡਾ ਨਾਮ ਹੈ ਤੇ ਇਸਗਰੁੱਪ ਦੇ ਜਿੱਥੇ ਆਪਣੇ ਦਵਾਈਆਂ ਬਣਾਉਣ ਦੇ ਕਾਰਖ਼ਾਨੇ ਹਨ, ਉਥੇ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਦੀਆਂ ਦਵਾਈਆਂ ਵੇਚਣ ਦਾ ਅਧਿਕਾਰ ਵੀ ਇਸਗਰੁੱਪ ਕੋਲ ਹੈ। ਗੁਰਮੇਲ ਪਰਵਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਜ਼ਦੀਕੀ ਪਰਵਾਰਾਂ ਵਿੱਚੋਂ ਹੈ। ਵਿਭਾਗ ਨੇ ਲੁਧਿਆਣਾ ਵਿਖੇ ਗੁਰਮੇਲ ਪਰਵਾਰ ਦੇ ਮਾਲ ਰੋਡ ਤੇ ਮਾਡਲ ਟਾਊਨ ਵਾਲੇ ਘਰਾਂ, ਪਿੰਡੀ ਗਿੱਲ, ਪੱਖੋਵਾਲ ਰੋਡ, ਮਾਡਲ ਟਾਊਨ, ਸੀ ਐਮ ਸੀ, ਡੀ ਐਮ ਸੀ, ਦੁੱਗਰੀ, ਓਸਵਾਲ ਹਸਪਤਾਲ ਤੇ ਹੋਰ ਅਹਾਤਿਆਂ ਵਿੱਚ ਦੁਕਾਨਾਂ ਉੱਤੇ ਦਸਤਕ ਦਿੱਤੀ। ਵਿਭਾਗ ਦੀਆਂ ਟੀਮਾਂ ਉਨ੍ਹਾਂ ਦੇ ਕਾਲਜ ਰੋਡ ਉੱਤੇ ਦੋ ਘਰਾਂ ਦੇ ਨਾਲ-ਨਾਲ ਫ਼ਿਰੋਜ਼ਪੁਰ ਰੋਡ ਉੱਤੇ ਮੇਡੀਵੇਜ਼ ਹਸਪਤਾਲ ਵੀ ਗਈਆਂ।

## ਹੁਣ ਪੀਅਰਸਨ ਏਅਰਪੋਰਟ ਦੀ ਪਾਰਕਿੰਗ ਵਿੱਚ ਖੜ੍ਹੀਆਂ ਗੱਡੀਆਂ ਨੂੰ ਨਿਸ਼ਾਨਾ ਬਣਾਉਣ ਲੱਗੇ ਹਨ ਚੋਰ

ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਇੱਕ ਮਹੀਨੇ ਦਾ ਟਰਿੱਪ ਕੱਟਕੇ ਪਰਤੀ ਓਨਟਾਰੀਓ ਦੀ ਮਹਿਲਾ ਇਹ ਵੇਖ ਕੇ ਹੈਰਾਨ ਰਹਿ ਗਈ ਕਿ ਉਸ ਦੀ ਗੱਡੀ ਦਾ ਕੈਟਾਲਿਕਟ ਕਨਵਰਟਰ (ਪ੍ਰਦੂਸ਼ਿਤ ਰਿਸਾਅ ਨੂੰ ਰੋਕਣ ਵਾਲੀ ਡਿਵਾਈਸ ) ਚੋਰੀ ਹੋ ਗਿਆ ਹੈ।ਉਸ ਦੀ ਗੱਡੀ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਦੀ ਪਾਰਕਿੰਗ ਵਿੱਚ ਖੜ੍ਹੀ ਸੀ।

ਚੋਰ ਡਰਾਈਵ-ਵੇਅਜ਼, ਡੀਲਰਸ਼ਿਪ ਵਿੱਚ ਪਾਰਕ ਕੀਤੀਆਂ ਗੱਡੀਆਂ ਵਿੱਚੋਂ ਤਾਂ ਕੈਟਾਲਿਕਟ ਕਨਵਰਟਰ ਚੋਰੀ ਕਰਦੇ ਹੀ ਸੀ ਹੁਣ ਉਹ ਏਅਰਪੋਰਟਸ ਦੇ ਨੇੜੇ ਸਥਿਤ ਪਾਰਕਿੰਗ ਲੌਟਸ ਵਿੱਚੋਂ ਵੀ ਕੈਟਾਲਿਕਟ ਕਨਵਰਟਰ ਚੋਰੀ ਕਰਨ ਲੱਗੇ ਹਨ।ਚੋਰ ਗੱਡੀਆਂ ਵਿੱਚ ਪ੍ਰਦੂਸ਼ਣ ਨੂੰ ਘਟਾਉਣ ਲਈ ਲਾਏ ਜਾਣ ਵਾਲੇ ਕੈਟਾਲਿਕਟ ਕਨਵਰਟਰ ਨੂੰ ਕੱਟ ਕੇ ਕੱਢ ਲੈਂਦੇ ਹਨ ਕਿਉਂਕਿ ਇਨ੍ਹਾਂ ਵਿੱਚ ਬੇਹੱਦ ਕੀਮਤੀ ਪਲੈਟੀਨਮ, ਰੋਡੀਅਮ ਤੇ ਪੈਲੈਡੀਅਮ ਮੌਜੂਦ ਹੁੰਦਾ ਹੈ। ਚੋਰ ਇਸ ਸਾਰੇ ਸਮਾਨ ਨੂੰ ਬਲੈਕ ਮਾਰਕਿਟ ਵਿੱਚ ਵੇਚ ਕੇ ਪੈਸੇ ਕਮਾਉਂਦੇ ਹਨ।

ਏਅਰਪੋਰਟ ਦੇ ਬਾਹਰ ਪਾਰਕਿੰਗ ਦੀ ਜ਼ਿੰਮੇਵਾਰੀ ਨਿਭਾਉਣ ਵਾਲੀ ਪਾਰਕਿੰਗ ਫਲਾਇ ਦੇ ਵਾਈਸ ਪ੍ਰੈਜ਼ੀਡੈਂਟ, ਮਾਰਕਿਟਿੰਗ ਐਂਡ ਸੇਲਜ਼ ਫਰੈਂਕ ਡੀਸੇਸੇਅਰ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਅਸੀਂ ਆਪਣੇ ਗਾਹਕਾਂ ਦੀਆਂ ਗੱਡੀਆਂ ਦੀ ਸਕਿਊਰਿਟੀ ਦੀ ਜ਼ਿੰਮੇਵਾਰੀ ਬੜੀ ਚੰਗੀ ਤਰ੍ਹਾਂ ਨਿਭਾਉਂਦੇ ਹਾਂ। ਸਾਡੇ ਪਾਰਕਿੰਗ ਲੌਟਸ ਦੇ ਦੁਆਲੇ ਫੈਂਸ ਲੱਗੀ ਹੁੰਦੀ ਹੈ ਤੇ ਇਨ੍ਹਾਂ ਵਿੱਚ ਗੇਟ ਵਾਲੀ ਐਂਟਰੀ ਰਾਹੀਂ ਹੀ ਜਾਇਆ ਜਾ ਸਕਦਾ ਹੈ। 24/7 ਸਾਡੇ ਇਨ੍ਹਾਂ ਪਾਰਕਿੰਗ ਲੌਟਸ ਦੀ ਨਿਗਰਾਨੀ ਸਾਡੇ ਸਟਾਫ ਵੱਲੋਂ ਕੀਤੀ ਜਾਂਦੀ ਹੈ।

ਮਹਿਲਾ ਨੇ ਦੱਸਿਆ ਕਿ ਉਸ ਦੀ ਗੱਡੀ ਵਿੱਚ ਕੈਟਾਲਿਟਿਕ ਕਨਵਰਟਰ ਨੂੰ ਬਦਲੀ ਕਰਨ ਦੀ ਕੀਮਤ 8,000 ਡਾਲਰ ਹੋ ਸਕਦੀ ਹੈ ਤੇ ਤਿੰਨ ਮਹੀਨੇ ਤੱਕ ਇਹ ਹਿੱਸਾ ਉਸ ਨੂੰ ਹਾਸਲ ਹੋ ਸਕਦਾ ਹੈ।



## ਰਾਮੂਵਾਲੀਆ ਦਾ ਪੀ ਏ ਲੱਖਾਂ ਦੀ ਚੋਰੀ ਕਰ ਕੇ ਵਿਦੇਸ਼ ਦੌੜਿਆ



ਮੋਗਾ, 25 ਅਗਸਤ, (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆਨਾਲ ਜੁੜਿਆ ਪੀਏ ਗੁਰਪਾਲ ਸਿੰਘ ਪਿੰਡ ਪੱਖਰਵੱਡ, ਅੱਜਕੱਲ੍ਹ ਵਾਸੀ ਨੇੜੇ ਆਸ਼ਰਮ ਜੰਗਪੁਰਾ ਦਿੱਲੀ ਉਨ੍ਹਾਂ ਦੇ ਪਿੰਡ ਰਾਮੂਵਾਲਾ ਨਵਾਂ ਵਾਲੇ ਘਰ ਤੋਂ ਲੱਖਾਂ ਰੁਪਏ ਨਕਦ, ਸੋਨੇ ਦੇ ਗਹਿਣੇ, ਸ਼ੇਅਰ ਲੈ ਕੇ ਭੱਜਗਿਆ ਹੈ। ਇਸ ਬਾਰੇ ਪੁਲਸ ਨੇ ਗੁਰਪਾਲ ਸਿੰਘ, ਉਸ ਦੇ ਜੀਜਾ ਰੇਸ਼ਮ ਸਿੰਘ, ਭੈਣ ਰਾਜ ਕੌਰ ਅਤੇ ਭਾਣਜੀ ਸਮਰਪ੍ਰੀਤ ਕੌਰ ਪਿੰਡ ਸਰਾਵਾਂ ਜੈਤੋ ਫਰੀਦਕੋਟ ਦੇ ਖਿਲਾਫ਼ ਥਾਣਾ ਮਹਿਣਾ ਵਿੱਚ ਵੱਖ-ਵੱਖ ਧਾਰਾਵਾਂ ਦਾਕੇਸ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਵੰਤ ਸਿੰਘ ਰਾਮੂਵਾਲੀਆ ਦੇ ਰਿਸ਼ਤੇਦਾਰ ਬਲਕਾਰ ਸਿੰਘ ਪਿੰਡ ਦਲ ਸਿੰਘ ਵਾਲਾ ਹਾਲ ਵਾਸੀ ਰਾਮੂਵਾਲਾ ਨਵਾਂ ਨੇ ਦੱਸਿਆ ਕਿ ਉਹ 20 ਸਾਲ ਤੋਂ ਬਲਵੰਤ ਸਿੰਘ ਰਾਮੂਵਾਲੀਆਦਾ ਸਾਰਾ ਕਿਤਾਬ ਦੇਖਦਾ ਹੈ। ਉਸ ਨੇ ਕਿਹਾ ਕਿ ਰਾਮੂਵਾਲੀਆ ਨਾਲ ਗੁਰਪਾਲ ਸਿੰਘ ਵਾਸੀ ਪੱਖਰਵੱਡ ਕਾਫ਼ੀ ਸਮੇਂ ਤੋਂ ਪਰਸਨਲ ਸੈਕਟਰੀ ਦਾ ਕੰਮ ਕਰਦਾ ਸੀ ਤੇ ਥੋੜ੍ਹੇ ਸਮੇਂ ਵਿੱਚ ਉਸ ਨੇ ਭਰੋਸਾ ਜਿੱਤ ਲਿਆ ਸੀ, ਪਰ ਹੌਲੀ-ਹੌਲੀ ਪਿੰਡ ਰਾਮੂਵਾਲਾ ਨਵਾਂ ਵਾਲੇ ਘਰਤੋਂ ਕੀਮਤੀ ਸਾਮਾਨ, ਪੈਸੇ, ਗਹਿਣੇ ਆਦਿ ਖਿਸਕਾਉਣ ਲੱਗ ਪਿਆ ਅਤੇ 3 ਮਹੀਨੇ ਪਹਿਲਾਂ ਦੱਸੇ ਬਿਨਾਂ ਵਿਦੇਸ਼ ਭੱਜ ਗਿਆ ਸੀ।ਸਾਨੂੰ ਪਤਾ ਲੱਗਾ ਹੈ ਕਿ ਗੁਰਪਾਲ ਸਿੰਘ ਨੇ ਵਿਦੇਸ਼ ਜਾਣ ਤੋਂ ਪਹਿਲਾਂ ਹੇਰਾਫੇਰੀ ਨਾਲ 30-35 ਤੋਲੇ ਸੋਨਾ, ਜੋ ਬਲਵੰਤ ਸਿੰਘ ਰਾਮੂਵਾਲੀਆ ਦੀ ਮਾਤਾ ਅਤੇ ਪਤਨੀ ਦਾ ਇਸਤਰੀ ਧਨ ਸੀ, ਨਕਦੀ, ਟੋਰਸ ਕੰਪਨੀ ਦੇ ਇਕ ਹਜ਼ਾਰ ਸ਼ੇਅਰ ਆਪਣੇ ਜੀਜੇ ਰੇਸ਼ਮ ਸਿੰਘ, ਭੈਣ ਰਾਜ ਕੌਰ ਤੇ ਭਾਣਜੀ ਸਮਰਪ੍ਰੀਤ ਕੌਰ ਕੋਲ ਰੱਖੇ ਹਨ। ਦੋਸ਼ੀ ਨੇ ਭਰੋਸੇ ਵਿੱਚ ਲੈ ਕੇ ਕਰੀਬ 75 ਲੱਖ ਰੁਪਏ ਦਾ ਕੀਮਤੀ ਸਾਮਾਨ, ਗਹਿਣੇ, ਸ਼ੇਅਰ, ਸਰਟੀਫਿਕੇਟ ਆਦਿ ਚੋਰੀ ਹੋਣ ਦਾ ਪਤਾ ਲੱਗਣ ਉੱਤੇ ਮੈਂ ਇਸ ਬਾਰੇਰਾਮੂਵਾਲੀਆ ਨੂੰ ਦੱਸਿਆਅਤੇ ਆਈਜੀ ਫਰੀਦਕੋਟ ਰੇਂਜ ਨੂੰ ਸ਼ਿਕਾਇਤ ਦਿੱਤੀ, ਜਿਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਕੇਸ ਦਰਜ ਕਰਨ ਦਾ ਹੁਕਮ ਦਿੱਤਾ।ਕੇਸ ਦੀ ਜਾਂਚ ਏ ਐੱਸ ਆਈ ਰਾਜ ਸਿੰਘ ਕਰ ਰਹੇ ਹਨ।

## ਰਾਹ ਨਾ ਦੇਣ ਉੱਤੇ ਛੋਕਰੇ ਨੇ ਸਕੂਲ ਵੈਨ ਉਤੇ ਗੋਲੀਆਂ ਚਲਾਈਆਂ

ਜੰਡਿਆਲਾ ਗੁਰੂ, 25 ਅਗਸਤ (ਪੋਸਟ ਬਿਊਰੋ)- ਜੰਡਿਆਲਾ ਗੁਰੂ ਨੇੜੇ ਕੱਲ੍ਹ ਦੁਪਹਿਰੇ ਢਾਈ ਵਜੇ ਬਾਈਕ ਸਵਾਰ ਇੱਕ ਨੌਜਵਾਨ ਨੇ ਰਸਤਾ ਨਾ ਮਿਲਣ ਉੱਤੇ ਬੱਚਿਆਂ ਨਾਲ ਭਰੀ ਸਕੂਲ ਵੈਨ ਉੱਤੇ ਗੋਲੀਆਂ ਚਲਾ ਦਿੱਤੀਆਂ। ਬੱਸ ਚਾਲਕ ਤੇ ਪਿੰਡ ਦੇ ਲੋਕਾਂ ਨੇ ਦੋਸ਼ੀ ਨੂੰ ਕਿਸੇ ਤਰ੍ਹਾਂ ਕਾਬੂ ਕਰ ਕੇ ਦਰੱਖਤ ਨਾਲ ਬੰਨ੍ਹ ਦਿੱਤਾ। ਜਦੋਂ ਨੌਜਵਾਨ ਨੇ ਗਾਲੀ ਗਲੋਚ ਕੀਤਾ ਤਾਂ ਲੋਕਾਂ ਨੇ ਉਸ ਦੀ ਚੰਗੀ ਤਰ੍ਹਾਂ ਕੁੱਟਮਾਰ ਕੀਤੀ। ਘਟਨਾ ਬਾਰੇ ਪਤਾ ਲੱਗਦੇ ਹੀ ਪੁਲਸ ਮੌਕੇ ਉੱਤੇ ਪਹੁੰਚੀ ਅਤੇ ਵਾਰਦਾਤ ਵਿੱਚ ਵਰਤੀ ਗਈ ਪਿਸਤੌਲ ਕਬਜ਼ੇ ਵਿੱਚ ਲੈ ਲਈ ਹੈ। ਜਾਂਚ ਵਿੱਚਪਤਾ ਲੱਗਾ ਹੈ ਕਿ ਦੋ ਗੋਲੀਆਂ ਚੱਲ ਜਾਣ ਪਿੱਛੋਂ ਤੀਜੀ ਗੋਲੀ ਪਿਸਤੌਲ ਵਿੱਚ ਫਸ ਗਈ ਸੀ।

ਨਵਾਂ ਪਿੰਡ ਦੇ ਹਰਿੰਦਰ ਸਿੰਘ ਨੇ ਦੱਸਿਆ ਕਿ ਉਹ ਇੱਕ ਸਕੂਲ ਦੀ ਬੱਸ ਚਲਾਉਂਦਾ ਹੈ। ਕੱਲ੍ਹ ਦੁਪਹਿਰੇ ਉਹ ਆਪਣੀ ਬੱਸ ਵਿੱਚ ਸਕੂਲ ਦੇ 45 ਬੱਚੇ ਲੈ ਕੇ ਉਨ੍ਹਾਂ ਦੇ ਘਰਾਂ ਵਿੱਚ ਛੱਡਣ ਜਾ ਰਿਹਾ ਸੀ। ਜਦੋਂ ਉਹ ਜਾਣੀਆਂ ਪਿੰਡ ਕੋਲ ਪੁੱਜਾ ਤਾਂ ਪਿੱਛੋਂ ਆਏ ਇੱਕ ਬਾਈਕ ਸਵਾਰ ਨੌਜਵਾਨ ਨੇ ਉਸ ਨੂੰ ਹਾਰਨਦੇਣੇ ਦੇਣੇ ਸ਼ੁਰੂ ਕਰ ਦਿੱਤਾ। ਬੱਸ ਚਾਲਕ ਨੇ ਦੱਸਿਆ ਕਿ ਉਸ ਦੇ ਅੱਗੇ ਇੱਕ ਆਟੋ ਰਿਕਸ਼ਾ ਜਾ ਰਿਹਾ ਹੋਣ ਕਾਰਨ ਉਨ੍ਹਾਂ ਨੂੰ ਵੀ ਸਾਈਡ ਨਹੀਂ ਮਿਲ ਰਹੀ ਸੀ। ਜਿਸ ਦੌਰਾਨ ਬਾਈਕ ਸਵਾਰ ਨੇ ਤੇਜ਼ੀ ਨਾਲ ਕਿਸੇ ਤਰ੍ਹਾਂ ਬਾਈਕ ਲੰਘਾ ਕੇ ਉਨ੍ਹਾਂ ਦੀ ਬੱਸ ਅੱਗੇ ਰੋਕ ਦਿੱਤੀ ਅਤੇ ਬੱਸ ਉੱਤੇ ਦੋ ਗੋਲੀਆਂ ਚਲਾਈਆਂ। ਚਾਲਕ ਤੇ ਕੰਡਕਟਰ ਨੇ ਕਿਸੇ ਤਰ੍ਹਾਂ ਆਪਣਾ ਬਚਾਅ ਕੀਤਾ ਅਤੇ ਉਨ੍ਹਾਂ ਹਿੰਮਤ ਦਿਖਾਈ ਤੇ ਅੱਗੇ ਵੱਧ ਕੇ ਗੋਲੀਆਂ ਚਲਾਉਣ ਵਾਲੇ ਨੌਜਵਾਨ ਨੂੰ ਫੜ ਲਿਆ। ਇਸ ਦੌਰਾਨ ਰਾਹੀ ਵੀ ਉਥੇ ਰੁਕੇ ਅਤੇ ਮਾਮਲਾ ਜਾਨਣ ਤੋਂ ਬਾਅਦ ਬਾਈਕ ਸਵਾਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੇ। ਇੰਨੇ ਵਿੱਚਦੋਸ਼ੀ ਨੌਜਵਾਨ ਨੇ ਲੋਕਾਂ ਨਾਲ ਗਾਲੀ ਗਲੋਚ ਸ਼ੁਰੂ ਕਰ ਦਿੱਤੀ ਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਲੱਗਾ। ਲੋਕਾਂ ਨੇ ਕਿਸੇ ਤਰ੍ਹਾਂ ਉਸ ਦੀ ਪਿਸਤੌਲ ਖੋਹ ਲਈ ਅਤੇ ਉਸ ਨੂੰ ਇੱਕ ਦਰੱਖਤ ਨਾਲ ਬੰਨ੍ਹ ਦਿੱਤਾ। ਇਸ ਮੌਕੇ ਬੱਸ ਚਾਲਕ ਨੇ ਪੁਲਸ ਨੂੰ ਘਟਨਾ ਦੀ ਜਾਣਕਾਰੀ ਦੇ ਦਿੱਤੀ। ਕੁਝ ਦੇਰ ਬਾਅਦ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਗੋਲੀਆਂ ਚਲਾਉਣ ਵਾਲੇ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ, ਜਿਸ ਦੀ ਪਛਾਣ ਜਾਣੀਆਂ ਪਿੰਡਕਾਰਜ ਸਿੰਘ ਵਜੋਂ ਦੱਸੀ ਗਈ ਹੈ।

## ਪਾਕਿ ਡਰੋਨ ਵੱਲੋਂ ਸੁੱਟਿਆ ਵਿਦੇਸ਼ੀ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ

ਫ਼ਿਰੋਜ਼ਪੁਰ, 25 ਅਗਸਤ (ਪੋਸਟ ਬਿਊਰੋ)- ਕੱਲ੍ਹ ਤੜਕੇ ਪਾਕਿਸਤਾਨ ਵੱਲੋਂ ਭਾਰਤੀ ਖੇਤਰ ਵਿੱਚ ਡਰੋਨ ਰਾਹੀਂ ਸੁੱਟੇ ਗਏ ਹਥਿਆਰਾਂ ਦਾ ਜ਼ਖ਼ੀਰਾ ਕੌਮਾਂਤਰੀ ਸਰਹੱਦ ਕੋਲੋਂ ਬਰਾਮਦ ਕੀਤੇ ਜਾਣ ਦੀ ਖ਼ਬਰ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਸਵੇਰੇ ਪੰਜ ਕੁ ਵਜੇ ਪਾਕਿਸਤਾਨ ਵੱਲੋਂ ਭਾਰਤੀ ਖੇਤਰ ਵਿੱਚ ਆਏ ਡਰੋਨ ਨੇ ਰਾਜਾ ਮਹੋਤਮ ਚੌਂਕੀ ਨੇੜੇ ਪਿੱਲਰ ਪੰਜ ਨੰਬਰ 211/5 ਕੋਲ ਦੋ ਪੈਕਟ (ਥੈਲਿਆਂ ਦੇ ਰੂਪ ਵਿੱਚ) ਸੁੱਟੇ। ਇਸ ਦੌਰਾਨ ਡਿਊਟੀ ਉੱਤੇ ਤਾਇਨਾਤ ਚੌਕਸ ਬੀ ਐਸ ਐਫ ਦੀ 182 ਬਟਾਲੀਅਨ ਦੇ ਜਵਾਨਾਂ ਨੇ ਡਰੋਨ ਉੱਤੇ ਫਾਇਰਿੰਗ ਸ਼ੁਰੂ ਕੀਤੀ ਤਾਂ ਡਰੋਨ ਪਾਕਿਸਤਾਨ ਵੱਲ ਵਾਪਸ ਖਿਸਕ ਗਿਆ। ਬੀ ਐਸ ਐਫ ਦੇ ਅਧਿਕਾਰੀਆਂ ਨੇ ਘਟਨਾ ਸਥਾਨ ਉੱਤੇਕਰਵਾਈ ਤਲਾਸ਼ੀ ਦੌਰਾਨ ਦੋ ਥੈਲਿਆਂ ਵਿੱਚੋਂ ਦੋ ਐਮ-4 ਕਾਰਬਾਈਨਾਂ, ਤਿੰਨ ਏ ਕੇ -47, 2 ਵਿਦੇਸ਼ੀ ਪਿਸਤੌਲ 30 ਬੋਰ ਅਤੇ ਹਥਿਆਰਾਂ ਨਾਲ ਸਬੰਧਤ ਅੱਠ ਮੈਗਜ਼ੀਨ ਬਰਾਮਦ ਕੀਤੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕਃ +1(647) 274-3207 Whatsapp: +91 97794 39200"

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

### ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਹਵਾਨਾ ਪਾਰਕ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ





(ਬਰੈਂਪਟਨ/ਬਾਸੀ ਹਰਚੰਦ)ਪਿਛਲੇ ਦਿਨੀਂ ਪੰਜਾਬੀ ਮੁਟਿਆਰਾਂ ਦਾ ਪਰਸਿੱਧ ਤਿਉਹਾਰ" ਤੀਆਂ " ਬਰੈਂਪਟਨ ਦੇ ਈਸਟ ਵਿੱਚ ਮੈਕਵੀਨ/ ਕੈਸਲਮੋਰ ਦੇ ਨੇੜੇ ਸਥਿਤ ਹਵਾਨਾ ਪਾਰਕ ਵਿੱਚ ਬੜੀ ਧੂਮ ਧਾਮ ਨਾਲਚਾਰ ਵਜੇ ਤੋਂ ਅੱਠ ਵਜੇ ਤੱਕ ਮਨਾਇਆ ਗਿਆ। ਯਾਦ ਰਹੇ ਕਿ ਬਹੁਤਾ ਕਰਕੇ ਪੰਜਾਬ ਦੇ ਮਾਲਵਾ ਖਿਤੇ ਵਿੱਚ ਕੁਆਰੀਆਂ ਅਤੇ ਸਹੁਰਿਆਂ ਤੋਂ ਪਰਤੀਆਂ ਨਵ ਵਿਆਹੀਆਂ ਮੁਟਿਆਰਾਂ ਬੋਹੜਾਂ ਪਿੱਪਲਾਂ ਤੇ ਪੀਘਾਂ ਪਾਕੇ ਖੂਬ ਪੀਘਾਂ ਦੇ ਹੁਲਾਰੇ ਲੈਦੀਆਂ ਸਨ। ਦੋ ਦੋ ਮੁਟਿਆਰਾਂ ਪੀਘਾਂ ਝੁਟਾ ਕੇ ਪਿੱਪਲਾਂ ਦੀ ਪੱਤਿਆਂ ਨੂੰ ਛੂਹ ਕੇ ਆਪਣੀ ਹਿੱਕ ਦਾ ਜੋਰ ਵਿਖਾਉਦੀਆਂ ਸਨ। ਗੋਲ ਦਾਇਰੇ ਬੰਨ ਕੇ ਵਾਰੀ ਵਾਰੀ ਬੋਲੀਆਂ ਪਾ ਕੇ ਖੂਬ ਨੱਚਦੀਆਂ ਸਨ। ਬੋਲੀਆਂ ਵਿੱਚ ਨਿਹੋਰੇ ਪਿਆਰ ਵਿਤਕਰੇ ਆਦਿ ਦੀਆਂ ਮਿੱਠੀਆਂ ਚੋਭਾਂ ਲਾਉਂਦੀਆਂ ਸਨ। ਇਸ ਤਰਾਂ ਉਹ ਆਪਣੇ ਦਿਲ ਦੇ ਵਲਵਲੇ ਬੋਲੀਆਂ ਰਾਹੀ ਸਾਂਝੇ ਕਰ ਲੈਂਦੀਆਂ ਸਨ। ਉਸੇ ਰਵਾਇਤ ਨੂੰ ਜਿੰਦਾ ਰਖਣ ਲਈ ਕਨੇਡਾ ਆ ਕੇ ਵੀ ਬਹੁਤਾ ਤਾਂ ਨਹੀਂ ਪਰ ਕਿਸੇ ਨਾ ਕਿਸੇ ਰੂਪ ਵਿੱਚ ਇਸ ਤਿਉਹਾਰ ਨੂੰ ਜਿੰਦਾ ਰੱਖਿਆ ਹੈ। ਸੋ ਇਸੇ ਤਹਿਤ ਪੰਜਾਬਣਾਂ ਨੇ ਉਪਰੋਕਤ ਪਾਰਕ ਵਿੱਚ ਤਿਉਹਾਰ ਮਨਾਇਆ। ਦੂਰ ਦੂਰ ਦੇ ਏਰੀਏ ਤੋਂ ਔਰਤਾਂ ਸ਼ਾਮਲ ਹੋਣ ਲਈ ਆਈਆਂ। ਇਹ ਤਿਉਹਾਰ ਨਿਰੋਲ ਮੁਟਿਆਰਾਂ/ ਬੀਬੀਆਂ ਦਾ ਹੈ। ਆਦਮੀਆਂ ਤੇ ਨਿਰਭਰਤਾ ਕਿਤੇ ਨਾ ਕਿਤੇ ਬੀਬੀਆਂ ਵਿੱਚ ਆਤਮ ਵਿਸ਼ਵਾਸ਼,ਸਮਾਨਤਾ ਅਤੇ ਜਜ਼ਬੇ ਦੀ ਘਾਟ ਰੜਕਦੀ ਹੈ। ਨਵੀ ਪੀੜ੍ਹੀ ਨੂੰ ਪੰਜਾਬੀ ਸੱਭੀਆਚਾਰ ਨਾਲ ਜੋੜਣ ਦਾ ਵਧੀਆ ਉਪਰਾਲਾ ਕੀਤਾ। ਸਮਾਜ ਸੇਵਕ ਗੁਰਮੇਲ ਸਿੰਘ ਸੱਗੂ ਨੇ ਖਾਣ ਪੀਣ ਦਾ ਪਰਬੰਧ ਕੀਤਾ। ਸੱਭ ਨੇ ਖਾਣ ਪੀਣ ਪੀਜ਼ਾ ਮਠਿਆਈ ਦਾਖੂਬ ਅਨੰਦ ਮਾਣਿਆ।

# ਸਕਾਟਲੈਂਡ: ਲਹਿੰਦੇ ਪੰਜਾਬ ਦੇ ਸਾਬਕਾ ਗਵਰਨਰ ਦਾ ਚੜ੍ਹਦੇ ਪੰਜਾਬ ਦੇ ਦੋਸਤਾਂ ਨੇ ਮਨਾਇਆ ਜਨਮਦਿਨ







## -ਪਾਕਿਸਤਾਨ ਆਉਣ ਵਾਲ਼ੇ ਸਿੱਖ ਭਾਈਚਾਰੇ ਦੀ ਖਿਦਮਤ ਲਈ ਹਰ ਵੇਲੇ ਤਿਆਰ- ਚੌਧਰੀ ਸਰਵਰ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ): ਸਕਾਟਲੈਂਡ ਦੇ ਸ਼ਹਿਰ ਗਲਾਸਗੋ ਸਥਿਤ ਬੰਬੇ ਬਲੂਅਜ਼ ਵਿਖੇ ਭਾਈਚਾਰਕ ਸਾਂਝ ਵਧਾਉਣ ਹਿੱਤ ਇੱਕ ਵਿਸ਼ੇਸ਼ ਸਮਾਗਮ ਉੱਘੇ ਕਾਰੋਬਾਰੀ ਸੋਹਣ ਸਿੰਘ ਰੰਧਾਵਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਦੌਰਾਨ ਪਾਕਿਸਤਾਨ ਪੰਜਾਬ ਦੇ ਦੋ ਵਾਰ ਗਵਰਨਰ ਰਹਿ ਚੁੱਕੇ ਚੌਧਰੀ ਮੁਹੰਮਦ ਸਰਵਰ ਦਾ 70ਵਾਂ ਜਨਮਦਿਨ ਮਨਾਇਆ ਗਿਆ। ਇਸ ਸਮਾਗਮ ਦੀ ਖਾਸੀਅਤ ਇਹ ਸੀ ਕਿ ਲਹਿੰਦੇ ਪੰਜਾਬ ਦੇ ਜੰਮੇ ਜਾਏ ਮੁਹੰਮਦ ਸਰਵਰ ਦੇ ਚੜ੍ਹਦੇ ਪੰਜਾਬ ਦੇ ਉਹਨਾਂ ਦੇ ਦੋਸਤਾਂ ਨੇ ਜਨਮਦਿਨ ਮਨਾਉਣ ਸੰਬੰਧੀ ਦਾਅਵਤ ਦਿੱਤੀ। ਇਸ ਸਮੇਂ ਸਿੱਖ ਭਾਈਚਾਰੇ ਦੀ ਤਰਫੋਂ ਸੋਹਣ ਸਿੰਘ ਰੰਧਾਵਾ ਨੇ ਹਾਜਰੀਨ ਨੂੰ ਜੀ ਆਇਆਂ ਕਹਿਣ ਦੇ ਨਾਲ ਨਾਲ ਚੌਧਰੀ ਮੁਹੰਮਦ ਸਰਵਰ ਨੂੰ ਸਮੂਹਿਕ ਵਧਾਈ ਪੇਸ਼ ਕੀਤੀ। ਉਹਨਾਂ ਕਿਹਾ ਕਿ "ਸਕਾਟਲੈਂਡ ਵਿੱਚ ਮੁਸਲਿਮ ਸਿੱਖ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਦੋਵੇਂ ਭਾਈਚਾਰੇ ਦਹਾਕਿਆਂ ਤੋਂ ਸਰਗਰਮ ਹਨ। ਇਹੀ ਵਜ੍ਹਾ ਹੈ ਕਿ ਅਸੀਂ ਇੱਕ ਦੂਜੇ ਦੇ ਸੁੱਖ ਦੁੱਖ ਵਿੱਚ ਸ਼ਰੀਕ ਹੁੰਦੇ ਰਹਿੰਦੇ ਹਾਂ। ਅੱਜ ਦਾ ਇਹ ਸਮਾਗਮ ਵੀ ਮੁਹੱਬਤੀ ਸਾਂਝਾਂ ਨੂੰ ਹੋਰ ਗੂੜ੍ਹਾ ਕਰਨ ਵੱਲ ਵੱਡਾ ਕਦਮ ਹੈ।" ਜ਼ਿਕਰਯੋਗ ਹੈ ਮੁਹੰਮਦ ਸਰਵਰ ਦਾ ਸਕਾਟਲੈਂਡ ਦੀ ਸਿਆਸਤ ਵਿੱਚ ਵੀ ਵੱਡਾ ਨਾਮ ਸੀ, ਪਰ ਉਹਨਾ ਪਾਕਿ-ਸਤਾਨ ਦੀ ਸਰਗਰਮ ਸਿਆਸਤ ਵਿੱਚ ਕੁੱਦਣ ਦਾ ਫੈਸਲਾ ਲਿਆ ਸੀ। ਕਰਤਾਰਪੁਰ ਸਾਹਿਬ ਲਾਂਘੇ ਵੇਲੇ ਉਹਨਾਂ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਭਾਈਚਾਰੇ ਵਿੱਚ ਉਹਨਾਂ ਨੂੰ ਹੋਰ ਵਧੇਰੇ ਸਤਿਕਾਰ ਪਿਆਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਸਕਾਟਲੈਂਡ ਦੀਆਂ ਸੰਗਤਾਂ ਦੀ ਪਾਕਿਸਤਾਨ ਫੇਰੀ ਮੌਕੇ ਸਰਵਰ ਵੱਲੋਂ ਉਹਨਾਂ ਨੂੰ ਪਲਕਾਂ 'ਤੇ ਬਿਠਾਇਆ ਗਿਆ। ਉਹਨਾਂ ਦਾ 70ਵਾਂ ਜਨਮਦਿਨ ਮਨਾਉਣ ਸੰਬੰਧੀ ਜੁੜੀਆਂ ਸਿੱਖ ਭਾਈਚਾਰੇ ਦੀਆਂ ਨਾਮਵਰ ਸਖਸ਼ੀਅਤਾਂ ਨੇ ਉਹਨਾਂ ਨੂੰ ਮੁਬਾਰਕਬਾਦ ਦੇਣ ਦੇ ਨਾਲ-ਨਾਲ ਉਹਨਾਂ ਦੇ ਮਾਨਵਤਾਵਾਦੀ ਕਾਰਜਾਂ ਲਈ ਧੰਨਵਾਦ ਵੀ ਕੀਤਾ। ਇਸ ਸਮਾਗਮ ਦੌਰਾਨ ਸੋਹਣ ਸਿੰਘ ਰੰਧਾਵਾ ਵੱਲੋਂ "ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ" ਗੀਤ ਗਾ ਕੇ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਸਮੇਂ ਸਰਵ ਸ੍ਰੀ ਬਲਜੀਤ ਸਿੰਘ ਖਹਿਰਾ, ਮੱਖਣ ਸਿੰਘ ਬਿਨਿੰਗ, ਰਣਜੀਤ ਸਿੰਘ ਸੰਘਾ, ਗੁਰਮੀਤ ਸਿੰਘ ਧਾਲੀਵਾਲ, ਲਭਾਇਆ ਸਿੰਘ ਮਹਿਮੀ, ਰੇਸ਼ਮ ਸਿੰਘ ਕੂਨਰ, ਜਿੱਤ ਸਿੰਘ ਮਸਤਾਨ, ਗੁਰਨਾਮ ਸਿੰਘ ਧਾਮੀ, ਸੱਤੀ ਸਿੰਘ, ਟੋਨੀ ਢਿੱਲੋਂ, ਗੁਰਮੇਲ ਸਿੰਘ ਧਾਮੀ, ਗੁਰਦੇਵ ਸਿੰਘ ਧਾਮੀ, ਕਮਲਜੀਤ ਸਿੰਘ ਭੁੱਲਰ, ਮਲਿਕ ਖਾਲਿਦ, ਅਲੀ ਅੱਬਾਸ, ਅਫਜਲ ਜਿਗਰ, ਮੁਹੰਮਦ ਸਰਫਰਾਜ ਅਹਮਦ, ਅਰਸ਼ਦ ਮੁਗਲ, ਬਾਬਾ ਰੱਬਾਨੀ, ਆਮੀਨ ਮਿਰਜ਼ਾ, ਅਲੀ ਨਿਜਾਫਨੀ, ਮਨਜੀਤ ਸਿੰਘ (ਬੰਬੇ ਬਲੂ), ਗੁਰਚਰਨ ਸਿੰਘ ਸੇਖੋਂ, ਵਿਕਾਸ ਗੁਪਤਾ, ਜੀਵਨ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 'ਇੰਸਪੀਰੇਸ਼ਨਲ ਸਟੈੱਪਸ-2022' ਐਤਵਾਰ 28 ਅਗਸਤ ਨੂੰ




ਸਮੂਹ ਖੇਡ-ਕਲੱਬਾਂ, ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਵਿਚ ਭਾਰੀ ਉਤਸ਼ਾਹ

ਟੀ.ਪੀ.ਏ.ਆਰ. ਕਲੱਬ ਦੇ 60 ਤੋਂ ਵਧੀਕ ਮੈਂਬਰ ਲੈ ਰਹੇ ਨੇ ਇਸ ਵਿਚ ਹਿੱਸਾ

ਹਾਫ਼-ਮੈਰਾਥਨ, 12 ਕਿਲੋਮੀਟਰ ਤੇ 5 ਕਿਲੋਮੀਟਰ ਦੌੜ ਸਵੇਰੇ ਕ੍ਰਮਵਾਰ 7 ਵਜੇ, ਅੱਠ ਵਜੇ ਤੇ 9 ਵਜੇ ਸ਼ੁਰੂ ਹੋਣਗੀਆਂ

ਬੱਚਿਆਂ ਦੀ ਇਕ ਕਿਲੋਮੀਟਰ ਦੌੜ 10 ਵਜੇ ਆਰੰਭ ਹੋਵੇਗੀ

ਬਰੈਂਪਟਨ, (ਡਾ. ਝੰਡ) - ਸੰਸਾਰ-ਭਰ ਵਿਚ ਕਰੋਨਾ ਮਹਾਂਮਾਰੀ ਦੇ ਫੈਲਣ ਕਾਰਨ ਦੋ ਸਾਲ ਦੇ ਲੰਮੇਂ ਅਰਸੇ ਬਾਅਦ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ-2022' ਐਤਵਾਰ 28 ਅਗਸਤ ਨੂੰ ਕਰਵਾਈ ਜਾ ਰਹੀ ਹੈ। ਬਰੈਂਪਟਨ, ਮਿਸੀਸਾਗਾ, ਮਾਲਟਨ, ਸਕਾਰਬਰੋ ਅਤੇ ਆਸ-ਪਾਸ ਦੇ ਸ਼ਹਿਰਾਂ ਦੀਆਂ ਖੇਡ ਕਲੱਬਾਂ ਅਤੇ ਸਮਾਜਿਕ ਤੇ ਸੱਭਿਆਚਾਰਕ ਜੱਥੇਬੰਦੀਆਂ ਦੇ ਮੈਂਬਰਾਂ ਵਿਚ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਭਾਰੀ ਉਤਸ਼ਸ਼ਾਹ ਪਾਇਆ ਜਾ ਰਿਹਾ ਹੈ। ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਇਸ ਸਬੰਧੀ ਫ਼ੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਕਲੱਬ ਦੇ 60 ਤੋਂ ਵਧੀਕ ਮੈਂਬਰ ਇਸ ਈਵੈਂਟ ਵਿਚ ਭਾਗ ਲੈ ਰਹੇ ਹਨ। ਉਨ੍ਹਾਂ ਨੇ ਕਲੱਬ ਦੇ ਮੈਂਬਰਾਂ ਨੂੰ ਉਸ ਦਿਨ ਕਲੱਬ ਦੀਆਂ ਲਾਲ ਟੀ-ਸ਼ਰਟਾਂ ਪਹਿਨ ਕੇ ਇਸ ਈਵੈਂਟ ਵਿਚ ਆਉਣ ਲਈ ਕਿਹਾ। ਉਨ੍ਹਾਂ ਹੋਰ ਦੱਸਿਆ ਕਿ ਟੀ.ਪੀ.ਏ.ਆਰ. ਕਲੱਬ ਵੱਲੋਂ ਉਸ ਦਿਨ ਡਿਕਸੀ ਗੁਰੂਘਰ ਅਤੇ ਜੀ.ਟੀ.ਏ.ਏ. ਏਅਰ ਫਲਾਈਟ ਦੇ ਪ੍ਰਬੰਧਕਾਂ ਨੂੰ ਪਲੇਕਸ ਦੇ ਨਾਲ ਔਨਰ ਕਰਨ ਕੀਤਾ ਜਾਏਗਾ ਅਤੇ ਇਸ ਦੇ ਲਈ ਉਨ੍ਹਾਂ ਕਲੱਬ ਦੇ ਸਮੂਹ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੇ ਨਜ਼ਦੀਕ ਠੀਕ 11.30 ਵਜੇ ਇਕੱਤਰ ਹੋਣ ਲਈ ਕਿਹਾ ਹੈ।

ਇਸ ਈਵੈਂਟ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਵਾਰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਫੁੱਲ-ਮੈਰਾਥਨ ਨਹੀਂ ਕਰਵਾਈ ਜਾ ਰਹੀ ਅਤੇ ਕੇਵਲ ਹਾਫ਼ ਮੈਰਾਥਨ, 12 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜ ਤੇ ਵਾੱਕ ਹੀ ਕਰਵਾਈਆਂ ਜਾ ਰਹੀਆਂ ਹਨ। ਇਹ ਸਾਰੀਆਂ ਦੌੜਾਂ ਡਿਕਸੀ ਗੁਰੂਘਰ ਤੋਂ ਕ੍ਰਮਵਾਰ ਸਵੇਰੇ 7 ਵਜੇ, 8 ਵਜੇ ਅਤੇ 9 ਵਜੇ ਆਰੰਭ ਹੋਣਗੀਆਂ ਅਤੇ ਇਨ੍ਹਾਂ ਦੀ ਸਮਾਪਤੀ ਵੀ ਇੱਥੇ ਹੀ ਹੋਵੇਗੀ। ਬੱਚਿਆਂ ਦੀ ਇਕ ਕਿਲੋਮੀਟਰ ਦੌੜ ਸਵੇਰੇ 10 ਵਜੇ ਕਰਵਾਈ ਜਾਏਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਪਹਿਲਾਂ ਤੋਂ ਰਜਿਸਟਰ ਹੋਏ ਦੌੜਾਕਾਂ ਤੇ ਵਾੱਕਰਾਂ ਨੂੰ ਲੰਘੇ ਸ਼ਨੀਵਾਰ 20 ਅਗਸਤ ਨੂੰ ਡਿਕਸੀ ਅਤੇ ਸਕਾਰਬਰੋ ਗੁਰੂਘਰਾਂ ਵਿਚ ਦਿੱਤੀਆਂ ਗਈਆਂ ਰੇਸ-ਕਿੱਟਾਂ ਵਿਚ ਵੀ ਪਾ ਦਿੱਤੀ ਗਈ ਹੈ। ਦੌੜਾਕਾਂ ਤੇ ਵਾੱਕਰਾਂ ਲਈ ਇਨ੍ਹਾਂ ਰੇਸ-ਕਿੱਟਾਂ ਵਿਚ ਇਲੈੱਕਟ੍ਰਾਨਿਕ ਬਿੱਬ ਨੰਬਰ, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸਨ਼ ਦਾ ਮੈਗ਼ਜ਼ੀਨ ਅਤੇ ਇਸ ਦੌੜ ਦੇ ਰੂਟ ਦਾ ਨਕਸ਼ਾ ਸ਼ਾਮਲ ਹੈ। ਇਸ ਦੇ ਬਾਰੇ ਹੋਰ ਵਧੇਰੇ ਜਾਣਕਾਰੀ ਮਅਲਿ@ਗਗਸਚਾ।ਚੋਮ 'ਤੇ ਜਾ ਕੇ ਜਾਂ 416-564-3939 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਇੱਥੇ ਇਸ 'ਇੰਸਪੀਰੇਸ਼ਨਲ ਸਟੈੱਪਸ-2022' ਬਾਰੇ ਦੱਸਣਾ ਜ਼ਰੂਰੀ ਹੈ ਕਿ ਹੈ ਕਿ ਇਸ ਦੌੜ ਦਾ ਅਰੰਭ ਅਤੇ ਇਸ ਦੀ ਸਮਾਪਤੀ ਵੀ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਵਿਖੇ ਹੀ ਹੋਵੇਗੀ। ਇਸ ਦੌੜ ਦਾ ਮੁੱਖ-ਰੂਟ ਈਟੋਬੀਕੋਕ ਟਰੇਲ ਹੋਵੇਗਾ ਅਤੇ ਇਸ ਦੇ ਕੁਝ ਹਿੱਸੇ ਪੁਰਾਣੀਆਂ ਸੜਕਾਂ ਵਾਲੇ ਵੀ ਹੋਣਗੇ ਜਿਸ ਦੇ ਬਾਰੇ ਜਾਣਕਾਰੀ ਵਿਸਥਾਰ ਪੂਰਵਕ ਨਕਸ਼ੇ ਸਮੇਤ ਰੇਸ-ਕਿੱਟਾਂ ਵਿਚ ਪਾਈ ਗਈ ਹੈ। ਰੂਟ ਦੀ ਇਹ ਤਬਦੀਲੀ ਫ਼ਿੰਚ ਐਵੀਨਿਊ 'ਤੇ ਹੋ ਰਹੀ ਉਸਾਰੀ ਦੇ ਕਾਰਨ ਕੀਤੀ ਗਈ ਹੈ, ਕਿਉਂਕਿ ਉੱਥੇ ਇਹ ਦੌੜ ਕਾਫ਼ੀ ਮੁਸ਼ਕਲ ਅਤੇ ਖ਼ਤਰਨਾਕ ਸਾਬਤ ਹੋ ਸਕਦੀ ਸੀ। ਦੌੜ ਦੀ ਦੂਸਰੀ ਵੱਡੀ ਤਬਦੀਲੀ ਇਹ ਹੈ ਕਿ ਸਮੇਂ ਦੀ ਕਿੱਲਤ ਕਾਰਨ ਪ੍ਰਬੰਧਕਾਂ ਵੱਲੋਂ ਇਸ ਵਾਰ ਦੌੜਾਕਾਂ ਨੂੰ ਟੀ-ਸ਼ਰਟਾਂ ਮੁਹੱਈਆ ਨਹੀਂ ਕੀਤੀਆਂ ਗਈਆਂ। ਉਂਜ ਵੀ ਇਸ ਦੌੜ ਵਿਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਦੌੜਾਕ ਵੱਖ-ਵੱਖ ਦੌੜ-ਕਲੱਬਾਂ ਅਤੇ ਖੇਡ-ਅਦਾਰਿਆਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਦੀਆਂ ਆਪਣੀਆਂ ਲੋਗੋ ਵਾਲੀਆਂ ਟੀ-ਸ਼ਰਟਾਂ ਹਨ। ਉਹ ਆਪੋ-ਆਪਣੀਆਂ ਕਲੱਬਾਂ ਤੇ ਅਦਾਰਿਆਂ ਦੀਆਂ ਟੀ-ਸ਼ਰਟਾਂ ਜਾਂ ਆਪਣੀ ਮਨਮਰਜ਼ੀ ਦੀਆਂ ਟੀ-ਸ਼ਰਟਾਂ ਵੀ ਪਹਿਨ ਸਕਦੇ ਹਨ। ਹਵਾ ਵਿਚ ਨਮੀ ਦੀ ਮਾਤਰਾ ਵਧੇਰੇ ਹੋਣ ਕਾਰਨ ਉਸ ਦਿਨ ਭਾਦਰੋਂ ਮਹੀਨੇ ਦੇ ਹੁੱਸੜ ਵਰਗੀ ਸਖ਼ਤ ਗਰਮੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਤੋਂ ਬਚਾਅ ਲਈ ਪ੍ਰਬੰਧਕਾਂ ਵੱਲੋਂ ਦੌੜਾਕਾਂ ਤੇ ਵਾੱਕਰਾਂ ਨੂੰ ਸਨ-ਸਕਰੀਨ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਦੌੜਾਕਾਂ ਤੇ ਵਾੱਕਰਾਂ ਦੀ ਸਹੂਲਤ ਲਈ ਰਸਤੇ ਵਿਚ ਵੱਖ-ਵੱਖ ਵਾਟਰ-ਸਟੇਸ਼ਨਾਂ 'ਤੇ ਪ੍ਰਬੰਧਕਾਂ ਵੱਲੋਂ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾ ਰਿਹਾ ਹੈ।

# ਫਾਦਰ ਟੌਬਿਨ ਸੀਨੀਅਰਜ਼ ਕਲੱਬ ਨੇ ਭਾਰਤ ਦਾ ਸੁਤੰਤਰਤਾ ਦਿਵਸ ਅਤੇ ਤੀਆਂ ਦਾ ਤਿਉਹਾਰ ਮਨਾਇਆ




ਪਿਛਲੇ ਦਿਨੀਂ ਫਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ ਭਾਰਤ ਦਾ ਸੁਤੰਤਰਤਾ ਦਿਵਸ ਅਤੇ ਬੀਬੀਆਂ ਲਈ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੜੇ ਹੀ ਸਤਿਕਾਰ ਨਾਲ ਤਿਰੰਗਾ ਝੰਡਾ ਲਹਿਰਾਇਆ ਗਿਆ। ਮੁੱਖ ਤੌਰ ’ਤੇ ਪ੍ਰਿੰਸੀਪਲ ਰਾਮ ਸਿੰਘ ਕੁਲਾਰ, ਬੀਬੀ ਬਲਵੀਰ ਕੌਰ ਸੋਹੀ (ਸਕੂਲ ਟਰੱਸਟੀ), ਸ: ਹਰਕੀਰਤ ਸਿੰਘ (ਸਿਟੀ ਕੌਂਸਲਰ) ਅਤੇ ਕੁਝ ਹੋਰ ਬੁਲਾਰਿਆਂ ਨੇ ਸ਼ਮੂਲੀਅਤ ਕੀਤੀ। ਸ: ਕਰਤਾਰ ਸਿੰਘ ਚਾਹਲ ਨੇ ਵਿਸਤ੍ਰਿਤ ਰੂਪ ਵਿਚ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦ ਭਾਰਤ ਦੀਆਂ ਪ੍ਰਸ਼ਾਸਨਿਕ ਤਰੁੱਟੀਆਂ ਬਾਰੇ ਲੰਬੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਸਮੇਂ ਦੀ ਘਾਟ ਕਾਰਨ ਸ: ਰਾਮ ਸਿੰਘ ਕੁਲਾਰ ਨੇ ਕੁੰਜੀਵਤ ਭਾਸ਼ਣ ਵਿਚ ਗਾਗਰ ਵਿੱਚ ਸਾਗਰ ਬੰਦ ਕਰਦਿਆਂ ਲੋਕਾਂ ਦੀ ਇਕਾਗਰਤਾ ਬਣਾਈ ਰੱਖੀ। ਸੰਖੇਪ ਸਮੇਂ ਵਿੱਚ ਇਹ ਸਮਾਗਮ ਸਮਾਪਤ ਹੋਇਆ। ਇਸ ਮੌਕੇ ਚਾਹ, ਸਮੋਸੇ, ਮਠਿਆਈਆਂ ਤੇ ਕੋਲਡ ਡਰਿੰਕਸ ਦਾ ਖੁੱਲ੍ਹਾ ਲੰਗਰ ਚੱਲ ਰਿਹਾ ਸੀ। ਚਾਹ ਦਾ ਪ੍ਰਬੰਧ ਹਰ ਵਾਰ ਦੀ ਤਰ੍ਹਾਂ ਬੀਬੀ ਭਜਨ ਕੌਰ ਢਡਵਾਲ ਦੇ ਪਰਿਵਾਰ ਵਲੋਂ ਕੀਤਾ ਗਿਆ ਸੀ। ਸ: ਅਮਰਜੀਤ ਸਿੰਘ ਬੋਪਾਰਾਏ, ਹਰੀ ਸਿੰਘ ਗਿੱਲ, ਗੁਰਮੀਤ ਸਿੰਘ ਸੰਧੂ, ਟਹਿਲ ਸਿੰਘ ਮੁੰਡੀ, ਗੁਰਮੇਲ ਸਿੰਘ ਗਿੱਲ, ਮਲਕੀਤ ਸਿੰਘ ਸੰਧੂ ਨੇ ਲਗਾਤਾਰ ਚਾਹ ਪਾਣੀ ਦੀ ਸੇਵਾ ਨਿਭਾਈ। ਸ: ਇਕਬਾਲ ਸਿੰਘ ਘੋਲੀਆ (ਸੀਨੀਅਰ ਮੀਤ ਪ੍ਰਧਾਨ) ਅਤੇ ਰਣਜੀਤ ਸਿੰਘ ਤੱਗੜ (ਸਾਬਕਾ ਪ੍ਰਧਾਨ) ਨੇ ਸਾਰੇ ਪ੍ਰਬੰਧਾਂ ਦੀ ਦੇਖ ਰੇਖ ਕੀਤੀ। ਇਸ ਉਪਰੰਤ ਤੀਆਂ ਦਾ ਪਿੜ ਜੰਮ ਚੁੱਕਿਆ ਸੀ। ਸਾਰੇ ਏਰੀਆ ਦੀਆਂ ਬੀਬੀਆਂ ਭੈਣਾਂ ਬੱਚਿਆਂ ਨੇ ਗਿੱਧੇ ਵਿੱਚ ਸ਼ਮੂਲੀਅਤ ਕੀਤੀ। ਜਿਵੇਂ-ਜਿਵੇਂ ਗਿੱਧੇ ਦੀ ਧਮਾਲ ਪੈਂਦੀ ਗਈ, ਬੀਬੀਆਂ ਦੀ ਗਿਣਤੀ ਵਿਚ ਵੀ ਲਗਾਤਾਰ ਵਾਧਾ ਹੁੰਦਾ ਗਿਆ। ਸ਼ਾਮ ਕਰੀਬ ਸਾਢੇ ਸੱਤ ਵਜੇ ਇਸ ਤੀਆਂ ਦੇ ਸਮਾਗਮ ਦੀ ਸਮਾਪਤੀ ਹੋਈ। ਇਸ ਸਫ਼ਲ ਸਮਾਗਮ ਦੀਆਂ ਯਾਦਾਂ ਦਿਲ ਵਿਚ ਸਮੋਏ ਬੀਬੀਆਂ ਰਵਾਂ-ਰਵੀਂ ਘਰਾਂ ਨੂੰ ਰਵਾਨਾ ਹੋਈਆਂ। ਇਸ ਆਸ ਨਾਲ ਕਿ ਅਗਲੇ ਸਾਲ ਇਸ ਤੋਂ ਵੀ ਵਧੀਆ ਸਮਾਗਮ ਹੋਵੇਗਾ। ਤੀਆਂ ਦੇ ਸਮਾਗਮ ਦੀ ਸਫ਼ਲਤਾ ਵਿਚ ਬੀਬੀਆਂ ਦਾ ਵੱਡਾ ਯੋਗਦਾਨ ਸੀ।

# ਫਿਲਮੀ ਦੁਨੀਆ

## ਭੂਮਿਕਾਵਾਂ ਬਾਰੇ ਖੁਸ਼ਕਿਸਮਤ ਰਹੀ ਹਾਂ : ਅਨੁਜਾ ਸਾਠੇ



ਵੈੱਬ ਸੀਰੀਜ਼ 'ਮਹਾਰਾਣੀ' ਦਾ ਦੂਸਰਾ ਸੀਜ਼ਨ ਪਿੱਛੇ ਜਿਹੇ ਰਿਲੀਜ਼ ਹੋਇਆ ਹੈ। ਇਸ ਵਾਰ ਅਨੁਜਾ ਸਾਠੇ ਇਸ ਵਿੱਚ ਨਜ਼ਰ ਆ ਰਹੀ ਹੈ। ਇਸ ਸੀਰੀਜ਼ ਵਿੱਚ ਇੱਕ ਸਿਆਸੀ ਉਮੀਦਵਾਰ ਕੀਰਤੀ ਸਿੰਘ ਦੀ ਭੂਮਿਕਾ ਨਿਭਾ ਰਹੀ ਅਨੁਜਾ ਕਹਿੰਦੀ ਹੈ,''ਮੈਂ ਹਮੇਸ਼ਾ ਤੋਂ ਭੂਮਿਕਾਵਾਂ ਬਾਰੇ ਖੁਸ਼ਕਿਸਮਤ ਰਹੀ ਹਾਂ। ਦਰਸ਼ਕ ਇਸ ਸੀਰੀਜ਼ ਵਿੱਚ ਵੀ ਮੈਨੂੰ ਇੱਕ ਨਵੇਂ ਅੰਦਾਜ਼ ਵਿੱਚ ਦੇਖ ਰਹੇ ਹਨ। ਮੈਂ ਅਸਲ ਜ਼ਿੰਦਗੀ ਵਿੱਚ ਜੋ ਹਾਂ, ਇਹ ਰੋਲ ਉਸ ਤੋਂ ਬਿਲਕੁਲ ਉਲਟ ਹੈ। ਇਸ ਲਈ ਅਭਿਨੇਤਰੀ ਦੇ ਰੂਪ ਵਿੱਚ ਇਹ ਮੇਰੇ ਲਈ ਚੁਣੌਤੀਪੂਰਨ ਅਤੇ ਸੰਤੋਖਜਨਕ ਤਜਰਬਾ ਸੀ। ਮੈਨੂੰ ਆਪਣੀ ਭੂਮਿਕਾ ਦੇ ਵੱਖ ਵੱਖ ਪਹਿਲੂਆਂ ਨੂੰ ਨਿਭਾਉਂਦੇ ਹੋਏ ਖੁਦ ਨੂੰ ਬਦਲਣਾ ਪਿਆ।'' ਉਸ ਦਾ ਮੰਨਣਾ ਹੈ ਕਿ ਓ ਟੀ ਟੀ ਨੇ ਔਰਤਾਂ ਲਈ ਭੂਮਿਕਾਵਾਂ ਨੂੰ ਫਿਰ ਪਰਿਭਾਸ਼ਤ ਕੀਤਾ ਹੈ। ਉਹ ਕਹਿੰਦੀ ਹੈ, ''ਮੈਂ ਅੱਜ ਦੇ ਸਮੇਂ ਵਿੱਚ ਕੰਮ ਕਰ ਕੇ ਸ਼ਾਨਦਾਰ ਮਹਿਸੂਸ ਕਰਦੀ ਹਾਂ, ਜਦੋਂ ਦਰਸ਼ਕ ਮਹਿਲਾ ਕੇਂਦਰਿਤ ਕਹਾਣੀਆਂ ਨੂੰ ਦੇਖਣਾ ਚਾਹੁੰਦੇ ਹਨ। ਮੈਂ ਖੁਸ਼ਕਿਸਮਤ ਹਾਂ ਕਿ ਅਜਿਹੇ ਯੁੱਗ ਵਿੱਚ ਪੈਦਾ ਹੋਈ ਹਾਂ ਕਿ ਸਾਨੂੰ ਹਰ ਤਰ੍ਹਾਂ ਦਾ ਮੰਚ ਮਿਲਦਾ ਹੈ। ਮੈਨੂੰ ਬਹੁਤ ਵਧੀਆ ਲੱਗਦਾ ਹੈ ਅਤੇ ਮੈਂ ਇਸੇ ਗਤੀ ਨਾਲ ਅੱਗੇ ਵਧਣਾ ਪਸੰਦ ਕਰਾਂਗੀ।''ਇਸ ਤੋਂ ਪਹਿਲਾਂ ਅਨੁਜਾ ਨੇ ਲੋਕਪ੍ਰਿਅ ਵੈੱਬ ਸੀਰੀਜ਼ 'ਏਕ ਥੀ ਬੇਗ਼ਮ' ਵਿੱਚ ਮਾਫੀਆ ਕਵੀਨ ਦੀ ਭੂਮਿਕਾ ਭਿਾਉਣ ਲਈ ਪ੍ਰਸਿੱਧੀ ਖੱਟੀ ਸੀ। ਉਹ 'ਬਾਜੀਰਾਓ ਮਸਤਾਨੀ' ਅਤੇ 'ਪਰਮਾਣੂ : ਦ ਸਟੋਰੀ ਆਫ ਪੋਖਰਣ' ਆਦਿ ਵਿੱਚ ਵੀ ਕੰਮ ਕਰ ਚੁੱਕੀ ਹੈ।

## ਫਿਲਮ 'ਭਾਈਜਾਨ' ਲਈ ਚਾਰ ਦਿਨ ਲੱਦਾਖ ਵਿੱਚ ਸ਼ੂਟਿੰਗ ਕਰਨਗੇ ਸਲਮਾਨ-ਪੂਜਾ



ਸਲਮਾਨ ਖਾਨ ਹਾਲ ਹੀ ਵਿੱਚ ਪੂਜਾ ਹੇਗੜੇ ਨਾਲ ਮੁੰਬਈ ਏਅਰਪੋਰਟ ਉੱਤੇ ਦਿਖਾਈ ਦਿੱਤੇ। ਸੂਤਰਾਂ ਮੁਤਾਬਕ ਦੋਵੇਂ ਆਪਣੀ ਆਉਣ ਵਾਲੀ ਫਿਲਮ 'ਭਾਈਜਾਨ' ਦੇ ਇੱਕ ਰੋਮਾਂਟਿਕ ਨੰਬਰ ਦੀ ਸ਼ੂਟਿੰਗ ਕਰਨ ਲਈ ਲੇਹ ਲੱਦਾਖ ਗਏ ਹਨ। ਦੋਵੇਂ ਇਸ ਰੋਮਾਂਟਿਕ ਨੰਬਰ ਲਈ ਲੱਦਾਖ ਦੀਆਂ ਕੁਝ ਖੂਬਸੂਰਤ ਲੋਕੇਸ਼ਨਾਂ ਉਤੇ ਸ਼ੂਟਿੰਗ ਕਰਨਗੇ।

ਸੂਤਰਾਂ ਮੁਤਾਬਕ 'ਸਲਮਾਨ ਉਨ੍ਹਾਂ ਕਲਾਕਾਰਾਂ ਵਿੱਚੋਂ ਹੈ ਜੋ ਇੰਟਰਨੈਸ਼ਨਲ ਲੋਕੇਸ਼ਨ ਦੀ ਬਜਾਏ ਭਾਰਤ ਦੀਆਂ ਖੂਬਸੂਰਤ ਲੋਕੇਸ਼ਨਾਂ ਉੱਤੇ ਸ਼ੂਟ ਕਰਨਾ ਪਸੰਦ ਕਰਦੇ ਹਨ। ਸਲਮਾਨ ਦਾ ਮੰਨਣਾ ਹੈ ਕਿ ਭਾਰਤ ਵਰਗੇ ਲੈਂਡਸਕੇਪ ਕਿਸੇ ਦੂਸਰੇ ਦੇਸ਼ ਵਿੱਚ ਨਹੀਂ ਹਨ। ਉਹ ਅਕਸਰ ਉੱਤਰ ਵਿੱਚ ਸ਼ੂਟ ਕਰਨਾ ਪਸੰਦ ਕਰਦੇ ਹਨ, ਜਿੱਥੇ ਸ਼ੂਟ ਲੈਂਡਸਕੇਪ ਬੰਜਰ ਜ਼ਮੀਨ ਤੋਂ ਬਰਫ ਨਾਲ ਢੱਕੇ ਪਹਾੜਾਂ ਅਤੇ ਵਿਦੇਸ਼ੀ ਜੰਗਲਾਂ ਤੱਕ ਅਲੱਗ ਹੀ ਹੁੰਦਾ ਹੈ। ਜਦ ਟੀਮ ਫਿਲਮ ਦੇ ਰੋਮਾਂਟਿਕ ਨੰਬਰ ਨੂੰ ਸ਼ੂਟ ਕਰਨ ਲਈ ਲੋਕੇਸ਼ਨ ਲੱਭ ਰਹੀ ਸੀ ਤਾਂ ਸਲਮਾਨ ਨੇ ਲੱਦਾਖ ਸਜੈਸਟ ਕੀਤਾ।

## ਟਾਈਗਰ ਦੇ ਆਪੋਜ਼ਿਟ 'ਬੜੇ ਮੀਆਂ, ਛੋਟੇ ਮੀਆਂ' ਵਿੱਚ ਨਜ਼ਰ ਆ ਸਕਦੀ ਹੈ ਸ਼ਰਧਾ ਕਪੂਰ



ਅਕਸ਼ੈ ਕੁਮਾਰ ਅਤੇ ਟਾਈਗਰ ਸ਼ਰਾਫ ਆਪਣੀ ਫਿਲਮ 'ਬੜੇ ਮੀਆਂ, ਛੋਟੇ ਮੀਆਂ' ਨਾਲ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਏ ਹਨ। ਜਾਣਕਾਰੀ ਆ ਰਹੀ ਹੈ ਕਿ ਇਸ ਫਿਲਮ ਵਿੱਚ ਟਾਈਗਰ ਦੇ ਆਪੋਜ਼ਿਟ ਸ਼ਰਧਾ ਕਪੂਰ ਨਜ਼ਰ ਆ ਸਕਦੀ ਹੈ। ਅਜੇ ਇਸ ਬਾਰੇ ਕੋਈ ਅਧਿਕਾਰਕ ਜਾਣਕਾਰੀ ਨਹੀਂ ਮਿਲੀ, ਪਰ ਸ਼ਰਧਾ ਨੂੰ ਲਗਭਗ ਫਾਈਨਲ ਮੰਨਿਆ ਜਾ ਰਿਹਾ ਹੈ। ਜੇ ਸ਼ਰਧਾ ਦੀ ਫਿਲਮ ਵਿੱਚ ਐਂਟਰੀ ਹੁੰਦੀ ਹੈ ਤਾਂ ਇਹ ਦੂਸਰਾ ਮੌਕਾ ਹੋਵੇਗਾ। ਡਾਇਰੈਕਟਰ ਅਲੀ ਅੱਬਾਸ ਜ਼ਫਰ ਫਿਲਮ ਦੀ ਸ਼ੂਟਿੰਗ ਸਕਾਟਲੈਂਡ, ਆਸਟਰੀਅਨ, ਆਲਪਸ, ਸਾਊਦੀ ਅਰਬ ਤੇ ਲੰਡਨ ਵਿੱਚ ਕਰਨਾ ਚਾਹੁੰਦੇ ਹਨ। ਅੱਜਕੱਲ੍ਹ ਇਹ ਫਿਲਮ ਪ੍ਰੀ ਪ੍ਰੋਡਕਸ਼ਨ ਦੌਰ ਵਿੱਚ ਹੈ ਤੇ ਜਨਵਰੀ 2023 ਵਿੱਚ ਇਸ ਦੀ ਸ਼ੂਟਿੰਗ ਸ਼ੁਰੂ ਹੋ ਸਕਦੀ ਹੈ।

## ਫਿਲਮ 'ਮਿਸੇਜ਼ ਫਲਾਨੀ' ਵਿੱਚ ਨੌਂ ਕਿਰਦਾਰਾਂ ਵਿੱਚ ਆਏਗੀ ਸਵਰਾ ਭਾਸਕਰ



ਸ਼੍ਰੀ ਏਰੋਜ਼ ਪ੍ਰੋਡਕਸ਼ਨ ਆਪਣੀ ਪਹਿਲੀ ਫੀਚਰ ਫਿਲਮ ਬਣਾਉਣ ਵਾਲਾ ਹੈ। ਇਸ ਦਾ ਨਾਂਅ 'ਮਿਸਿਜ਼ ਫਲਾਨੀ' ਹੈ। ਇਸ ਫਿਲਮ ਵਿੱਚ ਸਵਰਾ ਭਾਸਕਰ ਲੀਡ ਰੋਲ ਵਿੱਚ ਆਏਗੀ। ਫਿਲਮ ਦੇ ਨਿਰਮਾਤਾ ਰਾਕੇਸ਼ ਡਾਂਗ, ਮਨੀਸ਼ ਕਿਸ਼ੋਰ, ਮਧੁਕਰ ਵਰਮਾ ਅਤੇ ਸੋਫੀਆ ਅਗਰਵਾਲ ਹਨ। ਇਸ ਵਿੱਚ ਸਵਰਾ ਨੌਂ ਅਲੱਗ-ਅਲੱਗ ਕਹਾਣੀਆਂ ਵਿੱਚ, ਨੌਂ ਅਲੱਗ ਅਲੱਗ ਤਰ੍ਹਾਂ ਦੇ ਰੋਲ ਨਿਭਾਉਣ ਵਾਲੀ ਹੈ। ਇਸ ਫਿਲਮ ਬਾਰੇ ਸਵਰਾ ਨੇ ਕਿਹਾ, ''ਮੈਂ ਅੱਜ ਤੱਕ ਦੀਆਂ ਆਪਣੀਆਂ ਸਭ ਫਿਲਮਾਂ ਵਿੱਚ ਅਲੱਗ-ਅਲੱਗ ਰੋਲ ਨਿਭਾਏ ਹਨ, ਪਰ ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਨੂੰ ਨੌਂ ਅਲੱਗ-ਅਲੱਗ ਤਰ੍ਹਾਂ ਦੇ ਕਿਰਦਾਰ ਨਿਭਾਉਣ ਦਾ ਮੌਕਾ ਮਿਲੇਗਾ। ਮੈਂ ਪਹਿਲੀ ਵਾਰ ਨੌਂ ਛੋਟੀਆਂ ਅਲੱਗ ਅਲੱਗ ਫਿਲਮਾਂ ਵਿੱਚ ਨੌਂ ਅਲੱਗ ਅਲੱਗ ਕਿਰਦਾਰ ਨਿਭਾਉਣ ਜਾ ਰਹੀ ਹਾਂ। ਇਸ ਫਿਲਮ ਦੀ ਲੇਖਿਕਾ ਸ਼ਵੇਤਾ ਰੂਬੀ ਹੈ।''

## ਅਗਲੇ ਸਾਲ ਆਜ਼ਾਦੀ ਦਿਨ ਮੌਕੇ ਰਿਲੀਜ਼ ਹੋਵੇਗੀ ਜਾਨ ਦੀ 'ਤਾਰਿਕ'



ਜਾਨ ਅਬਰਾਹਮ ਨੇ ਸੁਤੰਤਰਤਾ ਦਿਵਸ ਮੌਕੇ ਨਵੀਂ ਫਿਲਮ ਦਾ ਐਲਾਨ ਕਰ ਦਿੱਤਾ ਹੈ। ਉਸ ਦੀ ਇਸ ਫਿਲਮ ਦਾ ਨਾਂਅ 'ਤਾਰਿਕ' ਹੈ। ਇਸ ਦੀ ਜਾਣਕਾਰੀ ਜਾਨ ਨੇ ਖੁਦ ਸੋਸ਼ਲ ਮੀਡੀਆ ਉਤੇ ਪੋਸਟ ਸ਼ੇਅਰ ਕਰ ਕੇ ਦਿੱਤੀ ਹੈ। ਜਾਨ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਫਿਲਮ ਅਗਲੇ ਸਾਲ 15 ਅਗਸਤ ਨੂੰ ਸੁਤੰਤਰਤਾ ਦਿਵਸ ਮੌਕੇ ਰਿਲੀਜ਼ ਹੋਵੇਗੀ। ਜਾਨ ਇਸ ਫਿਲਮ ਵਿੱਚ ਐਕਟਿੰਗ ਦੇ ਇਲਾਵਾ ਇਸ ਨੂੰ ਕੋ-ਪ੍ਰੋਡਿਊਸ ਵੀ ਕਰ ਰਹੇ ਹਨ।

ਜਾਨ ਨੇ ਫਿਲਮ ਦੀ ਰਿਲੀਜ਼ ਡੇਟ ਅਨਾਊਂਸਮੈਂਟ ਪੋਸਟਰ ਸ਼ੇਅਰ ਕਰ ਕੇ ਲਿਖਿਆ, ''ਆਜ਼ਾਦੀ ਦੀ 'ਤਾਰਿਕ' 15 ਅਗਸਤ 2023 'ਤਹਿਰਾਨ' 'ਬਾਟਲਾ ਹਾਊਸ' ਦੇ ਬਾਅਦ 'ਤਾਰਿਕ' ਬੇਕ ਮਾਈ ਕੇਕ ਫਿਲਮਜ਼ ਦੇ ਨਾਲ ਸਾਡਾ ਅਗਲਾ ਸਹਿਯੋਗ ਹੈ। ਚੰਗੀਆਂ ਕਹਾਣੀਆਂ ਕਹਿਣ ਦੀ ਆਜ਼ਾਦੀ ਦਾ ਜਸ਼ਨ ਮਨਾਉਣ ਦਾ ਸਮਾਂ। ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ।'' ਇਸ ਦਾ ਡਾਇਰੈਕਸ਼ਨ ਅਰੁਣ ਗੋਪਾਲਨ ਕਰ ਰਹੇ ਹਨ। ਫਿਲਮ ਨੂੰ ਜਾਨ, ਸੰਦੀਪ ਲੇਜੇਲ ਅਤੇ ਸ਼ੋਭਨਾ ਯਾਦਵ ਮਿਲ ਕੇ ਪ੍ਰੋਡਿਊਸ ਕਰ ਰਹੇ ਹਨ। ਫਿਲਮ ਦੀ ਕਹਾਣੀ ਲਲਿਤ ਮਰਾਠੇ ਨੇ ਲਿਖੀ ਹੈ।

## ਜੋ ਹੁੰਦਾ ਹੈ ਚੰਗੇ ਲਈ ਹੁੰਦਾ ਹੈ : ਵਿੱਕੀ ਕੌਸ਼ਲ



ਇੱਕ ਚੈਟ ਸ਼ੋਅ ਵਿੱਚ ਕੈਟਰੀਨਾ ਕੈਫ ਨਾਲ ਵਿਆਹੁਤਾ ਜ਼ਿੰਦਗੀ ਦੇ ਬਾਰੇ ਗੱਲ ਕਰਨ ਤੋਂ ਇਲਾਵਾ ਵਿੱਕੀ ਨੇ ਆਪਣੀਆਂ ਦੋ ਵੱਡੇ ਬਜਟ ਦੀਆਂ ਫਿਲਮਾਂ ਦੇ ਬੰਦ ਹੋਣਬਾਰੇ ਖੁੱਲ੍ਹੀ ਗੱਲ ਕੀਤੀ। ਜ਼ਿਕਰਯੋਗ ਹੈ ਕਿ ਵਿੱਕੀ ਨੂੰ ਲੈ ਕੇ ਦੋ ਵੱਡੀਆਂ ਫਿਲਮਾਂ ਦਾ ਐਲਾਨ ਲਗਭਗ ਚਾਰ ਸਾਲ ਪਹਿਲਾਂ ਹੋਇਆ ਸੀ, ਜਿਨ੍ਹਾਂ ਵਿੱਚੋਂ ਇੱਕ ਕਰਣ ਜੌਹਰ ਦੀ ਆਪਣੀ 'ਤਖਤ' ਸੀ, ਜਿਸ ਨਾਲ ਕਰਣ ਨਿਰਦੇਸ਼ਨ ਵਿੱਚ ਵਾਪਸੀ ਕਰਨ ਵਾਲਾ ਸੀ, ਪਰ ਇਹ ਫਿਲਮ ਓਵਰ ਬਜਟ ਕਾਰਨ ਬੰਦ ਹੋ ਗਈ। ਦੂਸਰੀ ਫਿਲਮ 'ਅਸ਼ਵਥਾਮਾ' ਸੀ। 'ਉੜੀ' ਦੀ ਇੱਕ ਸਾਲ ਦੀ ਵਰ੍ਹੇਗੰਢ ਉੱਤੇ ਇਸ ਦਾ ਐਲਾਨ ਹੋਇਆ ਸੀ। ਇੱਕ ਸੁਪਰਹੀਰੋ ਐਕਸ਼ਨ ਫਿਲਮ ਵਜੋਂ ਐਲਾਨੀ ਇਸ ਫਿਲਮ ਦਾ ਨਿਰਦੇਸ਼ਨ ਆਦਿਤਿਆ ਧਰ ਕਰ ਰਹੇ ਸਨ।

ਵਿੱਕੀ ਨੇ ਇਨ੍ਹਾਂ ਦੇ ਬੰਦ ਹੋਣ ਬਾਰੇ ਕਿਹਾ, ''ਦੋਵਾਂ ਦੇ ਬੰਦ ਹੋਣ ਦਾ ਕਾਰਨ ਸਿਰਫ ਕੋਵਿਡ ਹੈ। ਫਿਲਮ ਬੰਦ ਹੋਣ ਕਾਰਨ ਇਮੋਸ਼ਨਲ ਤੌਰ ਉੱਤੇ ਮੈਂ ਕਾਫੀ ਨਿਰਾਸ਼ ਹੋਇਆ ਸੀ। ਦੋਵੇਂ ਫਿਲਮਾਂ ਬਹੁਤ ਚੰਗੀਆਂ ਸਨ, ਪਰ ਦੋਵਾਂ ਦੇ ਫਲੋਰ ਉੱਤੇ ਜਾਣ ਦਾ ਸਮਾਂ ਵੱਖਰਾ ਸੀ। ਮੈਨੂੰ ਯਾਦ ਹੈ ਕਿ ਜਦੋਂ 'ਅਸ਼ਵਥਾਮਾ' ਬੰਦ ਹੋਈ ਤਾਂ ਮੈਂ ਸ਼ਸ਼ਾਂਕ ਨਾਲ 'ਗੋਵਿੰਦਾ ਨਾਮ ਮੇਰਾ' ਦੀ ਸ਼ੂਟਿੰਗ ਕਰ ਰਿਹਾ ਸੀ। ਮੈਨੂੰ ਫੋਨ ਆਇਆ ਕਿ ਫਿਲਹਾਲ ਫਿਲਮ ਨੂੰ ਠੰਢੇ ਬਸਤੇ ਵਿੱਚ ਪਾ ਰਹੇ ਹਾਂ। ਉਸ ਸਮੇਂ ਮੇਰੇ ਕੋਲ ਮੇਰਾ ਟ੍ਰੇਨਰ ਸੀ ਅਤੇ ਮੈਂ ਉਸ ਨੂੰ ਇਹ ਸਭ ਦੱਸਿਆ। ਟ੍ਰੇਨਰ ਨੇ ਕਿਹਾ ਕਿ ਚਲੋ ਜਿੰਮ ਚੱਲਦੇ ਹਾਂ ਅਤੇ ਉਸ ਦਿਨ ਮੈਂ ਸਭ ਤੋਂ ਵੱਧ ਹਾਰਡ ਐਕਸਰਸਾਈਜ਼ ਕੀਤੀ। ਇਹੀ ਉਹ ਫਿਲਮ ਸੀ, ਜਿਸ ਦੇ ਲਈ ਮੈਂ ਲਗਭਗ ਦੋ ਸਾਲਾਂ ਤੱਕ ਤਿਆਰੀ ਕੀਤੀ ਸੀ। ਅਸੀਂ ਜਲਦੀ ਹੀ ਫਿਲਮ ਦੀ ਸ਼ੂਟਿੰਗ ਕਰਨ ਵਾਲੇ ਸੀ।''ਉਸ ਨੇ ਅੱਗੇ ਕਿਹਾ, 'ਨਿਰਾਸ਼ਾ ਮੇਰੇ ਨਾਲ ਸਿਰਫ ਇੱਕੋ ਦਿਨ ਲਈ ਰਹਿੰਦੀ ਹੈ, ਜੋ ਹੁੰਦਾ ਹੈ, ਚੰਗੇ ਲਈ ਹੀ ਹੁੰਦਾ ਹੈ।''















FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017